# ਵਿਗਿਆਨ ਜੋਤ

ਸਾਲ 6, ਅੰਕ : 3

ਜੂਨ-ਜੁਲਾਈ, 2011

PUNPUN/2006/17457

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ : ਅਜਮੇਰ ਸਿੱਧੂ
ਸਹਿ ਸੰਪਾਦਕ : ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ



**ਸੰਪਾਦਕੀ ਬੋਰਡ**
* ਮੇਘ ਰਾਜ ਰੱਲਾ
* ਰਾਜਾ ਰਾਮ ਹੰਢਿਆਇਆ
* ਹਰਪਿੰਦਰ ਬਰਾੜ (ਕੈਨੇਡਾ)
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਵਿਸ਼ਾਲ ਭਾਰਤੀ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744
Email : tarksheel@yahoo.com
Web site : www.tarksheel.com



***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਏਗਾ।


## ਸੰਪਾਦਕੀ

# ਸਾਂਈ ਬਾਬਾ ਨੂੰ ਤਰਕਸ਼ੀਲਾਂ ਦੀ 'ਸ਼ਰਧਾਂਜਲੀ'

**ਮੇਘ ਰਾਜ ਮਿੱਤਰ**

ਅਸੀਂ ਸਾਂਈ ਬਾਬੇ ਨੂੰ 'ਸਰਧਾਂਜਲੀ' ਦੇਣਾ ਚਾਹੁੰਦੇ ਸੀ। ਅਸੀਂ ਉਸਦੀਆਂ ਚਲਾਕੀਆਂ ਦੇ ਪਰਦੇਫਾਸ਼ ਕਰਨ ਵਾਲੀਆਂ ਕੁਝ ਫਿਲਮਾਂ ਦਾ ਲਿੰਕ ਤਰਕਸ਼ੀਲ ਸੁਸਾਇਟੀ ਦੀ ਫੇਸ ਬੁੱਕ ਤੇ ਪਾਇਆ ਤਾਂ ਕੁਝ ਵਿਅਕਤੀ ਸਾਨੂੰ ਕਹਿਣ ਲੱਗੇ "ਹੁਣ ਤਾਂ ਸਾਂਈ ਬਾਬਾ ਮਰ ਗਿਆ ਹੈ ਹੁਣ ਤਾਂ ਉਸਦਾ ਖਹਿੜ੍ਹਾ ਛੱਡ ਦੇਵੋ।" ਸਾਂਈ ਬਾਬੇ ਨਾਲ ਸਾਡੀ ਕੋਈ ਵੀ ਨਿਜੀ ਦੁਸ਼ਮਣੀ ਨਹੀਂ ਸੀ। ਪਰ ਫਿਰ ਵੀ ਅਸੀਂ ਉਸਦੇ ਵਿਰੋਧੀ ਸਾਂ ਤੇ ਵਿਰੋਧੀ ਹਾਂ ਤੇ ਵਿਰੋਧੀ ਰਹਾਂਗੇ। ਸਾਂਈ ਬਾਬੇ ਦੇ ਮਰਨ ਨਾਲ ਨਾ ਤਾਂ ਉਸਦੀ ਵਿਚਾਰਧਾਰਾ ਖਤਮ ਹੋਈ ਹੈ ਨਾ ਹੀ ਉਸਦੀ ਵਿਚਾਰਧਾਰਾ ਦੁਆਰਾ ਕੀਤੀ ਜਾਂਦੀ ਲੋਕਾਂ ਦੀ ਲੁੱਟ ਖਸੁੱਟ। ਸਾਡਾ ਇਹ ਜਹਾਦ ਉਨ੍ਹਾਂ ਚਿਰ ਚਲਦਾ ਹੀ ਰਹੂਗਾ, ਜਿਨ੍ਹਾਂ ਚਿਰ ਇਥੇ ਭੋਲੇ-ਭਾਲੇ ਲੋਕਾਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਲੁੱਟ-ਖਸੁੱਟ ਜਾਰੀ ਰਹੂਗੀ।

ਹੇਠ ਲਿਖੇ ਪੰਜ ਕਾਰਨ ਹਨ ਜੋ ਸਾਨੂੰ ਇਸ ਗੱਲ ਲਈ ਮਜ਼ਬੂਰ ਕਰਦੇ ਹਨ ਕਿ ਸਾਂਈ ਬਾਬੇ ਦਾ ਵਿਰੋਧ ਜਾਰੀ ਰੱਖਣਾ ਚਾਹੀਦਾ ਹੈ।

1. **ਸਿਆਸੀ ਕਾਰਨ** :- ਸਾਡਾ ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ, ਇੱਕ ਹੈ ਅਮੀਰਾਂ ਦੀ ਜਮਾਤ ਤੇ ਦੂਜੀ ਹੈ ਗਰੀਬਾਂ ਦੀ ਜਮਾਤ। ਅਮੀਰਾਂ ਦੀ ਜਮਾਤ ਘੱਟ ਗਿਣਤੀ ਵਿੱਚ ਹੈ ਤੇ ਗਰੀਬਾਂ ਦੀ ਜਮਾਤ ਵੱਧ ਗਿਣਤੀ ਵਿੱਚ। ਹੁਣ ਅਮੀਰਾਂ ਦੀ ਜਮਾਤ ਨੇ ਆਪਣੀ ਘੱਟ ਗਿਣਤੀ ਨੂੰ ਰਾਜ ਭਾਗ 'ਤੇ ਕਾਬਜ਼ ਹੋਣ ਲਈ ਤੇ ਰੱਖਣ ਲਈ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਹੁੰਦੀਆਂ ਹਨ। ਜਿਵੇਂ ਦੋ ਜੀ ਸਪੈਕਟ੍ਰਮ ਵਿੱਚ ਰਾਡੀਆਂ ਦੀਆਂ ਟੇਪਾਂ ਤੋਂ ਸਪੱਸ਼ਟ ਹੋ ਹੀ ਚੁੱਕਿਆ ਹੈ ਉਹਨਾਂ ਸਕੀਮਾਂ ਵਿੱਚੋਂ ਕੁਝ ਮੁੱਖ ਹਨ-

ਪ੍ਰਚਾਰ ਦੇ ਸਾਧਨਾਂ ਤੇ ਕਬਜ਼ਾ ਕਰਨਾ
ਧਰਮ ਦਾ ਇਸਤੇਮਾਲ ਰਾਜ ਭਾਗ ਲੰਮੇਰਾ ਕਰਨ ਲਈ ਕਰਨਾ
ਲੋਕਾਂ ਨੂੰ ਬਾਬਾ ਵਾਦ ਦੇ ਚੁੰਗਲ ਵਿੱਚ ਫਸਾ ਕੇ ਰੱਖਣਾ।
ਲੋਕਾਂ ਨੂੰ ਜਾਤ ਪਾਤ, ਇਲਾਕਾਵਾਦ ਤੇ ਫਿਰਕਾਪ੍ਰਸਤੀ ਵਿੱਚ ਉਲਝਾਉਣਾ।

ਸੋ ਸਾਂਈ ਬਾਬਾ ਅਮੀਰ ਜਮਾਤਾਂ ਦੀ ਲੋੜ ਸੀ ਤੇ ਹੈ। ਇਸ ਲਈ ਹੀ ਉੱਥੇ ਕਾਂਗਰਸ ਤੇ ਬੀ ਜੇ ਪੀ ਦੇ ਸਾਰੇ ਲੀਡਰ 1947 ਤੋਂ ਲੈ ਕੇ ਲਗਾਤਾਰ ਚੌਕੀਆਂ ਭਰਦੇ ਰਹੇ ਹਨ। ਜਦੋਂ ਵੀ ਕਿਸੇ ਤਰਕਸ਼ੀਲ ਜਾਂ ਵਿਗਿਆਨਕ ਸੋਚ ਵਾਲੇ ਵਿਅਕਤੀ ਜਾਂ ਸੰਸਥਾ ਨੇ ਸਾਂਈਬਾਬੇ ਦੇ ਕਾਰਨਾਮਿਆਂ ਵਿਰੁੱਧ ਕੋਈ ਉਂਗਲੀ ਉਠਾਈ ਹੈ ਤਾਂ ਉਂਗਲੀ ਨੂੰ ਨੀਵੀ ਕਰਨ ਲਈ ਦਬਾਅ ਬਣਾਇਆ ਗਿਆ



ਅਤੇ ਉਸ ਆਵਾਜ਼ ਨੂੰ ਮੀਡੀਆ ਤੇ ਅਫਸਰਸ਼ਾਹੀ ਰਾਹੀਂ ਕੁਚਲਣ ਦੇ ਹੁਕਮ ਚਾੜ ਦਿੱਤੇ ਗਏ। ਬੀ. ਪ੍ਰੇਮਾਨੰਦ ਵਰਗੇ ਮਹਾਨ ਤਰਕਸ਼ੀਲ ਆਪਣੀ ਸਾਰੀ ਉਮਰ ਬਾਬੇ ਦੀਆਂ ਗੱਲਾਂ ਦੇ ਪਰਦੇਫਾਸ਼ ਕਰਦੇ ਰਹੇ ਨੇ ਪਰ ਕਿਸੇ ਨੇ ਵੀ ਉਸਦੀ ਗੱਲ ਨਹੀਂ ਸੁਣੀ।

ਭਾਰਤ ਦਾ ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ, ਪੀ. ਐਨ. ਭਗਵਤੀ ਭਾਰਤ ਦੀ ਸੁਪਰੀਮ ਕੋਰਟ ਦਾ ਸਾਬਕਾ ਮੁੱਖ ਜੱਜ, ਸਿਵਰਾਜ ਪਾਟਿਲ ਸਾਬਕਾ ਕੇਂਦਰੀ ਮੰਤਰੀ ਅਤੇ ਹੋਰ ਬਹੁਤ ਸਾਰੇ ਉਚ ਆਹੁਦਿਆਂ ਤੇ ਬਿਰਾਜਮਾਨ ਵਿਅਕਤੀਆਂ ਨੇ ਇੱਕ ਅਜਿਹੇ ਪੱਤਰ ਤੇ ਦਸਤਖ਼ਤ ਕੀਤੇ, ਜਿਸ ਵਿੱਚ ਕਿਹਾ ਗਿਆ ਸੀ। "ਸਾਨੂੰ ਇਸ ਗੱਲ ਨਾਲ ਬਹੁਤ ਹੀ ਦੁੱਖ ਹੋਇਆ ਹੈ ਕਿ ਕੁਝ ਸੁਆਰਥੀ ਲੋਕਾਂ ਨੇ ਭਗਵਾਨ ਸਾਂਈ ਬਾਬਾ ਵਿਰੁੱਧ ਘਟੀਆ ਕਿਸਮ ਦੇ ਮਨਘੜਤ ਇਲਜ਼ਾਮ ਲਾਏ ਹਨ। ਮੀਡੀਆ ਨੂੰ ਅਜਿਹੇ ਇਲਜ਼ਾਮਾਂ ਨੂੰ ਛਾਪਣ ਤੋਂ ਪਹਿਲਾਂ ਇਹਨਾਂ ਦੀ ਪੜਤਾਲ ਕਰਨੀ ਚਾਹੀਦੀ ਹੈ। ਉਪਰੋਕਤ ਉਦਾਹਰਣ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਭਾਰਤ ਦਾ ਸਮੁੱਚਾ ਰਾਜਸੀ ਲਾਣਾ ਕਿਸੇ ਨਾ ਕਿਸੇ ਰੂਪ ਵਿੱਚ ਸਾਂਈ ਬਾਬਾ ਦਾ ਸਹਿਯੋਗੀ ਸੀ ਕਿਉਂਕਿ ਸਾਂਈਬਾਬੇ ਕੋਲ ਤਿੰਨ ਕਰੋੜ ਤੋਂ ਵੱਧ ਸ਼ਰਧਾਲੂਆਂ ਦਾ ਵੋਟ ਬੈਂਕ ਸੀ। ਇਸ ਲਈ ਸਮੁੱਚੀਆਂ ਰਾਜਸੀ ਧਿਰਾਂ ਡੰਡੋਤ ਕਰਦੀਆਂ ਆਪਣੇ ਪਰਸਾਂ ਅਤੇ ਸਰਕਾਰੀ ਖਜਾਨਿਆਂ ਸਮੇਤ ਉੱਥੇ ਪੁੱਜਦੀਆਂ ਸਨ। ਉਹ ਇਸ ਗੱਲ ਲਈ ਸਾਂਈ ਬਾਬੇ ਦੇ ਧੰਨਵਾਦੀ ਸਨ ਕਿ ਘੱਟੋ ਘੱਟ ਤਿੰਨ ਕਰੋੜ ਲੋਕਾਂ ਦੇ ਦਿਮਾਗਾਂ ਨੂੰ ਬੰਦ ਕਰਕੇ ਆਪਣੇ ਕਾਬੂ ਵਿੱਚ ਰੱਖਿਆ। ਨਹੀਂ ਤਾਂ ਸਾਇਦ ਇਹਨਾਂ ਵਿਚੋਂ ਕੁਝ ਨਾ ਕੁਝ ਜਮਾਤੀ ਪੱਖ ਤੋਂ ਚੇਤਨ ਜਰੂਰ ਹੋ ਜਾਂਦੇ।

2. **ਲੋਕਾਂ ਦੀ ਲੁੱਟ ਖਸੁੱਟ** :- ਸਾਂਈ ਬਾਬੇ ਨੇ ਇੱਕ ਟਰੱਸਟ ਬਣਾਇਆ ਹੋਇਆ ਸੀ, ਜਿਸਦਾ ਨਾਂ 'ਸਾਂਈ ਟੱਰਸਟ' ਹੈ। ਕਿਹਾ ਜਾਂਦਾ ਹੈ ਕਿ ਇਸ ਟਰੱਸਟ ਕੋਲ ਚਾਲੀ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਇਸ ਤੋਂ ਇਲਾਵਾ ਇਸ ਟਰੱਸਟ ਕੋਲ ਛੱਬੀ ਟਰੰਕ ਭਰੇ ਹੋਏ ਸੋਨੇ ਦੇ ਵੀ ਹਨ। ਸਾਂਈ ਬਾਬੇ ਦੀ ਮੌਤ ਤੋਂ ਕੁਝ ਇੱਕ ਦਿਨ ਪਹਿਲਾਂ ਇਹਨਾਂ ਟਰੰਕਾਂ ਨੂੰ ਗਾਇਬ ਕਰ ਦਿੱਤਾ ਗਿਆ। ਮੰਨ ਲਉ ਜੇ ਇਹ ਪੈਸਾ ਪੰਜਾਬ ਦੇ ਪਿੰਡਾਂ ਨੂੰ ਦੇ ਦਿੱਤਾ ਜਾਵੇ ਤਾਂ ਹਰ ਪਿੰਡ ਨੂੰ ਘੱਟੋ ਘੱਟ ਤਿੰਨ ਕਰੋੜ ਆਵੇਗਾ। ਇਸ ਰਾਸ਼ੀ ਨਾਲ ਪੰਜਾਬ ਦੇ ਹਰ ਪਿੰਡ ਦੀ ਸਕੂਲ ਦੀ ਇਮਾਰਤ, ਹਸਪਤਾਲ ਦੀ ਇਮਾਰਤ, ਪੱਕੀਆਂ ਗਲੀਆਂ, ਪੱਕੀਆਂ ਸੜਕਾਂ ਸਭ ਕੁਝ ਉਸਾਰਿਆ ਜਾ ਸਕਦਾ ਹੈ। ਅਸਲ ਵਿੱਚ ਭਾਰਤ ਦੀ ਸਮੁੱਚੀ ਪੂੰਜੀ ਤਾਂ ਅਜਿਹੀਆਂ ਲੁਟੇਰੀਆਂ ਜਮਾਤਾਂ ਦੇ ਕਬਜ਼ੇ ਵਿੱਚ ਹੈ। ਇਸਦਾ ਇਹ ਦਸ ਪ੍ਰਤੀਸ਼ਤ ਵੀ ਲੋਕਾਂ ਨੂੰ ਵੰਡਣ ਲਈ ਤਿਆਰ ਨਹੀਂ ਹਨ। ਇਹਨਾਂ ਡੇਰਿਆਂ ਦੇ ਸ਼ਰਧਾਲੂਆਂ ਨੂੰ ਇਹ ਸੰਮੋਹਿਤ ਕਰ ਲੈਂਦੇ ਹਨ। ਸਿੱਟੇ ਵਜੋਂ ਨਾਲੇ ਤਾਂ ਜਮਾਤੀ ਸੰਘਰਸ਼ ਦਾ ਡਰ ਘਟਿਆ ਰਹਿੰਦਾ ਹੈ ਤੇ ਨਾਲੇ ਇਹਨਾਂ ਸ਼ਰਧਾਲੂਆਂ ਕੋਲ ਜੋ ਕੁਝ ਵੀ ਹੁੰਦਾ ਹੈ ਹੌਲੀ-ਹੌਲੀ ਸਭ ਕੁਝ ਇਹਨਾਂ ਦੇ ਸਪੁਰੱਦ ਹੁੰਦਾ ਰਹਿੰਦਾ ਹੈ।

3. **ਲੋਕਾਂ ਦੀ ਸਰੀਰਕ ਲੁੱਟ-ਖਸੁੱਟ** :- ਸਾਂਈ ਬਾਬਾ ਤੇ ਸਮਲਿੰਗੀ ਹੋਣ ਦੇ ਦੋਸ਼ ਵੀ ਲੱਗਦੇ ਰਹੇ ਹਨ, ਉਸਦੇ ਬਹੁਤ ਸਾਰੇ ਰਹਿ ਚੁੱਕੇ ਸ਼ਰਧਾਲੂਆਂ ਨੇ ਕਿਤਾਬਾਂ ਰਾਹੀਂ ਆਪਣੇ ਨਾਲ ਵਾਪਰੇ ਕਿੱਸਿਆਂ ਦਾ ਬਿਆਨ ਕੀਤਾ ਹੈ। ਇੰਟਰਨੈੱਟ ਤੇ ਵੀ ਕਈ ਕਿਤਾਬਾਂ ਸਾਂਈਬਾਬੇ ਦੇ ਚੇਲਿਆਂ ਨਾਲ ਹੋਈਆਂ ਬਦਤਮੀਜੀਆਂ ਦੀਆਂ ਤੁਸੀਂ ਦੇਖ ਸਕਦੇ ਹੋ। ਉਹਨਾਂ ਕਿਤਾਬਾਂ ਵਿਚੋਂ ਕੁਝ ਗੱਲਾਂ ਕਿਸੇ ਵੀ ਲਿਖਤ ਵਿੱਚ ਦਰਜ ਕਰਨ ਲਈ ਸਾਡਾ ਮਨ ਤਿਆਰ ਨਹੀਂ ਕਿਉਂਕਿ ਇਸ ਲਿਖਤ ਨੇ ਘਰਾਂ ਵਿੱਚ ਜਾਣਾ ਹੈ। ਬੀ. ਬੀ. ਸੀ. ਨੇ ਪਿੱਛੇ ਜਿਹੇ ਇੱਕ ਸੀ. ਡੀ. ਵੀ ਵਿਖਾਈ ਸੀ, ਜਿਸਦਾ ਨਾਂ 'ਸੀਕਰਟ ਸਵਾਮੀ' ਸੀ। ਅੱਜ ਇਹ ਨੈੱਟ ਤੇ ਵੀ ਪਈ ਹੈ। ਕੰਪਿਊਟਰ ਦੇ ਜਾਣਕਾਰ ਇਸ ਸੀ. ਡੀ. ਨੂੰ ਕੰਪਿਊਟਰ ਜਾਂ ਟੈਲੀਵੀਜਨ 'ਤੇ ਵੀ ਦੇਖ ਸਕਦੇ ਹਨ।

4. **ਮਾਮਲਾ ਸੀ.ਡੀ. ਦਾ** :- ਬੀ. ਪ੍ਰੇਮਾਨੰਦ ਜੀ ਸਾਡੇ ਕੋਲ 1995-96 ਵਿੱਚ ਆਏ ਸਨ। ਉਸ ਸਮੇਂ ਉਹ ਸਾਡੇ ਲਈ ਇੱਕ ਸੀ. ਡੀ. ਲਿਆਏ ਸਨ, ਜਿਸ ਵਿੱਚ ਸਾਂਈ ਬਾਬੇ ਨੇ ਸਿਕੰਦਰਾਬਾਦ ਵਿਖੇ ਲਾਰਸਨ ਐਂਡ ਟੁਬਰੋ ਫਰਮ ਵਲੋਂ ਉਸਾਰੇ ਗਏ ਇੱਕ ਹਾਲ ਦਾ ਉਦਘਾਟਨ ਕਰਨਾ ਸੀ। ਭਾਰਤ ਦਾ ਉਸ ਵੇਲੇ ਦਾ ਪ੍ਰਧਾਨ ਮੰਤਰੀ, ਉੜੀਸਾ, ਆਂਧਰਾ ਦੇ ਮੁੱਖ ਮੰਤਰੀ ਸਭ ਸਟੇਜ ਤੇ ਬਿਰਾਜਮਾਨ ਸਨ। ਸਾਂਈ ਬਾਬੇ ਨੇ ਇਸ ਵਿੱਚ ਦੋ ਟ੍ਰਾਫੀਆਂ ਦੇਣੀਆਂ ਸਨ। ਪਹਿਲੀ ਟ੍ਰਾਫੀ ਉਸ ਬਿਲਡਿੰਗ ਦੇ ਆਰਕੀਟੈਕਟ ਤੇ ਦੂਜੀ ਲਾਰਸਨ ਤੇ ਟੁਬਰੋ ਫਰਮ ਦੇ ਐਮ. ਡੀ. ਨੂੰ ਦੇਣੀ ਸੀ। ਸਾਂਈ ਬਾਬੇ ਦੇ ਸੈਕਟਰੀ ਨੇ ਜਦੋਂ ਉਸਨੂੰ ਟ੍ਰਾਫੀ ਫੜਾਈ ਤਾਂ ਗਲ ਵਿੱਚ ਪਾਈ ਜਾਣ ਵਾਲੀ ਚੈਨੀ ਵੀ ਲੁਕੋ ਕੇ ਫੜਾ ਦਿੱਤੀ। ਪਰ ਉਹ ਗਲਤੀ ਨਾਲ ਇਹ ਚੈਨੀ ਟ੍ਰਾਫੀ ਹੇਠ ਲੁਕੋ ਕੇ ਸਾਂਈ ਬਾਬੇ ਦੇ ਖੱਬੇ ਹੱਥ ਵਿਚ ਫੜਾ ਗਿਆ। ਪ੍ਰਗਟ ਕਰਨ ਲਈ ਇਹ ਟ੍ਰਾਫੀ ਖੱਬੇ ਤੋਂ ਸੱਜੇ ਹੱਥ ਵਿੱਚ ਲੈ ਜਾਣੀ ਜਰੂਰੀ ਸੀ। ਸਾਂਈ ਬਾਬੇ ਨੇ ਇਹ ਜੰਜੀਰੀ ਖੱਬੇ ਤੋਂ ਸੱਜੇ ਹੱਥ ਵਿੱਚ ਕੀਤੀ ਤੇ ਪ੍ਰਗਟ ਕਰਕੇ ਆਰਕੀਟੈਕਟ ਦੇ ਗਲ ਵਿੱਚ ਪਾ ਦਿੱਤੀ। ਉੱਥੇ ਤਿੰਨ ਵੀ. ਡੀ. ਓ. ਰਿਕਾਰਡ ਕਰਨ ਵਾਲੇ ਵਿਅਕਤੀ ਆਏ ਹੋਏ ਸਨ। ਉਹਨਾਂ ਵਿੱਚ ਦੋ ਸਰਕਾਰੀ ਤੇ ਇੱਕ ਗੈਰ ਸਰਕਾਰੀ ਸੀ। ਗੈਰ ਸਰਕਾਰੀ ਫੋਟੋਗ੍ਰਾਫਰ ਨੇ ਜਦੋਂ ਆਪਣੀ ਫਿਲਮ ਨੂੰ ਘੱਟ ਗਤੀ ਤੇ ਚਲਾਇਆ ਤਾਂ ਸਾਂਈਬਾਬੇ ਦੀ ਚਲਾਕੀ ਨਜ਼ਰ ਆ ਗਈ। ਅਸੀਂ ਉਹ ਵੀ. ਡੀ. ਓ. ਫਿਲਮ ਪੰਜਾਬੀ ਲੋਕਾਂ ਨੂੰ ਉਸ ਸਮੇਂ ਵੰਡੀ।

ਇਹ ਫਿਲਮ ਤਾਂ ਇੱਥੇ ਹੀ ਖਤਮ ਹੋ ਗਈ ਪਰ ਇਸ ਤੋਂ ਬਾਅਦ ਰਹੱਸਪੂਰਣ ਢੰਗ ਨਾਲ ਸਾਂਈਬਾਬੇ ਦੇ ਸਹਾਇਕ ਅਤੇ ਉਸਦੇ ਆਸ਼ਰਮ ਦੇ ਚਾਰ ਵਿਦਿਆਰਥੀਆਂ ਕਤਲ ਹੋ ਗਿਆ। ਵਿਦਿਆਰਥੀਆਂ ਦੇ ਕਤਲ ਦੇ ਮਾਮਲੇ ਦਾ ਕੇਸ ਬੀ. ਪ੍ਰੇਮਾਨੰਦ ਨੇ ਸੁਪਰੀਮ ਕੋਰਟ ਤੱਕ ਲੜਿਆ ਵੀ। ਪਰ ਜਿਸ ਦੇਸ਼ ਵਿੱਚ ਸਾਰਾ ਢਾਂਚਾ ਹੀ ਬਾਬਿਆਂ ਦੇ ਹੱਥ ਵਿੱਚ ਹੋਵੇ ਉੱਥੇ ਕਿਸੇ ਦੀ ਕੀ ਸੁਣੀ ਜਾ ਸਕਦੀ ਹੈ। ਇਸ ਘਟਨਾ ਤੋਂ ਕੁਝ ਸਾਲਾਂ ਬਾਅਦ ਬੀ. ਪ੍ਰੇਮਾਨੰਦ ਦੇ ਨੌਜਵਾਨ ਪੁੱਤਰ ਦਾ ਸ਼ੱਕੀ ਹਾਲਤਾਂ ਵਿੱਚ ਕਤਲ ਹੋ ਗਿਆ।

5. **ਬਾਬੇ ਦਾ ਚੀਜ਼ਾਂ ਪ੍ਰਗਟ ਕਰਨਾ** :- ਸਾਂਈ ਬਾਬੇ ਦਾ ਇੱਕ ਚਾਚਾ ਵਧੀਆ ਜਾਦੂਗਰ ਸੀ। 14-15 ਸਾਲ ਤੱਕ ਦੀ ਉਮਰ ਤੱਕ ਹੀ ਇਹ ਬਾਬਾ ਉਸ ਤੋਂ ਕੁਝ ਜਾਦੂ ਦੇ ਟਰਿੱਕ ਸਿੱਖ ਗਿਆ। ਉਸ ਤੋਂ ਬਾਅਦ ਇਸ ਨੇ ਉਸ ਟਰਿੱਕਾਂ ਦਾ ਇਸਤੇਮਾਲ ਲੋਕਾਂ ਨੂੰ ਆਪਣੇ ਪਿੱਛੇ ਲਾਉਣ ਲਈ ਕਰਨਾ ਸ਼ੁਰੂ ਕਰ ਦਿੱਤਾ। ਸਾਂਈ ਬਾਬੇ ਦੁਆਰਾ ਮੂੰਹ ਰਾਹੀਂ ਪ੍ਰਗਟ ਕੀਤੇ ਸਿਵਲਿੰਗਾਂ ਦਾ ਭਾਰ ਹੀ ਤਿੰਨ ਟਨ ਬਣ ਜਾਂਦਾ ਹੈ। ਜੇ ਸੋਨੇ ਦੀਆਂ ਜੰਜੀਰਾਂ ਤੇ ਮੁੰਦਰੀਆਂ ਦਾ ਭਾਰ ਵੀ ਵੇਖਣਾ ਹੋਵੇ ਤਾਂ ਇਹ ਵੀ ਟਨਾਂ ਵਿੱਚ ਹੀ ਹੈ। ਕਦੇ ਭਾਰਤ ਸਰਕਾਰ ਨੇ ਉਸ ਉੱਤੇ ਕੋਈ ਟੈਕਸ ਲਾਇਆ? ਉਸਦੇ ਟ੍ਰਸਟ ਦੀ ਸਲਾਨਾ ਕਮਾਈ ਹਜ਼ਾਰਾਂ ਕਰੋੜਾਂ ਰਹੀ ਹੈ, ਜੋ ਟੈਕਸ ਰਹਿਤ ਸੀ।

ਜੇ ਗੱਲ ਵਿਗਿਆਨਕ ਨਿਯਮਾਂ ਦੀ ਕਰਨੀ ਹੋਵੇ ਤਾਂ ਭਾਰਤ ਦਾ ਕੋਈ ਵੀ ਮੰਤਰੀ ਇਸ ਗੱਲ ਦਾ ਜੁਆਬ ਨਹੀਂ ਦੇ ਸਕੇਗਾ ਕਿ ਉਹ ਆਪਣੇ ਸਰੀਰ ਅੰਦਰ ਸੋਨੇ ਦਾ ਨਿਰਮਾਣ ਕਿਵੇਂ ਕਰਦਾ ਸੀ? ਸੋ ਉਹ ਸੋਨਾ ਤੇ ਸਿਵ ਲਿੰਗ ਤੇ ਵਿਭੂਤੀ ਪ੍ਰਗਟ ਕਰਦਾ ਸੀ।?

- ***ਮੇਘ ਰਾਜ ਮਿੱਤਰ*** *(M. 98887 87440)*

# ਇਸ ਤਰਾਂ ਢਾਲ ਮੇਰੇ ਬੱਚੇ ਨੂੰ.......

## (ਇਬਰਾਹੀਮ ਲਿੰਕਨ ਦਾ ਇਤਿਹਾਸਕ ਖਤ, ਅਧਿਆਪਕ ਦੇ ਨਾਮ)

ਮੈਂ ਜਾਣਦਾ ਹਾਂ ਕਿ ਮੇਰੇ ਬੱਚੇ ਨੂੰ ਇਹ ਸਿਖਣਾ ਪਵੇਗਾ ਕਿ ਸਾਰੇ ਆਦਮੀ ਇੱਕੋਂ ਜਿਹੇ ਨਹੀਂ ਹੁੰਦੇ, ਸਾਰੇ ਆਦਮੀ ਇਮਾਨਦਾਰ ਨਹੀਂ ਹੁੰਦੇ ਅਤੇ ਸਾਰੇ ਸੱਚੇ ਵੀ ਨਹੀਂ। ਉਸਨੂੰ ਇਹ ਸਿਖਾਓ ਕਿ ਜਿੰਨੇ ਇਥੇ ਨੀਚ ਆਦਮੀ ਹਨ ਉਨੇ ਨਾਇਕ ਵੀ ਹਨ। ਜਿੰਨੇ ਸਵਾਰਥੀ ਸਿਆਸਤਦਾਨ ਹਨ ਉਨੇ ਆਪਾ ਵਾਰੂ ਆਗੂ ਵੀ ਹਨ।



ਉਸਨੂੰ ਇਹ ਸਿਖਾਓ ਕਿ ਜੇ ਦੁਸ਼ਮਣ ਹਨ ਉਨੇ ਦੋਸਤ ਵੀ ਹਨ। ਮੈਨੂੰ ਪਤਾ ਹੈ ਇਸ ਸਭ ਕਾਸੇ ਨੂੰ ਕੁਝ ਸਮਾ ਲਗੇਗਾ। ਜੇ ਹੋ ਸਕੇ ਤਾਂ ਉਸਨੂੰ ਇਹ ਵੀ ਸਿਖਾਓ ਕਿ ਹਥੀਂ ਕਮਾਏ ਇਕ ਡਾਲਰ ਦੀ ਕੀਮਤ ਮੁਫਤ ਚ ਮਿਲੇ ਵੀਹ ਡਾਲਰਾਂ ਤੋਂ ਵੀ ਜਿਆਦਾ ਹੁੰਦੀ ਹੈ। ਓਸਨੂੰ ਹਾਰ ਬਰਦਾਸ਼ਤ ਕਰਨਾ ਅਤੇ ਜਿੱਤ ਦਾ ਅਨੰਦ ਲੈਣਾ ਵੀ ਸਿਖਾਓ।

ਉਸਨੂੰ ਈਰਖਾ ਤੋਂ ਕੋਹਾਂ ਦੂਰ ਲੈ ਜਾਵੋ ਅਤੇ ਜੇ ਹੋ ਸਕੇ ਤਾਂ ਉਸਨੂੰ ਖਚਰੀ ਮੁਸਕਰਾਹਟ ਦੇ ਭੇਤ ਤੋਂ ਵੀ ਜਾਣੂ ਕਰਵਾਓ। ਉਸਨੂੰ ਛੋਟੀ ਉਮਰੇ ਹੀ ਇਹ ਵੀ ਸਿਖਣ ਦਿਓ ਕਿ ਗੁੰਡਿਆਂ ਨੂੰ ਕੁੱਟਣਾ ਸਭ ਤੋਂ ਸੌਖਾ ਹੁੰਦਾ ਹੈ।

ਉਸਨੂੰ ਕਿਤਾਬਾਂ ਦੀ ਅਨੋਖੀ ਦੁਨੀਆਂ ਬਾਰੇ ਦਸੋ-ਪਰੇ ਉਸਨੂੰ ਅਸਮਾਨ ਚ ਉਡਦੇ ਪਰਿੰਦਿਆਂ, ਧੁੱਪ ਚ ਉਡਦੀਆਂ ਮਧੂ ਮੱਖੀਆਂ, ਹਰਿਆਵਲ ਨਾਲ ਲਦੀਆਂ ਪਹਾੜੀਆਂ ਉਤੇ ਖਿੜੇ ਫੁੱਲਾਂ ਦੇ ਕੁਦਰਤੀ ਅਨੋਖੇ ਨਜ਼ਾਰਿਆਂ ਬਾਰੇ ਦਿਮਾਗ ਲੜਾਉਣ ਲਈ ਵੀ ਸਮਾ ਦਿਓ।

ਉਸਨੂੰ ਦਸੋ ਕਿ ਨਕਲ ਅਤੇ ਬੇਈਮਾਨੀ ਨਾਲ ਪਾਸ ਹੋਣ ਨਾਲੋਂ ਫੇਲ੍ਹ ਹੋਣਾ ਕਿਤੇ ਇੱਜ਼ਤ ਵਾਲਾ ਕੰਮ ਹੈ। ਉਸਨੂੰ ਆਪਣੇ ਵਿਚਾਰਾਂ ਤੇ ਵਿਸ਼ਵਾਸ਼ ਕਰਨਾ ਸਿਖਾਓ ਭਾਵੇਂ ਕਿ ਹਰ ਕੋਈ ਕਹਿ ਰਿਹਾ ਹੋਵੇ ਕਿ ਉਹ ਗ਼ਲਤ ਹੈ। ਉਸਨੂੰ ਨਿਮਰ ਲੋਕਾਂ ਨਾਲ ਨਿਮਰਤਾ ਨਾਲ ਅਤੇ ਅੜੀਅਲ ਢੀਠ ਲੋਕਾਂ ਨਾਲ ਕਰੜਾਈ ਨਾਲ ਸਿਝਣਾ ਸਿਖਾਓ।

ਓਸਨੂੰ ਉਦਾਸੀ ਵਿਚ ਵੀ ਹੱਸਣਾ ਸਿਖਾਓ ਅਤੇ ਇਹ ਦਸੋ ਕਿ ਜੇ ਅੱਖਾਂ ਵਿਚੋਂ ਅੱਥਰੂ ਛਲਕ ਪੈਣ ਤਾਂ ਇਹ ਕੋਈ ਸ਼ਰਮ ਵਾਲੀ ਗੱਲ ਨਹੀਂ ਹੁੰਦੀ।

ਉਸਨੂੰ ਇਨਸਾਨੀ ਗੁਣਾਂ ਨਾਲ ਈਰਖਾ ਕਰਨ ਵਾਲਿਆਂ ਉਤੇ ਹੱਸਣਾ ਸਿਖਾਓ ਅਤੇ ਬਹੁਤੀ ਮਿਠਾਸ ਤੋਂ ਸਾਵਧਾਨ ਰਹਿਣਾ ਵੀ। ਉਸਨੂੰ ਸਿਖਾਉ ਕਿ ਆਪਣੀ ਸਿਆਣਪ ਅਤੇ ਤਾਕਤ ਦੀ ਵੱਧ ਤੋਂ ਵੱਧ ਕੀਮਤ ਵਸੂਲ ਕਰੇ ਪਰ ਕਿਸੇ ਵੀ ਹਾਲਤ ਵਿਚ ਆਪਣੀ ਸੋਚ ਅਤੇ ਜ਼ਮੀਰ ਨੂੰ ਦਾਅ ਉਤੇ ਨਾ ਲੱਗਣ ਦੇਵੇ। ਹੇ ਪਿਆਰੇ ਅਧਿਆਪਕ ਇਸ ਤਰਾਂ ਢਾਲ ਮੇਰੇ ਬੱਚੇ ਨੂੰ।

***ਪੇਸ਼ਕਾਰ - ਅਮਰਜੀਤ ਢਿਲੋਂ***

**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009 ਅਤੇ 2010ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਵਧੀਆ ਜਿਲਦ ਦੇ ਵਿੱਚ ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ ਛੇ ਸਾਲਾਂ ਦੀਆਂ ਫਾਈਲਾਂ ਤੁਹਾਨੂੰ 435 ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।*

# ਜਦੋਂ ਉਸਨੂੰ ਆਪਣਾ ਹੀ 'ਭੂਤ' ਦਿਖਾਈ ਦੇਣ ਲੱਗਾ

ਫਗਵਾੜੇ ਦੇ ਨੇੜੇ ਮੇਰੇ ਆਪਣੇ ਹੀ ਪਿੰਡ ਬਿਰਕਾਂ ਵਿੱਚ ਮੇਰਾ ਇੱਕ ਦੋਸਤ ਬਹੁਤ ਹੀ ਪੜ੍ਹਿਆ-ਲਿਖਿਆ ਤੇ ਸੂਝਵਾਨ ਨੌਜਵਾਨ ਹੈ, ਫਿਰ ਵੀ ਕਦੇ-ਕਦੇ ਇਹ ਲਾਈਲੱਗ, ਮੂਰਖਾਂ ਤੇ ਅਨਪੜ੍ਹਾਂ ਵਾਲੀਆਂ ਗੱਲਾਂ ਕਰ ਜਾਂਦਾ ਹੈ। ਉਸਦੇ ਘਰ ਦੇ ਸਾਰੇ ਮੈਂਬਰ ਮਾਤਾ-ਪਿਤਾ ਤੇ ਵੱਡਾ ਭਰਾ ਵਿਦੇਸ਼ ਵਿੱਚ ਕਾਫੀ ਚਿਰਾਂ ਤੋਂ ਰਹਿ ਰਹੇ ਹਨ, ਛੋਟੇ ਭਰਾ ਦੀ ਕਈ ਸਾਲ ਪਹਿਲਾਂ ਕੈਂਸਰ ਕਾਰਨ ਮੌਤ ਹੋ ਚੁੱਕੀ ਹੈ, ਜਿਸਦਾ ਉਸਨੂੰ ਅਜੇ ਤੱਕ ਬਹੁਤ ਦੁੱਖ ਹੈ। ਹੁਣ ਇਹ ਬਹੁਤ ਹੀ ਵਧੀਆ ਤਰੀਕੇ ਨਾਲ ਬਣੇ, ਕਈ ਕਮਰਿਆਂ ਵਾਲੇ ਘਰ ਵਿੱਚ ਇਕੱਲਾ ਹੀ ਰਹਿੰਦਾ ਹੈ। 35 ਸਾਲ ਦੀ ਉਮਰ ਹੋ ਜਾਣ ਤੇ ਵੀ ਅਜੇ ਤੱਕ ਇਸਦਾ ਵਿਆਹ ਨਹੀਂ ਹੋਇਆ। ਘਰ ਵਿਚ ਇਹ ਆਪਣੇ ਸਾਰੇ ਹੀ ਜ਼ਰੂਰਤਮੰਦ ਕੰਮ, ਦਾਲ-ਰੋਟੀ ਤੇ ਚਾਹ-ਪਾਣੀ ਆਪ ਹੀ ਬਣਾਉਂਦਾ ਹੈ। ਪੈਸਾ ਕਮਾਉਣ ਵਾਲੇ ਕੰਮਕਾਰ ਦੇ ਮਾਮਲੇ ਵਿੱਚ ਇਹ ਜ਼ਿਆਦਾ ਸਮਾਂ ਵਿਹਲਾ ਰਹਿ ਕੇ ਹੀ ਗੁਜ਼ਾਰਦਾ ਹੈ। ਘਰ ਵਾਲਿਆਂ ਵਲੋਂ ਇਸਨੂੰ ਖਾਣ-ਪੀਣ ਦੇ ਰਾਸ਼ਨ ਜੋਗੇ ਹੀ ਥੋੜ੍ਹੇ ਜਿਹੇ ਪੈਸੇ ਮਿਲਦੇ ਹਨ। ਕਦੇ-ਕਦੇ ਇਹ ਦੋ-ਚਾਰ ਬੱਚਿਆਂ ਨੂੰ ਟਿਊਸ਼ਨ ਪੜ੍ਹਾਕੇ ਵੀ ਆਪਣੀਆਂ ਕੁੱਝ ਜ਼ਰੂਰਤਾਂ ਜੋਗੇ ਪੈਸੇ ਕਮਾ ਲੈਂਦਾ ਹੈ। ਦਿਨ ਵੇਲੇ ਇਸ ਕੋਲ ਬਹੁਤ ਸਾਰੇ ਵਿਹਲੇ ਮੁੰਡਿਆਂ ਦਾ ਆਉਣਾ-ਜਾਣਾ ਲੱਗਾ ਰਹਿੰਦਾ ਹੈ, ਜਿਨ੍ਹਾਂ ਨਾਲ ਇਹ ਗੱਪਾਂ-ਛੱਪਾਂ ਮਾਰ ਕੇ ਆਪਣਾ ਵਿਹਲਾ ਸਮਾਂ ਲੰਘਾ ਲੈਂਦਾ ਹੈ, ਪਰ ਰਾਤ ਨੂੰ ਇਕੱਲਾ ਹੀ ਰਹਿੰਦਾ ਹੈ। ਵਿਹਲਾ ਤੇ ਇਕੱਲਾ ਰਹਿਣ ਕਾਰਨ ਕਈ ਵਾਰ ਇਸਨੂੰ ਬਹੁਤ ਸਾਰੀਆਂ ਮਾਨਸਿਕ ਪ੍ਰੇਸ਼ਾਨੀਆਂ ਘੇਰ ਲੈਂਦੀਆਂ ਹਨ ਤਾਂ ਇਹ ਦੁੱਖ-ਸੁੱਖ ਸਾਂਝੇ ਕਰਨ ਲਈ ਮੇਰੇ ਕੋਲ ਗੱਲਾਂ ਮਾਰਨ ਲਈ ਆ ਜਾਂਦਾ ਹੈ, ਕਿਉਂਕਿ ਇਸਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਮੈਂ ਵਿਗਿਆਨ ਤੇ ਤਰਕਸ਼ੀਲ ਵਿਚਾਰਾਂ ਤੇ ਵਿਸ਼ਵਾਸਾਂ ਵਾਲਾ ਵਿਅਕਤੀ ਹਾਂ ਜੋ ਭੂਤਾਂ-ਚੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ ਤੇ ਦੇਵੀ-ਦੇਵਤਿਆਂ ਵਰਗੇ ਬਹੁਤ ਸਾਰੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਾਲੇ ਮਾਨਸਿਕ ਰੋਗ ਠੀਕ ਕਰਦਾ ਰਹਿੰਦਾ ਹਾਂ। ਕਾਫੀ ਚਿਰ ਪਹਿਲਾਂ ਇਹ ਦੋਸਤ ਤਰਕਸ਼ੀਲਾਂ ਦੀਆਂ ਕੁੱਝ ਕਿਤਾਬਾਂ ਵੀ ਪੜ੍ਹ ਚੁੱਕਾ ਹੈ ਜੋ ਇਹ ਸਿੱਧ ਕਰਦੀਆਂ ਹਨ ਕਿ ਭੂਤ-ਪ੍ਰੇਤ, ਜਾਦੂ-ਟੂਣਾ, ਜੰਤਰ-ਮੰਤਰ, ਦੇਵੀ-ਦੇਵਤੇ ਤੇ ਆਤਮਾ-ਪ੍ਰਮਾਤਮਾ ਦੀ ਕੋਈ ਹੋਂਦ ਨਹੀਂ ਹੈ, ਫਿਰ ਵੀ ਇਹ ਅਜਿਹੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿਚ ਪੂਰਾ ਵਿਸ਼ਵਾਸ ਰੱਖਦਾ ਹੈ। ਭਾਵੇਂ ਇਸਦੇ ਬਹੁਤ ਸਾਰੇ ਵਿਚਾਰ ਅਤੇ ਵਿਸ਼ਵਾਸ ਵਿਗਿਆਨਕਾਂ ਤੇ ਤਰਕਸ਼ੀਲਾਂ ਵਾਲੇ ਹੀ ਹਨ, ਫਿਰ ਵੀ ਕਦੇ-ਕਦੇ ਇਹ ਗੈਰ-ਵਿਗਿਆਨਕ ਤੇ ਤਰਕਹੀਣ ਗੱਲਾਂ ਕਰ ਜਾਂਦਾ ਹੈ। ਕਦੇ ਤਾਂ ਇਹ ਭੂਤਾਂ-ਪ੍ਰੇਤਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ ਤੇ ਦੇਵੀ-ਦੇਵਤਿਆਂ ਵਿਚ ਵਿਸ਼ਵਾਸ ਕਰਨ ਲੱਗ ਜਾਂਦਾ ਹੈ, ਕਦੇ ਆਖਣ ਲੱਗ ਜਾਂਦਾ ਹੈ ਕੇ ਇਹ ਸਭ ਝੂਠ ਤੇ ਧੋਖਾ ਹੈ। ਮੈਨੂੰ ਅਜੇ ਤੱਕ ਇਸਦੇ ਪੜ੍ਹੇ-ਲਿਖੇ ਹੋਣ ਦਾ ਕੋਈ ਵੀ ਸਬੂਤ ਨਹੀਂ ਮਿਲਿਆ।

**ਜਿੰਦੀ ਪੇਂਟਰ**

'ਮਨੋ-ਵਿਗਿਆਨ' ਬਾਰੇ ਇਸਨੂੰ ਕੋਈ ਜਾਣਕਾਰੀ ਨਹੀਂ ਜਿਸ ਕਰਕੇ ਇਹ ਕਈ ਊਟ-ਪਟਾਂਗ ਕਲਪਨਾਵਾਂ ਕਰਕੇ, ਉਨ੍ਹਾਂ ਨੂੰ ਹੀ ਵਿਸ਼ਵਾਸਦਾਇਕ ਬਣਾ ਲੈਂਦਾ ਹੈ, ਜਿਹੜੀਆਂ ਇਹ ਆਪਣੇ ਦੋਸਤਾਂ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਾਲੀਆਂ ਮਾਨਸਿਕ ਉਲਝਣਾਂ ਵਿਚ ਫਸ ਜਾਂਦਾ ਹੈ, ਜਿਸਦੇ ਹੱਲ ਲਈ ਇਹ ਮੇਰੇ ਕੋਲ ਸਲਾਹ ਲੈਣ



ਆ ਜਾਂਦਾ ਹੈ।

**ਆਪਣੀ ਹੀ ਭੂਤ ਦਿਖਾਈ ਦੇਣਾ**

ਇੱਕ ਵਾਰੀ ਮੈਂ ਸਵੇਰੇ ਘਰ ਦੀ ਛੱਤ ਉਪਰ ਬੈਠਾ ਬਹੁਤ ਹੀ ਮਨ-ਪਸੰਦ ਕਿਤਾਬ ਪੜ੍ਹ ਰਿਹਾ ਸੀ, ਉਸੇ ਸਮੇਂ ਇਹ ਦੋਸਤ ਮੈਨੂੰ ਬਹੁਤ ਹੀ ਹੈਰਾਨ-ਪ੍ਰੇਸ਼ਾਨ ਤੇ ਡਰਾ ਦੇਣ ਵਾਲੀ ਆਪਣੀ ਮਾਨਸਿਕ ਸਮੱਸਿਆ ਦੱਸਣ ਲਈ ਤੇਜ਼ੀ ਨਾਲ ਆਇਆ। ਉਸਨੇ ਦੱਸਿਆ ਕੇ ਅੱਜ ਰਾਤ ਉਸ ਨਾਲ ਬਹੁਤ ਹੀ ਖਤਰਨਾਕ ਘਟਨਾ ਵਾਪਰੀ ਹੈ, ਮੈਂ ਹੈਰਾਨ ਹੋ ਕੇ ਪੁੱਛਿਆ, 'ਉਹ ਕਿਹੜੀ?' ਤਾਂ ਉਸ ਨੇ ਡਰੀ ਹੋਈ ਆਵਾਜ਼ ਵਿੱਚ ਕਿਹਾ, 'ਅੱਜ ਰਾਤ ਉਸਨੂੰ ਆਪਣਾ ਹੀ ਰੂਪ, ਭੂਤ ਬਣਕੇ ਦਿਖਾਈ ਦਿੱਤਾ ਹੈ।' ਮੈਂ ਫਿਰ ਹੈਰਾਨੀ ਨਾਲ ਪੁੱਛਿਆ, 'ਉਹ ਕਿਵੇਂ?' ਤਾਂ ਫਿਰ ਉਸਨੇ ਵਿਸਥਾਰ ਨਾਲ ਦੱਸਿਆ ਕਿ ਕਾਫ਼ੀ ਦਿਨਾਂ ਤੋਂ ਉਸਨੂੰ ਨੀਂਦ ਨਹੀਂ ਸੀ ਆ ਰਹੀ, ਕਾਫੀ ਕੋਸ਼ਿਸ਼ ਕਰਨ ਤੇ ਵੀ ਉਹ ਸਾਰੀ ਰਾਤ ਸੌਂ ਨਹੀਂ ਸਕਿਆ, ਇਸ ਪ੍ਰੇਸ਼ਾਨੀ ਤੋਂ ਤੰਗ ਆ ਕੇ, ਅੱਜ ਰਾਤ ਜਦੋਂ ਉਹ ਟੈਲੀਵਿਜ਼ਨ ਦੇਖਣਾ ਬੰਦ ਕਰਕੇ ਸੌਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ ਤਾਂ ਕਾਫ਼ੀ ਰਾਤ ਬੀਤ ਜਾਣ ਤੇ ਦੋ ਵਜੇ ਦੇ ਕਰੀਬ ਅਚਾਨਕ ਹੀ ਉਸਨੂੰ ਘਰ ਵਿਚ ਕਿਸੇ ਦੇ ਸੌਣ ਕਾਰਨ ਘਰਾੜਿਆਂ ਦੀ ਆਵਾਜ਼ ਲਗਾਤਾਰ ਸੁਣਾਈ ਦੇਣ ਲੱਗੀ ਉਹ ਹੈਰਾਨ ਹੋ ਗਿਆ ਅਤੇ ਸੋਚਣ ਲੱਗਾ ਕਿ ਇਹ ਕੌਣ ਹੈ? ਜੋ ਘਰ ਵਿੱਚ ਸੌਂ ਰਿਹਾ ਹੈ ਜਦ ਕਿ ਉਹ ਘਰ ਵਿੱਚ ਇਕੱਲਾ ਹੀ ਹੈ ਅਤੇ ਸਾਰੇ ਦਰਵਾਜ਼ੇ-ਤਾਕੀਆਂ ਵੀ ਬੰਦ ਕੀਤੇ ਹੋਏ ਹਨ। ਉਹ ਹੌਂਸਲਾ ਕਰਕੇ ਉਸ ਕਮਰੇ ਵਿੱਚ ਚਲਾ ਗਿਆ ਜਿਸ ਵਿੱਚੋਂ ਘਰਾੜਿਆਂ ਦੀ

ਆਵਾਜ਼ ਆ ਰਹੀ ਸੀ ਅਤੇ ਜਦੋਂ ਉਸਨੇ ਬੱਤੀ ਜਗਾ ਕੇ ਦੇਖਿਆ ਤਾਂ ਉਹ ਆਪ ਹੀ ਸਾਹਮਣੇ ਬੈੱਡ ਉਪਰ ਗੂੜੀ ਨੀਂਦ ਸੌਂ ਰਿਹਾ ਸੀ ਇਹ ਸਭ ਦੇਖ ਕੇ ਉਹ ਹੈਰਾਨ ਰਹਿ ਗਿਆ ਤੇ ਸੋਚਣ ਲੱਗਾ ਕਿ ਉਹ ਤਾਂ ਅਜੇ ਜਾਗਦਾ ਹੈ ਪਰ ਇਹ ਦੂਸਰਾ ਕੌਣ ਹੈ? ਜੋ ਉਸਦੀ ਸ਼ਕਲ ਵਰਗਾ ਰੂਪ ਧਾਰ ਕੇ ਗੂੜੀ ਨੀਂਦ ਸੁੱਤਾ ਹੋਇਆ ਦਿਖਾਈ ਦੇ ਰਿਹਾ ਹੈ। ਉਹ ਝੱਟ ਹੀ ਸਮਝ ਗਿਆ ਕਿ ਇਹ ਉਸਦਾ ਆਪਣਾ ਹੀ 'ਭੂਤ' ਹੈ ਜੋ ਉਸਨੂੰ ਗੂੜੀ ਨੀਂਦ ਸੁੱਤਾ ਹੋਇਆ ਦਿਖਾਈ ਦੇ ਰਿਹਾ ਹੈ। ਉਹ ਡਰਦਾ ਹੋਇਆ 'ਦੌੜ ਕੇ ਆਪਣੇ ਹੀ ਕਮਰੇ ਵਿੱਚ ਵਾਪਸ ਚਲਾ ਗਿਆ, ਅੰਦਰੋਂ ਚੰਗੀ ਤਰ੍ਹਾਂ ਦਰਵਾਜ਼ਾ ਬੰਦ ਕਰਕੇ ਉਹ ਬਹੁਤ ਹੀ ਡਰਿਆ ਹੋਇਆ ਕੰਬ ਰਿਹਾ ਸੀ। ਉਸਨੂੰ 'ਭੂਤ' ਦੇ ਸੌਣ ਕਾਰਨ ਘੁਰਾੜਿਆਂ ਦੀ ਆਵਾਜ਼ ਦੂਰ ਤੱਕ ਲਗਾਤਾਰ ਸੁਣਾਈ ਦੇ ਰਹੀ ਸੀ। ਸਾਰੀ ਰਾਤ ਉਸਨੇ ਡਰ ਕਾਰਨ ਦੁਖੀ ਹੋ ਕੇ ਲੰਘਾਈ। ਸਵੇਰ ਹੁੰਦੇ ਸਾਰ ਹੀ ਘਰਾੜਿਆਂ ਦੀ ਆਵਾਜ਼ ਸੁਣਾਈ ਦੇਣੋ ਬੰਦ ਹੋ ਗਈ, ਜਿਸ ਕਰਕੇ ਉਸਨੇ ਸੁੱਖ ਦਾ ਸਾਹ ਲਿਆ। ਹੌਂਸਲਾ ਕਰਕੇ ਉਹ ਫਿਰ 'ਭੂਤ' ਵਾਲੇ ਕਮਰੇ ਵਿੱਚ ਗਿਆ ਤਾਂ ਭੂਤ ਕਿਤੇ ਦਿਖਾਈ ਨਹੀਂ ਸੀ ਦੇ ਰਿਹਾ। ਉਸਨੇ ਫੈਸਲਾ ਕੀਤਾ ਕਿ ਸਵੇਰ ਦੀ ਚਾਹ ਪੀ ਕੇ ਉਹ ਆਪਣੇ ਤਰਕਸ਼ੀਲ ਦੋਸਤ 'ਜਿੰਦੀ ਪੇਂਟਰ' ਨਾਲ ਇਸ ਖਤਰਨਾਕ ਘਟਨਾ ਦੇ ਹੱਲ ਲਈ ਸਲਾਹ ਕੀਤੀ ਜਾਵੇ।

ਉਸਦੀ ਇਹ ਡਰਾਉਣੀ ਸਮੱਸਿਆ ਸੁਣਨ ਤੋਂ ਬਾਅਦ ਮੈਂ ਸਮਝ ਗਿਆ ਕੇ ਹੁਣ ਉਹ 'ਮਾਨਸਿਕ ਰੋਗ' (ਪਾਗਲਪਨ) ਵੱਲ ਤੇਜ਼ੀ ਨਾਲ ਵਧ ਰਿਹਾ ਹੈ, ਜੇਕਰ ਜਲਦੀ ਹੀ ਉਸਨੂੰ ਠੀਕ ਨਾ ਕੀਤਾ ਗਿਆ ਤਾਂ ਉਹ ਪੂਰੀ ਤਰ੍ਹਾਂ 'ਮਾਨਸਿਕ ਰੋਗੀ' ਹੋ ਕੇ ਪਾਗਲਖਾਨੇ ਦਾਖਲ ਹੋ ਸਕਦਾ ਹੈ, ਇਸ ਲਈ ਮੈਂ ਉਸਨੂੰ ਮੇਰੀਆਂ ਸਾਰੀਆਂ ਗੱਲਾਂ ਧਿਆਨ ਨਾਲ ਸੁਣਨ ਲਈ ਕਿਹਾ, ਜਿਸਨੂੰ ਕਾਉਂਸਲਿੰਗ ਤੇ ਹਿਪਨੋਟਿਜ਼ਮ ਸੁਝਾਅ ਕਿਹਾ ਜਾਂਦਾ ਹੈ, ਮੈਂ ਦੱਸਿਆ ਕਿ ਭੂਤਾਂ-ਪ੍ਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ ਇਸ ਲਈ ਜੋ ਉਸਨੂੰ ਉਸਦਾ ਆਪਣਾ ਹੀ ਰੂਪ 'ਭੂਤ' ਬਣਕੇ ਦਿਖਾਈ ਦਿੰਦਾ ਹੈ ਉਹ ਉਸਦਾ ਆਪਣਾ ਹੀ 'ਦ੍ਰਿਸ਼ਟੀ-ਭਰਮ' ਹੈ ਕਿਉਂਕਿ ਅਜਿਹੇ ਬਹੁਤ ਸਾਰੇ ਦ੍ਰਿਸ਼ਟੀ ਭਰਮ ਸਾਨੂੰ ਸਮਾਜ ਵਿੱਚ ਫੈਲੇ ਹੋਏ ਬਹੁਤ ਸਾਰੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਕਾਰਨ ਪੈਦਾ ਹੋ ਜਾਂਦੇ ਹਨ, ਜਿਵੇਂ ਬਚਪਨ ਤੋਂ ਹੀ ਸਾਡੇ ਮੂਰਖ ਤੇ ਲਾਈਲੱਗ ਮਾਪਿਆਂ ਤੇ ਸਿਆਣਿਆਂ ਦੀਆਂ ਕਲਪਨਿਕ ਕਹਾਣੀਆਂ ਤੇ ਬਾਤਾਂ ਰਾਹੀਂ ਸਾਡੇ ਕੋਮਲ ਮਨਾਂ ਵਿੱਚ ਭਰ ਦਿੱਤੇ ਜਾਂਦੇ ਹਨ ਜੋ ਸਾਰੀ ਜ਼ਿੰਦਗੀ ਸਾਡੇ ਮਨਾ ਤੇ ਖਤਰਨਾਕ ਪ੍ਰਭਾਵ ਛੱਡਦੇ ਰਹਿੰਦੇ ਹਨ, ਇਸ ਲਈ ਅਜਿਹੀਆਂ ਸਾਰੀਆਂ ਹੀ ਮਾਨਸਿਕ ਸਮੱਸਿਆਵਾਂ ਸਾਨੂੰ ਆਲੇ-ਦੁਆਲੇ ਦੇ ਸਮਾਜਿਕ ਮਹੌਲ ਵਿਚ ਫੈਲੇ ਹੋਏ ਬਹੁਤ ਸਾਰੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ, ਜਿਵੇਂ ਭੂਤਾਂ-ਚੜੇਲਾਂ, ਜਾਦੂ ਟੂਣਿਆਂ, ਜੰਤਰਾਂ-ਮੰਤਰਾਂ, ਦੇਵੀ-ਦੇਵਤਿਆਂ ਤੇ ਆਤਮਾ-ਪ੍ਰਮਾਤਮਾ ਵਰਗੇ ਬੇਸ਼ੁਮਾਰ ਧੋਖਾ ਭਰਪੂਰ ਵਿਸ਼ਵਾਸਾਂ ਕਾਰਨ ਹੀ ਚੁੰਬੜ ਜਾਂਦੇ ਹਨ। ਇਹ ਸਾਰੇ ਹੀ ਵਹਿਮ-ਭਰਮ ਤੇ ਅੰਧਵਿਸ਼ਵਾਸ ਕੁੱਝ ਚਲਾਕ ਤੇ ਬੇਈਮਾਨ ਵਿਅਕਤੀਆਂ ਨੇ ਭੋਲੇ-ਭਾਲੇ, ਗਰੀਬ ਤੇ ਲਾਈਲੱਗ ਲੋਕਾਂ ਨੂੰ ਲੁੱਟਣ ਲਈ ਹੀ ਘੜੇ ਹਨ, ਇਸ ਵਿੱਚ ਉਹ ਸਾਰੇ ਧੋਖੇਬਾਜ਼ ਤੇ ਪਾਖੰਡੀ ਜੋਤਸ਼ੀ, ਬਾਬੇ, ਜਾਦੂਗਰ, ਸਾਧੂ-ਸੰਤ, ਮਹਾਤਮਾ, ਚੇਲੇ, ਸਿਆਣੇ, ਪਾਂਡੇ, ਮੌਲਵੀ, ਤੰਤਰਿਕ, ਪੀਰ, ਫਕੀਰ, ਗੁਰੂ, ਸੁਆਮੀ, ਪਾਦਰੀ ਤੇ ਪੁਜਾਰੀ ਆਦਿ ਸਾਰੇ ਹੀ ਸ਼ਾਮਲ ਹਨ। ਅੱਜ ਕੱਲ੍ਹ 'ਨਾਮਦਾਨ' ਦੇਣ ਵਾਲੇ ਡੇਰਿਆਂ ਵਾਲੇ ਬਾਬੇ ਤੇ ਸਾਧ-ਸੰਤ ਲੋਕਾਂ ਨੂੰ ਮੂਰਖ ਤੇ ਲਾਈਲੱਗ ਬਣਾਉਣ ਵਿੱਚ ਆਪਣਾ ਵੱਧ ਯੋਗਦਾਨ ਪਾ ਰਹੇ ਹਨ। ਇਨ੍ਹਾਂ ਧੋਖੇਬਾਜ਼ ਲੁਟੇਰਿਆਂ ਦੀਆਂ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਨੂੰ ਫੈਲਾਉਣ ਵਾਲੀਆਂ ਚਾਲਾਂ ਤੋਂ ਸਿਰਫ਼ ਉਹੀ ਲੋਕ ਬਚ ਸਕਦੇ ਹਨ, ਜੋ ਵਿਗਿਆਨ ਤੇ ਤਰਕ ਨਾਲ ਸੋਚਦੇ ਹਨ ਭਾਵੇਂ ਭੂਤਾਂ-ਚੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਦੇਵੀ-ਦੇਵਤਿਆਂ ਤੇ ਆਤਮਾ-ਪ੍ਰਮਾਤਮਾ ਆਦਿ ਦੇ ਹੋਣ ਦਾ ਕੋਈ ਵੀ ਠੋਸ ਸਬੂਤ ਨਹੀਂ ਹੈ ਜੋ ਸਿਰਫ਼ ਮਨ ਵਿੱਚ ਬੈਠੇ ਹੋਏ ਵਹਿਮ-ਭਰਮ ਤੇ ਅੰਧਵਿਸ਼ਵਾਸ ਹੀ ਸਾਬਤ ਹੁੰਦੇ ਹਨ, ਫਿਰ ਵੀ ਬਹੁਤ ਸਾਰੇ ਪੜ੍ਹੇ-ਲਿਖੇ ਡਾਕਟਰ ਤੇ ਅਧਿਆਪਕ ਵੀ ਮੂਰਖਾਂ ਤੇ ਲਾਈਲੱਗਾਂ ਦੀ ਤਰ੍ਹਾਂ ਇਨ੍ਹਾਂ ਨੂੰ ਆਪਣੇ ਲੜ ਬੰਨ੍ਹੀ ਬੈਠੇ ਹਨ ਇਹ ਇੱਕ ਬਹੁਤ ਵੱਡੀ ਸੱਚਾਈ ਹੈ ਕਿ ਪੜ੍ਹਿਆ-ਲਿਖਿਆ ਵਹਿਮੀ ਤੇ ਅੰਧਵਿਸ਼ਵਾਸੀ ਵਿਅਕਤੀ, ਅਨਪੜ੍ਹਾਂ ਨਾਲੋਂ ਵੱਧ ਖਤਰਨਾਕ ਹੁੰਦਾ ਹੈ। ਭਾਵੇਂ ਜੋਤਸ਼ੀਆਂ, ਬਾਬਿਆਂ, ਜਾਦੂਗਰਾਂ, ਸਾਧੂ-ਸੰਤਾਂ, ਪੰਡਿਤਾਂ, ਪਾਦਰੀਆਂ ਤੇ ਪੁਜਾਰੀਆਂ ਨੂੰ ਅਕਲ ਇੱਕ ਮੂਰਖ ਤੇ ਲਾਈਲੱਗ ਵਿਅਕਤੀ ਨਾਲੋਂ ਵੀ ਘੱਟ ਹੁੰਦੀ ਹੈ, ਫਿਰ ਵੀ ਬਹੁਤ ਸਾਰੇ ਪੜ੍ਹੇ ਲਿਖੇ ਅਧਿਆਪਕ, ਡਾਕਟਰ, ਵਕੀਲ, ਇੰਜੀਨੀਅਰ, ਪ੍ਰਿੰਸੀਪਲ, ਪੱਤਰਕਾਰ, ਪ੍ਰੋਫੈਸਰ, ਮੈਨੇਜਰ ਤੇ ਕੁੱਝ ਮੂਰਖ ਵਿਗਿਆਨੀ ਵੀ ਇਨ੍ਹਾਂ ਨੂੰ ਸਭ ਤੋਂ ਵੱਧ ਅਕਲਮੰਦ ਸਮਝਦੇ ਹਨ ਤੇ ਇਨ੍ਹਾਂ ਦਾ ਪ੍ਰਚਾਰ ਵੱਡੀ ਪੱਧਰ ਤੇ ਆਪਣੀਆਂ ਲਿਖਤਾਂ ਤੇ ਅਫਵਾਹਾਂ ਰਾਹੀਂ ਕਰਦੇ ਹਨ।

ਇਹ ਸਾਰੀਆਂ ਗੱਲਾਂ ਦੱਸਣ ਤੋਂ ਬਾਅਦ ਮੈਂ ਉਸਨੂੰ ਆਪਣੀਆਂ ਤਿੰਨ ਗੱਲਾਂ ਨੂੰ ਅਪਣਾਉਣ ਦੀ ਸਲਾਹ ਦਿੱਤੀ (1) ਜਲਦੀ ਹੀ ਉਹ ਆਪਣਾ ਵਿਆਹ ਕਰਾ ਲਵੇ ਤਾਂ ਜੋ ਉਸਦਾ ਇਕੱਲਾਪਨ ਦੂਰ ਹੋ ਜਾਵੇ ਤੇ ਉਸਦੀ ਸੈਕਸ ਪੂਰਤੀ ਵੀ ਹੁੰਦੀ ਰਹੇ, ਜਿਸਦੀ ਉਹ ਆਪ ਵੀ ਕਾਮਨਾ ਕਰਦਾ ਸੀ। ਕਾਮਨਾ ਪੂਰੀ ਨਾ ਹੋਣ ਕਰਕੇ ਹੀ ਉਹ ਪ੍ਰੇਸ਼ਾਨ ਰਹਿੰਦਾ ਸੀ ਸਿਰਫ਼ ਏਹੀ ਇਕ ਕਾਰਨ ਸੀ, ਜਿਸ ਕਰਕੇ ਉਸਨੂੰ ਨੀਂਦ ਨਹੀਂ ਸੀ ਆਉਂਦੀ। ਮੈਂ ਮੰਨਦਾ ਹਾਂ ਕਿ ਜਿਵੇਂ 'ਰੋਟੀ' ਖਾਣਾ ਸਰੀਰ ਦੀ ਮੁੱਖ ਜ਼ਰੂਰਤ ਹੈ ਇਸੇ ਤਰ੍ਹਾਂ ਹੀ 'ਸੌਣਾ' ਮਨ ਦੀ ਖੁਰਾਕ ਹੈ। ਨੀਂਦ ਨਾ ਆਉਣ ਕਰਕੇ ਹੀ ਉਸਨੂੰ ਦ੍ਰਿਸ਼ਟੀ-ਭਰਮ ਹੋ ਗਿਆ ਸੀ ਤੇ ਉਸਨੂੰ ਆਪਣਾ ਹੀ ਰੂਪ ਸੁੱਤਾ ਹੋਇਆ ਦਿਖਾਈ ਦੇਣ ਲੱਗ ਪਿਆ ਸੀ, ਜਿਸਨੂੰ ਉਸਨੇ ਕਲਪਨਾ ਕਰਕੇ ਆਪਣਾ ਹੀ 'ਭੂਤ' ਸਮਝ ਲਿਆ ਸੀ। ਸੋਚਣ ਵਾਲੀ ਗੱਲ ਇਹ ਹੈ ਕਿ ਉਸਨੂੰ ਆਪਣਾ ਹੀ ਰੂਪ ਜਿਸਨੂੰ ਉਹ 'ਭੂਤ' ਸਮਝਦਾ ਸੀ ਉਹ ਸੁੱਤਾ ਹੋਇਆ ਹੀ ਕਿਉਂ ਦਿਖਾਈ ਦਿੱਤਾ, ਉਹ ਇਸ ਕਰਕੇ ਹੀ ਕਿਉਂਕਿ ਉਹ ਆਪ ਹੀ ਸੌਣ ਦੀ ਚਾਹਤ ਰੱਖਦਾ ਸੀ, ਇਸ ਲਈ ਉਸਦੇ 'ਅਚੇਤ ਮਨ' ਵਿੱਚ ਚਲ ਰਹੇ ਸੁਪਨੇ ਨੇ ਹੀ ਉਸਦੀ ਇਹ ਚਾਹਤ ਪੂਰੀ ਕਰ ਦਿੱਤੀ ਸੀ। ਜੇਕਰ ਉਹ ਮਨੋਵਿਗਿਆਨ ਬਾਰੇ ਕੁੱਝ ਜਾਣਦਾ ਹੁੰਦਾ ਤਾਂ ਉਸਨੇ ਸਮਝ ਜਾਣਾ ਸੀ ਕਿ ਇਹ ਉਸਦਾ ਆਪਣਾ ਹੀ ਦ੍ਰਿਸ਼ਟੀ ਭਰਮ ਹੈ। (2) ਉਹ ਕੋਈ ਪੈਸੇ ਕਮਾਉਣ ਵਾਲਾ ਕੰਮ-ਕਾਰ ਕਰਿਆ ਕਰੇ ਤਾਂ ਜੋ ਉਸਦਾ ਵਿਹਲਾ ਮਨ ਕਿਸੇ ਪਾਸੇ ਰੁੱਝਾ ਰਹੇ ਤੇ ਘਟੀਆ ਕਲਪਨਾਵਾਂ ਕਰਨ ਤੋਂ ਦੂਰ ਹੋ ਸਕੇ, ਕਿਉਂਕਿ ਇਹ ਇੱਕ ਬਹੁਤ ਵੱਡੀ ਸੱਚਾਈ ਹੈ ਕਿ ਵਿਹਲਾ ਮਨ ਘਟੀਆਂ ਕਲਪਨਾਵਾਂ ਦਾ ਜ਼ਿੰਮੇਵਾਰ ਹੁੰਦਾ ਹੈ। ਕੰਮ ਕਾਰ ਕਰਦੇ ਰਹਿਣ ਨਾਲ ਇਕ ਤਾਂ ਉਸਦਾ ਸਰੀਰ ਤੇ ਮਨ ਥੱਕ ਜਾਇਆ ਕਰਨਗੇ। ਦੂਸਰਾ ਉਸਦੀਆਂ ਜ਼ਰੂਰਤਾਂ ਪੂਰੀਆਂ ਹੋਣ ਤੇ ਪੈਸਾ ਪ੍ਰਾਪਤ ਹੋ ਜਾਇਆ ਕਰਨਗੇ, ਜਿਸ ਕਰਕੇ ਉਹ ਬਹੁਤ ਸਾਰੀਆਂ ਮਾਨਸਿਕ ਉਲਝਣਾਂ ਤੋਂ ਬਚ ਸਕਦਾ ਹੈ। (3) ਇਸ ਗੱਲ ਵੱਲ ਉਸਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ ਕੇ ਉਹ ਕੁੱਝ ਤਰਕਸ਼ੀਲਾਂ ਦੀਆਂ ਕਿਤਾਬਾਂ ਜ਼ਰੂਰ ਪੜ੍ਹਿਆ ਕਰੇ। ਭਾਵੇਂ ਉਹ ਪਹਿਲਾਂ ਕੁੱਝ ਕਿਤਾਬਾਂ ਪੜ੍ਹ ਚੁੱਕਾ ਹੈ ਪਰ ਉਸਨੂੰ ਇਹ ਆਪਣੀ ਜ਼ਿੰਦਗੀ ਵਿੱਚ ਲਾਗੂ ਨਹੀਂ ਕਰ ਸਕਿਆ। ਜੇਕਰ ਉਹ ਕਿਤਾਬਾਂ ਪੜ੍ਹੇਗਾ ਤੇ ਉਨ੍ਹਾਂ ਤੇ ਅਮਲ ਵੀ ਕਰੇਗਾ ਤਾਂ ਇਹ ਗੱਲ ਪੱਕੀ ਹੈ ਕਿ ਉਸਨੂੰ ਕਦੋਂ ਵੀ ਉਸਦਾ 'ਭੂਤ' ਦਿਖਾਈ ਨਹੀਂ ਦੇ ਸਕਦਾ। ਇਹ ਸਾਰੀਆਂ ਗੱਲਾਂ ਦੱਸਣ ਤੋਂ ਬਾਅਦ

ਮੈਂ ਉਸਨੂੰ ਕਿਹਾ ਜੇਕਰ ਦੁਆਰਾ ਭੂਤ ਦਿਖਾਈ ਦੇਵੇ ਤਾਂ ਮੋਬਾਇਲ ਦੁਆਰਾ ਮੈਨੂੰ ਇਸ ਬਾਰੇ ਉਸੇ ਸਮੇ ਦੱਸੇ।

**ਭੂਤ ਫਿਰ ਦਿਖਾਈ ਦੇਣ ਲੱਗਾ**

ਰਾਤ ਦੇ 12 ਵਜੇ ਮੇਰੇ ਮੋਬਾਇਲ ਦੀ ਰਿੰਗ ਵੱਜੀ ਇਹ ਉਸੇ ਦੋਸਤ ਦੀ ਸੀ, ਉਸਨੇ ਦੱਸਿਆ ਕਿ ਹੁਣ ਫਿਰ ਭੂਤ ਕਮਰੇ ਵਿੱਚ ਸੁੱਤਾ ਹੋਇਆ ਘਰਾੜੇ ਮਾਰਦਾ ਦਿਖਾਈ ਦੇ ਰਿਹਾ ਹੈ ਉਹ ਬਹੁਤ ਡਰਿਆ ਹੋਇਆ ਸੀ। ਮੈਂ ਕਿਹਾ ਕਿ ਇਹ ਉਸਦਾ ਦ੍ਰਿਸ਼ਟੀ ਭਰਮ ਹੈ, ਉਹ ਡਰੇ ਨਾ। ਭਾਵੇਂ ਮੈਂ ਜਲਦੀ ਹੀ ਉਸਦੇ ਘਰ ਉਸੇ ਸਮੇਂ ਜਾਣਾ ਚਾਹੁੰਦਾ ਸੀ ਪਰ ਘਰੇਲੂ ਸਮੱਸਿਆ ਕਰਕੇ ਨਾ ਜਾ ਸਕਿਆ। ਮੈਂ ਉਸਨੂੰ ਜਲਦੀ ਹੀ ਮੇਰੇ ਕੋਲ ਆ ਜਾਣ ਲਈ ਕਿਹਾ। ਉਹ ਜਲਦੀ ਹੀ ਦੌੜਦਾ ਹੋਇਆ ਮੇਰੇ ਕੋਲ ਆ ਗਿਆ। ਉਸਨੇ ਮੈਨੂੰ ਭੂਤ ਬਾਰੇ ਵਿਸਥਾਰ ਨਾਲ ਦੱਸਿਆ ਕਿ ਜਦੋਂ ਉਹ 12 ਵਜੇ ਦੇ ਕਰੀਬ ਸੌਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਸੇ ਸਮੇਂ 'ਭੂਤ' ਦੇ ਸੌਣ ਕਾਰਨ ਘਰਾੜੇ ਫਿਰ ਸੁਣਾਈ ਦੇਣ ਲੱਗੇ ਤਾਂ ਜਦੋਂ ਉਹ ਹੌਂਸਲਾ ਕਰਕੇ ਭੂਤ ਵਾਲੇ ਕਮਰੇ ਵਿੱਚ ਗਿਆ ਤਾਂ ਭੂਤ ਗੂੜ੍ਹੀ ਨੀਂਦ ਸੁੱਤਾ ਪਿਆ ਘਰਾੜੇ ਮਾਰ ਰਿਹਾ ਸੀ। ਫਿਰ ਭੂਤ ਨੇ ਸੌਣਾ ਛੱਡਕੇ ਉਸ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਭੂਤ ਨੇ ਕਿਹਾ ਕਿ ਉਹ ਡਰੇ ਨਾ ਮੈਂ ਉਸਨੂੰ ਕੁੱਝ ਨਹੀਂ ਕਹਾਂਗਾ। ਭੂਤ ਨੇ ਦੱਸਿਆ ਕਿ ਮੈਂ ਉਸਦਾ ਛੋਟਾ ਭਰਾ ਹਾਂ ਜੋ ਕਈ ਸਾਲ ਪਹਿਲਾਂ ਕੈਂਸਰ ਕਾਰਨ ਮਰ ਗਿਆ ਸੀ ਤੇ ਹੁਣ ਉਹ ਤੇਰਾ ਰੂਪ ਧਾਰ ਕੇ ਇਸ ਘਰ ਵਿੱਚ ਰਹਿੰਦਾ ਹੈ। ਭੂਤ ਨੇ ਕਿਹਾ ਕਿ ਉਹ ਇੱਥੇ ਕੁੱਝ ਦਿਨ ਹੋਰ ਰਹੇਗਾ ਤੇ ਕਿਸੇ ਨੂੰ ਨੁਕਸਾਨ ਵੀ ਨਹੀਂ ਪਹੁੰਚਾਏਗਾ ਅਤੇ ਉਹ ਨਾ ਹੀ ਕਿਸੇ ਹੋਰ ਨੂੰ ਦਿਖਾਈ ਦੇਵੇਗਾ। ਜਲਦੀ ਹੀ ਭੂਤ ਨੇ ਉਸਨੂੰ ਹਰਿਦੁਆਰ ਜਾ ਕੇ ਨਹਾਉਣ ਲਈ ਕਿਹਾ ਤਾਂ ਜੋ ਉਸਦੀ ਮੁਕਤੀ ਹੋ ਸਕੇ ਨਹੀਂ ਤਾਂ ਉਹ ਇਸੇ ਤਰ੍ਹਾਂ ਹੀ ਭਟਕਦਾ ਰਹੇਗਾ। ਜਦ ਉਹ ਦੋਸਤ ਮੈਨੂੰ ਇਹ ਸਭ ਦੱਸ ਰਿਹਾ ਸੀ ਤਾਂ ਉਹ ਡਰ ਨਾਲ ਕੰਬ ਰਿਹਾ ਸੀ। ਮੈਂ ਉਸਨੂੰ ਹੌਂਸਲਾ ਦਿੱਤਾ ਕਿ ਉਹ ਡਰੇ ਨਾ ਅੱਜ ਰਾਤ ਉਹ ਮੇਰੇ ਕੋਲ ਹੀ ਸੌਂ ਜਾਵੇ। ਕਾਫ਼ੀ ਰਾਤ ਤੱਕ ਮੈਂ ਉਸਦੇ ਮਨ ਵਿੱਚੋਂ ਭੂਤਾਂ-ਪ੍ਰੇਤਾਂ ਦਾ ਵਹਿਮ ਖਤਮ ਕਰਨ ਲਈ ਉਸਨੂੰ ਤਰਕਸ਼ੀਲ ਤੇ ਵਿਗਿਆਨਕ ਕਹਾਣੀਆਂ ਸੁਣਾਉਂਦਾ ਰਿਹਾ। ਉਸਦਾ ਮਨ ਦਲੇਰ ਹੋ ਗਿਆ ਤੇ ਹੌਂਸਲੇ ਨਾਲ ਉਹ ਆਪਣੇ ਘਰ ਫਿਰ ਜਾਣ ਲਈ ਤਿਆਰ ਹੋ ਗਿਆ, ਜਾਣ ਲੱਗਾ ਉਹ ਇਹ ਕਹਿ ਗਿਆ ਕਿ ਸੱਚਮੁੱਚ ਹੀ ਇਹ ਉਸਦਾ ਦ੍ਰਿਸ਼ਟੀ ਭਰਮ ਹੈ, ਜੇਕਰ ਹੁਣ ਭੂਤ ਦਿਖਾਈ ਦਿੱਤਾ ਤਾਂ ਉਹ ਉਸ ਨਾਲ ਟੱਕਰ ਲਵੇਗਾ। ਦਿਨ ਚੜ੍ਹਨ ਤੇ ਮੈਂ ਉਸਦੇ ਘਰ ਮਿਲਣ ਲਈ ਗਿਆ, ਪੁੱਛਿਆ ਕਿ ਦੁਆਰਾ ਭੂਤ ਦਿਖਾਈ ਤਾਂ ਨਹੀਂ ਦਿੱਤਾ, ਉਸਨੇ ਕਿਹਾ ਬਿਲਕੁਲ ਨਹੀਂ। ਮੈਂ ਫਿਰ ਉਸਨੂੰ ਕਿਹਾ ਕਿ ਉਹ ਜਲਦੀ ਹੀ ਵਿਆਹ ਕਰਾ ਲਵੇ ਤੇ ਕੋਈ ਮਨ-ਪਸੰਦ ਕੰਮ ਕਰਿਆ ਕਰੇ ਤਾਂ ਜੋ ਉਸਦਾ ਇਕੱਲਾਪਨ ਤੇ ਵਿਹਲਾਪਨ ਦੂਰ ਹੋ ਸਕੇ। ਜਿਸ ਕਰਕੇ ਉਸਨੂੰ ਇਹ ਮਾਨਸਿਕ ਸਮੱਸਿਆ ਪੈਦਾ ਹੋਈ ਸੀ ਅਤੇ ਨਾਲ ਹੀ ਕੁੱਝ ਤਰਕਸ਼ੀਲਾਂ ਦੀਆਂ ਕਿਤਾਬਾਂ ਜ਼ਰੂਰ ਪੜ੍ਹਿਆ ਕਰੇ ਤੇ ਉਸ ਵਿਚਲੀਆਂ ਗੱਲਾਂ 'ਤੇ ਅਮਲ ਵੀ ਕਰਿਆ ਕਰੇ। ਜਲਦੀ ਹੀ ਉਸਨੇ ਵਿਆਹ ਕਰਾ ਲਿਆ ਤੇ ਕੰਮ 'ਤੇ ਜਾਣ ਲੱਗਾ। ਉਸ ਤੋਂ ਬਾਅਦ ਉਸਨੂੰ ਆਪਣਾ ਹੀ ਰੂਪ 'ਭੂਤ' ਬਣਕੇ ਦਿਖਾਈ ਦੇਣੋ ਹਟ ਗਿਆ ਤੇ ਖੁਸ਼ ਰਹਿਣ ਲੱਗ ਪਿਆ।

**ਭੂਤ ਦੁਬਾਰਾ ਫਿਰ ਆ ਗਿਆ**

ਇਕ ਦਿਨ ਦੋਸਤ ਫਿਰ ਮੈਨੂੰ ਮਿਲਣ ਆਇਆ ਤੇ ਦੱਸਣ ਲੱਗਾ ਕਿ ਭੂਤ ਅੱਜ ਰਾਤ ਫਿਰ ਦਿਖਾਈ ਦਿੱਤਾ ਸੀ। ਮੈਂ ਹੈਰਾਨ ਹੋ ਕੇ ਪੁੱਛਿਆ, 'ਉਸ ਸਮੇਂ ਤੇਰੀ ਘਰ ਵਾਲੀ (ਵਹੁਟੀ) ਕਿੱਥੇ ਸੀ ਤਾਂ ਉਸਨੇ ਦੱਸਿਆ ਕਿ ਉਹ ਕੁੱਝ ਦਿਨਾਂ ਤੋਂ ਪੇਕੇ ਘਰ ਗਈ ਹੋਈ ਹੈ।' ਮੈਂ ਹੱਸਿਆ ਤੇ ਸਮਝ ਗਿਆ ਕਿ ਉਸਦਾ ਇਕੱਲਾਪਨ ਤੇ ਵਿਹਲਾਪਨ ਹੀ ਅਸਲੀ ਭੂਤ ਹੈ। ਮੈਂ ਕਿਹਾ ਕਿ ਜਲਦੀ ਹੀ ਉਹ ਆਪਣੀ ਘਰਵਾਲੀ ਨੂੰ ਆਪਣੇ ਕੋਲ ਬੁਲਾ ਲਵੇ ਤੇ ਕੰਮਕਾਰ ਵਿੱਚ ਰੁਝਾ ਰਹੇ। ਭਾਵੇਂ ਉਸਨੇ ਮੇਰੀਆਂ ਦੋ ਗੱਲਾਂ ਵੱਲ ਤਾਂ ਧਿਆਨ ਦੇ ਦਿੱਤਾ ਸੀ ਪਰ ਤੀਜੀ ਗੱਲ ਨੂੰ ਨਜ਼ਰ ਅੰਦਾਜ਼ ਕਰ ਰੱਖਿਆ ਸੀ ਕਿ ਉਹ ਤਰਕਸ਼ੀਲਾਂ ਦੀਆਂ ਕੁੱਝ ਕਿਤਾਬਾਂ ਜ਼ਰੂਰ ਪੜ੍ਹਿਆ ਕਰੇ ਤੇ ਤਰਕ ਤੇ ਵਿਗਿਆਨ ਨਾਲ ਸੋਚਿਆ ਕਰੇ। ਤਾਂ ਜੋ ਉਸਦੀ ਸੋਚ ਅਜਿਹੀਆਂ ਹੀ ਘਟਨਾਵਾਂ ਬਾਰੇ ਖੋਜ ਤੇ ਜਾਂਚ ਪੜਤਾਲ ਕਰਕੇ ਪਰਖ ਵਾਲੀ ਬਣ ਸਕੇ। ਜੇਕਰ ਉਹ ਅਜਿਹਾ ਹੀ ਕਰੇਗਾ ਤਾਂ ਭੂਤ ਉਸਦਾ ਪਿੱਛਾ ਨਹੀਂ ਛੱਡੇਗਾ। ਜੇਕਰ ਉਹ ਸ਼ੁਰੂ ਤੋਂ ਹੀ ਤਰਕ ਤੇ ਵਿਗਿਆਨਕ ਸੋਚ ਨਾਲ ਦੇਖਦਾ ਤਾਂ ਉਸਨੂੰ ਭੂਤ ਕਦੇ ਦਿਖਾਈ ਨਾ ਦਿੰਦਾ। ਮੈਂ ਕਿਹਾ ਕਿ ਜਲਦੀ ਹੀ ਉਹ ਮੇਰੀਆਂ ਇਨ੍ਹਾਂ ਗੱਲਾਂ ਵੱਲ ਖਾਸ ਧਿਆਨ ਦੇਵੇ। ਉਸਨੇ ਜਲਦੀ ਹੀ ਆਪਣੀ ਘਰਵਾਲੀ ਨੂੰ ਆਪਣੇ ਕੋਲ ਬੁਲਾਇਆ ਤੇ ਕੰਮ ਤੇ ਜਾਣ ਲੱਗਾ ਅਤੇ ਨਾਲ ਹੀ ਕੁੱਝ ਤਰਕਸ਼ੀਲ ਕਿਤਾਬਾਂ ਵੀ ਪੜ੍ਹਨ ਲੱਗ ਪਿਆ। ਹੁਣ ਉਸਨੂੰ ਇਹ ਯਕੀਨ ਆ ਗਿਆ ਕਿ ਸੱਚਮੁੱਚ ਹੀ ਭੂਤ-ਪ੍ਰੇਤ ਨਹੀਂ ਹੁੰਦੇ। ਉਸ ਤੋਂ ਬਾਅਦ ਉਸਨੂੰ ਉਸਦਾ ਆਪਣਾ ਹੀ ਭੂਤ ਕਦੇ ਦਿਖਾਈ ਨਾ ਦਿੱਤਾ। ਅੱਜ ਲੱਗਭਗ ਇਕ ਸਾਲ ਬੀਤ ਜਾਣ ਤੇ ਵੀ ਜਦੋਂ ਉਹ ਕਦੇ ਮੇਰੇ ਕੋਲ ਆਉਂਦਾ ਹੈ ਤਾਂ ਏਹੀ ਕਹਿੰਦਾ ਹੈ ਕਿ ਭੂਤ-ਪ੍ਰੇਤ, ਜਾਦੂ-ਟੂਣਾ, ਜੰਤਰ-ਮੰਤਰ ਤੇ ਦੇਵੀ-ਦੇਵਤੇ ਸਭ ਝੂਠ ਹਨ। ਇਹ ਸਿਰਫ਼ ਜੋਤਸ਼ੀਆਂ, ਬਾਬਿਆਂ, ਜਾਦੂਗਰਾਂ, ਸਾਧੂ-ਸੰਤਾਂ, ਪਾਦਰੀਆਂ ਤੇ ਪੁਜਾਰੀਆਂ ਵਰਗੇ ਚਲਾਕ ਤੇ ਧੋਖੇਬਾਜ਼ ਵਿਅਕਤੀਆਂ ਵਲੋਂ ਭੋਲੇ ਭਾਲੇ, ਗਰੀਬਾਂ, ਅਨਪੜ੍ਹਾਂ ਤੇ ਮਿਹਨਤੀ ਲੋਕਾਂ ਨੂੰ ਲੁੱਟਣ ਲਈ ਫੈਲਾਏ ਗਏ ਵਹਿਮ-ਭਰਮ ਤੇ ਅੰਧਵਿਸ਼ਵਾਸ ਹੀ ਹੁੰਦੇ ਹਨ।

ਟੈਲੀਵਿਜ਼ਨ ਦੇ ਵੱਖ-ਵੱਖ ਚੈਨਲਾਂ ਉਤੇ ਪਖੰਡੀ ਤੇ ਧੋਖੇਬਾਜ਼ ਜੋਤਸ਼ੀ, ਬਾਬੇ ਤੇ ਸਾਧ-ਸੰਤ ਬਹੁਤ ਸਾਰੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਦਾ ਪ੍ਰਚਾਰ ਕਰਕੇ ਗਰੀਬ, ਭੋਲੇ-ਭਾਲੇ ਤੇ ਅਨਪੜ੍ਹ ਲੋਕਾਂ ਨੂੰ ਧੋਖੇ ਨਾਲ ਮੂਰਖ ਤੇ ਲਾਈਲੱਗ ਬਣਾ ਕੇ ਲੁੱਟਦੇ ਹੋਏ ਹਰ ਰੋਜ਼ ਦੇਖੇ ਜਾ ਸਕਦੇ ਹਨ। ਭਾਵੇਂ ਸੰਵਿਧਾਨ ਅਨੁਸਾਰ ਲੁੱਟਣਾ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਭ ਤੋਂ ਵੱਡਾ ਜੁਰਮ ਹੈ, ਫਿਰ ਵੀ ਸਰਕਾਰ ਅਤੇ ਕਾਨੂੰਨ ਦੇ ਰੱਖਵਾਲੇ, ਪੁਲਸ ਵਾਲੇ ਇਨ੍ਹਾਂ ਧੋਖੇਬਾਜ ਪਖੰਡੀਆਂ ਨੂੰ ਲੁੱਟਣ ਦੇ ਜੁਰਮ ਵਿੱਚ ਕਦੇ ਗ੍ਰਿਫਤਾਰ ਨਹੀਂ ਕਰਦੇ। ਇਸ ਕਰਕੇ ਹੀ ਇਹ ਲੁਟੇਰੇ ਦਿਨੋਂ ਦਿਨ ਲਗਾਤਾਰ ਵੱਧ ਰਹੇ ਹਨ। ਜੋ 'ਘਟੀਆ ਸਰਕਾਰ' ਦੇ ਹੋਣ ਦਾ ਸਭ ਤੋਂ ਵੱਡਾ ਸਬੂਤ ਦਿੰਦੇ ਹਨ।

ਪੜ੍ਹੇ-ਲਿਖੇ ਅਤੇ ਉੱਚੇ ਅਹੁਦਿਆਂ ਵਾਲੇ ਡਾਕਟਰਾਂ, ਅਧਿਆਪਕਾਂ, ਵਕੀਲਾਂ, ਪ੍ਰਚਾਰਕਾਂ, ਪੱਤਰਕਾਰਾਂ, ਪ੍ਰੋਫੈਸਰਾਂ, ਪ੍ਰਿੰਸੀਪਲਾਂ ਤੇ ਵਿਗਿਆਨੀਆਂ ਨੂੰ ਹੀ ਤਰਕਸ਼ੀਲ ਨਹੀਂ ਸਮਝ ਲੈਣਾ ਚਾਹੀਦਾ। ਇਹ ਸਾਰੇ ਪੜ੍ਹੇ-ਲਿਖੇ ਤੇ ਸੂਝਵਾਨ ਹੋਣ ਤੇ ਵੀ ਮੂਰਖ ਤੇ ਲਾਈਲੱਗ ਹੁੰਦੇ ਹਨ ਜੋ ਭੂਤਾਂ-ਚੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਦੇਵੀ-ਦੇਵਤਿਆਂ ਤੇ ਆਤਮਾ ਪ੍ਰਮਾਤਮਾ ਵਰਗੇ ਬਹੁਤ ਹੀ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਯਕੀਨ ਰੱਖਣ ਲੱਗ ਜਾਂਦੇ ਹਨ। ਸਿਰਫ਼ ਉਹੀ ਵਿਅਕਤੀ ਇਨ੍ਹਾਂ ਖਤਰਨਾਕ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਤੋਂ ਛੁਟਕਾਰਾ ਪਾ ਸਕਦੇ ਹਨ ਜੋ 'ਤਰਕ' ਨਾਲ ਸੋਚਦੇ ਹਨ। ਵਹਿਮੀ ਤੇ ਅੰਧਵਿਸ਼ਵਾਸੀ ਤਾਂ ਆਪਣੀ ਪੜ੍ਹਾਈ ਅਤੇ ਅਕਲਮੰਦ ਹੋਣ ਦੇ ਬਾਵਜੂਦ ਵੀ ਮਾਨਸਿਕ ਤੌਰ 'ਤੇ ਮੂਰਖ ਤੇ ਅੰਨ੍ਹੇ ਹੁੰਦੇ ਹਨ। ਜੋ ਸਮਾਜ ਲਈ ਸਭ ਤੋਂ ਵੱਧ ਖਤਰਨਾਕ ਸਾਬਤ ਹੁੰਦੇ ਹਨ।

*ਪਿੰਡ ਤੇ ਡਾਕ : ਬਿਰਕ,ਤਹਿ : ਫਿਲੌਰ, ਜ਼ਿਲ੍ਹਾ : ਜਲੰਧਰ*

# ਯਾਦਾਂ ਦੇ ਝਰੋਖੇ 'ਚੋਂ

ਮੇਘ ਰਾਜ ਮਿੱਤਰ

### ✪ ਗਾਥਾ ਇੱਕ ਪੁਸਤਕ ਦੀ

24 ਅਪ੍ਰੈਲ ਦੇ ਪੰਜਾਬ ਟ੍ਰਿਬਿਊਨ ਵਿੱਚ ਮੇਰਾ ਇੱਕ ਲੇਖ ਛਪਿਆ ਜਿਸਦਾ ਸਿਰਲੇਖ ਸੀ 'ਗਾਥਾ ਇੱਕ ਪੁਸਤਕ ਦੀ'। ਇਸ ਰਚਨਾ ਨੂੰ ਪੜ੍ਹ ਕੇ ਬਹੁਤ ਸਾਰੇ ਪਾਠਕਾਂ ਨੇ ਇੱਕ ਚੰਗੀ ਲਿਖਤ ਲਈ ਮੇਰਾ ਧੰਨਵਾਦ ਕੀਤਾ। ਕੁਝ ਦੇ ਕਿੰਤੂ ਪ੍ਰੰਤੂ ਸਨ। ਉਹ ਮੈਂ ਜਰੂਰ ਵਿਗਿਆਨ ਜੋਤ ਦੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਕੋਟ ਈਸੇ ਖਾਂ ਤੋਂ ਇੱਕ ਵਿਅਕਤੀ ਦਾ ਫੋਨ ਆਇਆ ਕਹਿਣ ਲੱਗਿਆ ਕਿ "ਇਨ੍ਹਾਂ ਕਿਤਾਬਾਂ ਨੂੰ ਪੜ੍ਹ ਕੇ ਇੱਕ ਵਿਅਕਤੀ ਪਾਗਲ ਹੋ ਗਿਆ ਹੈ।" ਮੈਂ ਉਸਨੂੰ ਕਿਹਾ ਕਿ "ਤੇ ਦੇਵ ਪੁਰਸ਼ ਹਾਰ ਗਏ ਪੜ੍ਹ ਕੇ, ਜੇ ਕੋਈ ਵਿਅਕਤੀ ਪਾਗਲ ਹੋ ਸਕਦਾ ਹੈ ਤਾਂ ਉਹਨਾਂ ਦਸ ਲੱਖ ਵਿਅਕਤੀਆਂ ਦਾ ਕੀ ਬਣੇਗਾ ਜਿਨ੍ਹਾਂ ਨੇ ਇਹ ਕਿਤਾਬ ਪੜ੍ਹੀ ਤੇ ਪੜ੍ਹਾਈ ਹੈ? ਇਸ ਲਈ ਤੇਰੀ ਇਹ ਗੱਲ ਝੂਠੀ ਹੈ।" ਉਹ ਆਪਣੀ ਗੱਲ ਤੇ ਕਾਇਮ ਰਿਹਾ। ਉਸਨੇ ਪਾਗਲ ਦਰਸਾਏ ਜਾ ਰਹੇ ਵਿਅਕਤੀ ਦਾ ਫੋਨ ਨੰ: ਵੀ ਮੈਨੂੰ ਦੇ ਦਿੱਤਾ। ਮੈਂ ਸਬੰਧਤ ਵਿਅਕਤੀ ਨਾਲ ਸੰਪਰਕ ਕੀਤਾ ਤਾਂ ਉਹ ਕਹਿਣ ਲੱਗਿਆ ਕਿ "ਮੇਰੇ ਦਿਮਾਗ ਵਿੱਚ ਕਦੇ ਵੀ ਕੋਈ ਨੁਕਸ਼ ਨਹੀਂ ਪਿਆ। ਮੈਂ ਤੁਹਾਡੀਆਂ ਕਿਤਾਬਾਂ ਪੜ੍ਹ ਕੇ ਪੂਰੀ ਤਰ੍ਹਾਂ ਤਰਕਸ਼ੀਲ ਬਣ ਗਿਆ ਸੀ। ਪਰ ਮੈਂ ਹੁਣ ਤੱਕ ਜਿੰਨੇ ਵੀ ਕੰਮਾਂ ਨੂੰ ਹੱਥ ਪਾਇਆ ਹੈ, ਉਹਨਾਂ ਵਿੱਚ ਅਸਫਲਤਾ ਹੀ ਮੇਰੇ ਪੱਲੇ ਪਈ ਹੈ। ਇਸ ਲਈ ਮੇਰਾ ਆਲਾ ਦੁਆਲਾ, ਰਿਸ਼ਤੇਦਾਰ ਅਤੇ ਮਿੱਤਰ ਦੋਸਤ ਮੈਨੂੰ ਪਾਗਲ ਸਮਝਣ ਲੱਗ ਪਏ ਹਨ।" ਅਸਲ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸਿਰਫ ਤਰਕਸ਼ੀਲ ਹੋਣਾ ਇਕੱਲੀ ਸ਼ਰਤ ਨਹੀਂ ਹੈ ਸਗੋਂ ਇਸਦੇ ਨਾਲ ਹੀ ਚੰਗੀਆਂ ਇਖਲਾਕੀ ਕਦਰਾਂ ਕੀਮਤਾਂ ਵੀ ਜਰੂਰੀ ਹਨ। ਮੈਂ ਇਸ ਵਿਅਕਤੀ ਨੂੰ ਆਪਣੇ ਕੋਲ ਬੁਲਾ ਕੇ ਕੁਝ ਗੱਲਾਂ ਦੱਸਾਂਗਾ ਤਾਂ ਜੋ ਇਹ ਵਿਅਕਤੀ ਸਫਲ ਹੋ ਕੇ ਤਰਕਸ਼ੀਲਤਾ ਦਾ ਝੰਡਾ ਹੋਰ ਬੁਲੰਦ ਕਰ ਸਕੇ।

### ✪ ਮਿੱਤਰ ਪਾਗਲ ਹੋ ਗਿਆ

ਮੇਰਾ ਇੱਕ ਲੇਖਕ ਮਿੱਤਰ ਇੱਕ ਵਿਅਕਤੀ ਨੂੰ ਮਿਲਿਆ ਤੇ ਗੱਲਾਂ ਗੱਲਾਂ ਵਿੱਚ ਉਹ ਵਿਅਕਤੀ ਕਹਿਣ ਲੱਗਿਆ ਕਿ ਕਿਤਾਬ "... ਤੇ ਦੇਵ ਪੁਰਸ਼ ਹਾਰ ਗਏ" ਦਾ ਅਨੁਵਾਦਕ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਾ ਹੈ। ਮੇਰਾ ਲੇਖਕ ਮਿੱਤਰ ਕਹਿਣ ਲੱਗਿਆ ਕਿ ਮੈਂ ਅਜੇ ਦੋ ਤਿੰਨ ਦਿਨ ਪਹਿਲਾਂ ਹੀ ਉਸਨੂੰ ਮਿਲਿਆ ਹਾਂ ਪਰ ਮੈਨੂੰ ਤਾਂ ਇਹ ਗੱਲ ਨਜ਼ਰ ਨਹੀਂ ਆਈ।

ਅਸਲ ਵਿੱਚ ਧਾਰਮਿਕ ਵਿਅਕਤੀ ਸੋਚਦੇ ਹਨ ਕਿ ਕਿਤਾਬ 'ਤੇ ਦੇਵ ਪੁਰਸ਼ ਹਾਰ ਗਏ' ਇੱਕ ਤਰਕਸ਼ੀਲ ਕਿਤਾਬ ਹੈ। ਤਰਕਸ਼ੀਲ ਕਿਤਾਬਾਂ ਪੜ੍ਹਨ ਵਾਲੇ, ਅਨੁਵਾਦ ਕਰਨ ਵਾਲੇ ਤੇ ਲੇਖਕ ਪਾਗਲ ਹੀ ਹੁੰਦੇ ਹਨ।

### ✪ ਤੋਪ ਸੇ ਉਡਾ ਦੋ

24 ਅਪ੍ਰੈਲ ਨੂੰ ਹੀ ਤਰਕਸ਼ੀਲ ਸੋਸਾਇਟੀ ਭਾਰਤ ਆਪਣਾ ਦੋ ਸਾਲਾਂ ਇਜਲਾਸ ਫਰੀਦਕੋਟ ਵਿਖੇ ਕਰ ਰਹੀ ਸੀ। ਇਸ ਵਿੱਚ ਹਾਜ਼ਰ ਡੈਲੀਗੇਟ ਪ੍ਰੇਮ ਸਿੰਘ ਬਰਾੜ ਕਹਿਣ ਲੱਗਿਆ ਕਿ ਮੈਂ ਬੱਤੀ ਵਰ੍ਹੇ ਫੌਜ ਵਿੱਚ ਨੌਕਰੀ ਕਰਦਾ ਰਿਹਾ ਹਾਂ। ਜਦੋਂ ਅਸੀਂ ਭਰਤੀ ਹੋਏ ਤਾਂ ਸਾਡਾ ਹੀ ਇੱਕ ਪੰਜਾਬੀ ਭਰਾ ਕਹਿਣ ਲੱਗਿਆ ਕਿ ਮੈਨੂੰ ਕਸਰ ਹੁੰਦੀ ਹੈ। ਅਸੀਂ ਉਸਨੂੰ ਕਮਾਂਡਰ ਕੋਲ ਲੈ ਗਏ। ਮਦਰਾਸੀ ਕਮਾਂਡਰ ਪੁੱਛਣ ਲੱਗਿਆ ਕਿ "ਕਸਰ ਕਿਆ ਹੋਤੀ ਹੈ?" ਅਸੀਂ ਉਸਨੂੰ ਦੱਸਿਆ ਕਿ ਇਹ "ਕੋਈ ਭੂਤ ਪ੍ਰੇਤ ਇਸ ਦੇ ਅੰਦਰ ਵੜ ਗਿਆ ਹੈ।" ਉਸਨੇ ਉਸ ਸਮੇਂ ਦੋ ਤਿੰਨ ਫੌਜੀਆਂ ਨੂੰ ਬੁਲਾਇਆ ਕਹਿਣ ਲੱਗਿਆ, "ਇਸ ਕੋ ਲੇ ਜਾਓ ਔਰ ਤੋਪ ਸੇ ਉਡਾ ਦੋ। ਭੂਤ ਉੱਡ ਜਾਏਗਾ।" ਅਸੀਂ ਲੱਗਭਗ 32 ਵਰ੍ਹੇ ਇਕੱਠੇ ਰਹੇ। ਉਸ ਤੋਂ ਬਾਅਦ ਕਦੇ ਵੀ ਉਸ ਨੂੰ ਕਸਰ ਨਾ ਹੋਈ।

### ✪ ਧਾਰਮਿਕ ਅਸਥਾਨਾਂ ਵਲੋਂ ਨਜ਼ਾਇਜ ਕਬਜ਼ੇ

ਪੰਜਾਬ ਦੀ ਮੌਜੂਦਾ ਸਰਕਾਰ ਧਾਰਮਿਕ ਅਸਥਾਨਾਂ ਨੂੰ ਕਿਵੇਂ ਗੱਫੇ ਬਖਸ਼ ਰਹੀ ਹੈ, ਇਸ ਦੀ ਤਾਜਾ ਉਦਾਹਰਣ ਮੋਹਾਲੀ ਵਿੱਚ ਮਿਲੀ ਹੈ। ਧਾਰਮਿਕ ਅਸਥਾਨਾਂ ਨੇ ਪਹਿਲਾਂ ਹੀ ਸੈਂਕੜੇ ਏਕੜ ਸਰਕਾਰੀ ਥਾਵਾਂ ਤੇ ਨਜਾਇਜ ਕਬਜ਼ੇ ਕੀਤੇ ਹੋਏ ਹਨ। ਕਈ ਥਾਵਾਂ ਤੇ ਸੜਕਾਂ ਵਾਲੀਆਂ ਥਾਵਾਂ ਹੀ ਇਹਨਾਂ ਨੇ ਮੱਲ੍ਹੀਆਂ ਹੋਈਆਂ ਹਨ, ਸਿੱਟੇ ਵਜੋਂ ਅਜਿਹੇ ਥਾਵਾਂ ਤੇ ਸੜਕਾਂ ਵੀ ਵਿੰਗ ਪਾਕੇ ਜਾਂਦੀਆਂ ਹਨ ਤੇ ਬਹੁਤ ਸਾਰੀਆਂ ਦੁਰਘਟਨਾਵਾਂ ਦਾ ਕਾਰਨ ਵੀ ਇਹ ਧਾਰਮਿਕ ਸਥਾਨ ਬਣਦੇ ਹਨ। ਹੁਣ ਪੰਜਾਬ ਦਾ ਮੁੱਖ ਮੰਤਰੀ ਇਹ ਬਿਆਨ ਦੇ ਰਿਹਾ ਹੈ ਕਿ ਨਜ਼ਾਇਜ ਥਾਵਾਂ ਤੇ ਉਸਾਰੇ ਗਏ ਕਿਸੇ ਵੀ ਧਾਰਮਿਕ ਸਥਾਨ ਨੂੰ ਢਾਹਿਆ






ਨਹੀਂ ਜਾਵੇਗਾ। ਇਸ ਨਾਲ ਅਜਿਹੇ ਧਾਰਮਿਕ ਸਥਾਨਾਂ ਦੇ ਮਾਲਕਾਂ ਨੂੰ ਹੱਲਾਸ਼ੇਰੀ ਮਿਲੀ ਹੈ। ਉਹਨਾਂ ਨੇ ਇਹਨਾਂ ਧਾਰਮਿਕ ਸਥਾਨਾਂ ਨੂੰ ਹੋਰ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਕਈ ਥਾਂਵੀਂ ਨਵੇਂ ਨਿਸ਼ਾਨ ਸਾਹਿਬ ਖੜੇ ਕਰ ਦਿੱਤੇ ਗਏ ਹਨ।

ਇਸ ਦੇਸ਼ ਦੇ ਲੋਕ ਕੰਗਾਲ ਹੁੰਦੇ ਹਨ ਤਾਂ ਹੋਈ ਜਾਣ ਪਰ ਧਾਰਮਿਕ ਸਥਾਨ ਤਾਂ ਦਿਨੋਂ ਦਿਨ ਵਧਣੇ ਚਾਹੀਦੇ ਹਨ। ਪੰਜਾਬ ਵਿੱਚ ਵੀ ਧਾਰਮਿਕ ਸਥਾਨਾਂ ਅਤੇ ਸਾਧਾਂ ਸੰਤਾਂ ਕੋਲ ਐਨੀ ਜਾਇਦਾਦ ਹੈ ਕਿ ਜੇ ਪਾਠ ਪੂਜਾ ਲਈ ਜਰੂਰਤ ਦੀ ਥਾਂ ਛੱਡ ਕੇ ਬਾਕੀ ਇਹਨਾਂ ਤੋਂ ਲੈ ਲਈ ਜਾਵੇ ਤਾਂ ਉਸ ਪੈਸੇ ਨਾਲ ਹਰ ਪਿੰਡ ਵਿੱਚ ਸਕੂਲ, ਪਸ਼ੂਆਂ ਤੇ ਮਨੁੱਖਾਂ ਲਈ ਹਸਪਤਾਲ, ਪੱਕੀਆਂ ਗਲੀਆਂ ਤੇ ਸੜਕਾਂ ਬਣਾਈਆਂ ਜਾ ਸਕਦੀਆਂ ਹਨ।

### ✪ ਜਪਾਨ ਵਿੱਚ ਸੁਨਾਮੀ

ਦੁਨੀਆਂ ਦੇ ਬਹੁਤ ਸਾਰੇ ਲੋਕ ਇਸ ਗੱਲ ਵਿੱਚ ਯਕੀਨ ਕਰਦੇ ਹਨ ਕਿ ਜਾਪਾਨ ਨੂੰ ਤਬਾਹ ਕਰਨ ਲਈ ਆਈ ਸੁਨਾਮੀ ਸ਼ਾਇਦ ਵਿਗਿਆਨੀਆਂ ਵਲੋਂ ਕੀਤੀ ਜਾ ਰਹੀ ਧਰਤੀ ਦੀ ਨਜ਼ਾਇਜ ਵਰਤੋਂ ਕਰਕੇ ਹੈ। ਇਸੇ ਤਰ੍ਹਾਂ ਦੀ ਸੋਚ ਦਾ ਪ੍ਰਗਟਾਵਾ ਕਰਨ ਲਈ ਦੋ ਸਿੱਖੀ ਭੇਸ਼ ਵਾਲੇ ਮੰਗਤੇ ਸਾਡੇ ਕੋਲ ਦਫ਼ਤਰ ਵਿੱਚ ਆ ਗਏ। ਇੱਕ ਕਹਿਣ ਲੱਗਿਆ ਸੰਤ ਜੀ ਮਹਾਰਾਜ ਤੁਹਾਡੇ ਦੁਆਰੇ ਪ੍ਰਗਟ ਹੋਏ ਨੇ ਇਹ ਬਹੁਤ ਹੀ ਕਰਨੀ ਵਾਲੇ ਨੇ। ਇਸ ਲਈ ਐਨਾ ਨੂੰ ਕੁਝ ਨਾ ਕੁਝ ਮਾਇਆ ਭੇਂਟ ਕਰੋ। ਅਸੀਂ ਉਸਨੂੰ ਕਿਹਾ ਕਿ ਅਸੀਂ ਤਾਂ ਵਿਗਿਆਨਕ ਸੋਚ ਵਾਲੇ ਵਿਅਕਤੀ ਹਾਂ। ਅਸੀਂ ਅਜਿਹੇ ਕੰਮਾਂ ਲਈ ਪੈਸੇ ਨਹੀਂ ਦਿੰਦੇ। ਉਹ ਕਹਿਣ ਲੱਗਿਆ ਕਿ ਵਿਗਿਆਨੀਆਂ ਕਰਕੇ ਤਾਂ ਜਾਪਾਨ ਵਿੱਚ ਸੁਨਾਮੀ ਆਈ ਹੈ। ਉਹਨਾਂ ਦਾ ਘਰਾਂ ਸਮੇਤ ਸਭ ਕੁਝ ਪਾਣੀ ਵਿੱਚ ਤੈਰ ਰਿਹਾ ਸੀ। ਮੈਂ ਉਸਨੂੰ ਕਿਹਾ ਕਿ ਫਿਰ ਉਹਨਾਂ ਦੇ ਧਾਰਮਿਕ ਸਥਾਨ ਕਿਹੜਾ ਬਚੇ ਹਨ, ਉਹ ਵੀ ਪਾਣੀ ਵਿਚ ਬਰਾਬਰ ਤੈਰ ਰਹੇ ਸਨ।

## ਦੁਨੀਆਂ ਬਦਲ ਰਹੀ ਹੈ

**1. ਸਭ ਤੋਂ ਵੱਡੀ ਦੂਰਬੀਨ**

ਦੁਨੀਆ ਦੇ 9 ਦੇਸ਼ ਮਿਲ ਕੇ ਇਕ ਅਜਿਹੀ ਦੂਰਬੀਨ ਦਾ ਨਿਰਮਾਣ ਕਰਨ ਜਾ ਰਹੇ ਹਨ, ਜਿਸਦੀ ਸਮਰੱਥਾ ਹੁਣ ਵਾਲੀਆਂ ਦੂਰਬੀਨਾਂ ਨਾਲੋਂ 50 ਗੁਣਾਂ ਵੱਧ ਹੋਵੇਗੀ ਅਤੇ ਇਸਦੀ ਸਪੀਡ ਵੀ 10,000 ਗੁਣਾਂ ਜਿਆਦਾ ਹੋਵੇਗੀ। ਇਹ 2016 ਵਿੱਚ ਬਣਨੀ ਸ਼ੁਰੂ ਹੋਵੇਗੀ ਅਤੇ 2024 ਵਿੱਚ ਪੂਰੀ ਹੋਵੇਗੀ।

**2. ਘਰ ਨੂੰ ਗੁਬਾਰਿਆਂ ਨਾਲ ਚੁੱਕਿਆ**

ਲਾਸ ਐਂਜਲਸ ਵਿਖੇ ਵਿਗਿਆਨੀਆਂ ਨੇ ਇੱਕ ਹਜ਼ਾਰ ਕਿਲੋ ਭਾਰੇ ਘਰ ਨੂੰ 300 ਹੀਲੀਅਮ ਨਾਲ ਭਰੇ ਹੋਏ ਗੁਬਾਰਿਆਂ ਨਾਲ ਚੁੱਕ ਲਿਆ। ਘਰ 10,000 ਫੁੱਟ ਦੀ ਉਚਾਈ ਤੱਕ ਲੈ ਗਏ।

**3. ਹੁਣ ਦੀਵਾਰਾਂ ਤੋਂ ਆਰ-ਪਾਰ ਵੀ ਨਜ਼ਰ ਆਇਆ ਕਰੇਗਾ**

ਵਿਗਿਆਨੀਆਂ ਨੇ ਅਜਿਹੇ ਮੋਬਾਈਲ ਫੋਨ ਤਿਆਰ ਕਰ ਲਏ ਹਨ, ਜਿਹਨਾਂ ਰਾਹੀਂ ਕਿਸੇ ਘਰ ਦੀਆਂ ਦੀਵਾਰਾਂ ਦੇ ਅੰਦਰ ਕੀ ਹੋ ਰਿਹਾ ਹੈ ਪਤਾ ਕੀਤਾ ਜਾ ਰਿਹਾ ਹੈ। ਭਾਵੇਂ ਉਹਨਾਂ ਜੋ ਢੰਗ ਅਪਨਾਇਆ ਹੈ, ਉਹ ਪਹਿਲਾਂ ਹੀ ਐਕਸ ਰੇ ਰਾਹੀਂ ਅਪਨਾਇਆ ਜਾਂਦਾ ਹੈ।

**4. ਲਿਥੀਅਮ ਆਇਨ ਸਟੋਰੇਜ ਬੈਟਰੀ**

ਛੇਤੀ ਹੀ ਤੁਹਾਡੇ ਘਰਾਂ ਵਿੱਚ ਇਨਵਰਟਰ ਦੀ ਥਾਂ ਤੇ ਇੱਕ ਲਿਥੀਅਮ ਵਾਲੀ ਬੈਟਰੀ ਤੁਹਾਡੇ ਘਰਾਂ ਵਿੱਚ ਹੋਵੇਗੀ। ਇਹ ਬੈਟਰੀ ਦੀ ਖ਼ੂਬੀ ਇਹ ਹੋਵਗੀ ਕਿ ਇਹ ਤੁਹਾਡੇ ਘਰ ਦੀ ਬਿਜਲੀ ਦੀ ਖਪਤ ਇੱਕ ਹਫਤੇ ਤੱਕ ਲਈ ਸਟੋਰ ਕਰਕੇ ਰੱਖ ਸਕਿਆ ਕਰੇਗੀ। ਪੈਨਾਸੋਨਿਕ ਵਾਲੇ ਇਹ ਲਿਥੀਅਮ ਵਾਲੀ ਬੈਟਰੀ ਲੈ ਕੇ ਆ ਰਹੇ ਹਨ।

**5. ਇੰਦਰ ਧਨੁਸ਼ ਹੁਣ ਪਾਰਕਾਂ ਵਿੱਚ**

ਵਿਗਿਆਨੀਆਂ ਨੇ ਅਜਿਹਾ ਉਪਕਰਣ ਤਿਆਰ ਕਰ ਲਿਆ ਹੈ, ਜਿਹੜਾ ਪਾਰਕਾਂ ਵਿੱਚ ਫਿੱਟ ਕਰ ਦਿੱਤਾ ਜਾਇਆ ਕਰੇਗਾ। ਇਹ ਅਸਮਾਨ ਵਿੱਚ ਇੰਦਰ ਧਨੁਸ਼ ਪੈਦਾ ਕਰੇਗਾ। ਇੰਦਰ ਧਨੁਸ਼ ਦਾ ਆਨੰਦ ਲੋਕ ਮਾਨਿਆ ਕਰਨਗੇ।


ਗਿਆਨ ਦਾ ਖ਼ਜ਼ਾਨਾ **ਵਿਗਿਆਨ ਜੋਤ**

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/- ✪ ਉਮਰ ਭਰ (15 ਸਾਲ ਲਈ) 1000/-



ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ: ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101

Email : tarksheel@yahoo.com Web site : www.tarksheel.com

# ਕਰੇ ਕੋਈ ਭਰੇ ਕੋਈ



ਰਾਜਾ ਰਾਮ ਹੰਡਿਆਇਆ

ਅੱਜ ਦੇ ਜਮਾਨੇ ਅਨੁਸਾਰ ਮੋਹਨ ਲਾਲ ਦਾ ਪਰਿਵਾਰ ਭਾਵੇਂ ਵੱਡਾ ਸੀ ਪਰ ਫਿਰ ਵੀ ਸਰਕਾਰੀ ਮੁਲਾਜ਼ਮ ਹੋਣ ਕਾਰਨ ਗੁਜਾਰਾ ਠੀਕ ਚੱਲ ਰਿਹਾ ਸੀ। ਉਸਦੇ ਚਾਰ ਬੱਚੇ ਸਨ। ਦੋ ਮੁੰਡੇ ਦੋ ਕੁੜੀਆਂ। ਵੱਡਾ ਮੁੰਡਾ 15-16 ਸਾਲ ਦਾ ਸੀ। ਉਸਤੋਂ ਛੋਟੀ ਕੁੜੀ 14 ਸਾਲ ਦੀ, ਉਸ ਤੋਂ ਛੋਟੀ 12 ਸਾਲ ਦੀ ਅਤੇ ਸਭ ਤੋਂ ਛੋਟਾ ਮੁੰਡਾ 9 ਸਾਲ ਦਾ ਸੀ। ਮੋਹਨ ਲਾਲ ਪੜ੍ਹਿਆ ਲਿਖਿਆ ਵਿਅਕਤੀ ਸੀ ਪਰ ਉਸਦੀ ਸੋਚ ਰੂੜ੍ਹੀਵਾਦੀ ਸੀ। ਇਸ ਕਰਕੇ ਹੋਰ ਅਨਪੜ੍ਹ ਲੋਕਾਂ ਵਾਂਗ ਉਹ ਚਾਹੁੰਦਾ ਸੀ ਕਿ ਇੱਕ ਮੁੰਡੇ ਨੂੰ ਜੇ ਕਦੇ ਕੁੱਝ ਹੋ ਗਿਆ ਤਾਂ ਕੀ ਬਣੇਗਾ। ਇਸ ਲਈ ਘੱਟੋ ਘੱਟ ਦੋ ਮੁੰਡੇ ਤਾਂ ਹੋਣੇ ਹੀ ਚਾਹੀਦੇ ਹਨ। ਇਹੀ ਕਾਰਣ ਸੀ ਕਿ ਦੋ ਮੁੰਡੇ ਪੈਦਾ ਕਰਨ ਲਈ ਉਸਨੇ ਪਰਿਵਾਰ ਨਿਯੋਜਨ ਦੇ ਕਿਸੇ ਢੰਗ ਨੂੰ ਨਹੀਂ ਅਪਣਾਇਆ ਸੀ। ਦੋ ਬੱਚੇ ਕੁੜੀ-ਮੁੰਡਾ ਪੈਦਾ ਹੋਣ ਤੋਂ ਬਾਅਦ ਵੀ ਉਸਨੇ ਦੋ ਮੁੰਡੇ ਹੋਣ ਦੀ ਇੱਛਾ ਰੱਖੀ ਪਰ ਤੀਜਾ ਬੱਚਾ ਉਸਦੀ ਆਸ ਤੋਂ ਉਲਟ ਕੁੜੀ ਪੈਦਾ ਹੋਈ। ਆਖ਼ਰ ਚੌਥਾ ਬੱਚਾ ਮੁੰਡਾ ਹੋਣ ਨਾਲ ਉਸਦੀ ਇੱਛਾ ਪੂਰੀ ਹੋ ਗਈ। ਭਾਵੇਂ ਇਸ ਚੱਕਰ ਵਿੱਚ ਪਰਿਵਾਰ ਵੱਡਾ ਹੋ ਗਿਆ ਸੀ। ਪਰ ਉਸਦੇ ਮਨ ਦੀ ਇੱਛਾ ਤਾਂ ਪੂਰੀ ਹੋ ਹੀ ਗਈ ਸੀ। ਉਸਦਾ ਵਿਸ਼ਵਾਸ ਸੀ ਕਿ ਰੱਬ ਜਿਸਨੂੰ ਪੈਦਾ ਕਰਦਾ ਹੈ, ਉਸਦੇ ਪਾਲਣ ਪੋਸਣ ਦਾ ਹੱਲ ਵੀ ਆਪ ਹੀ ਕਰਦਾ ਹੈ।

ਆਮਦਨ ਦੇ ਹਿਸਾਬ ਨਾਲ ਪਰਿਵਾਰ ਵੱਡਾ ਸੀ ਪਰ ਘਰ ਵਿੱਚ ਆਈ ਚਲਾਈ ਹੋ ਰਹੀ ਸੀ। ਸਾਰੇ ਬੱਚੇ ਸਕੂਲ ਪੜ੍ਹਨ ਜਾਂਦੇ ਸਨ। ਵੱਡਾ ਮੁੰਡਾ ਸੁਰੇਸ਼ ਦਸਵੀਂ ਵਿੱਚ ਪੜ੍ਹਦਾ ਸੀ। ਉਸਤੋਂ ਛੋਟੀ ਪੂਜਾ ਅੱਠਵੀ ਜਮਾਤ ਵਿੱਚ ਪੜ੍ਹਦੀ ਸੀ। ਛੋਟੀ ਕੁੜੀ ਸੁਮਨ ਛੇਵੀਂ ਵਿੱਚ ਅਤੇ ਸਭ ਤੋਂ ਛੋਟਾ ਦਿਨੇਸ਼ ਚੌਥੀ ਵਿੱਚ ਪੜ੍ਹਦਾ ਸੀ। ਪੜ੍ਹਨ ਵਿਚ ਸਾਰੇ ਹੀ ਦਰਮਿਆਨੇ ਵਿਦਿਆਰਥੀ ਸਨ। ਹਰ ਸਾਲ ਪਾਸ ਹੋ ਜਾਂਦੇ ਹਨ। ਘਰ ਦਾ ਵਾਤਾਵਰਣ ਭੇਦ-ਭਾਵ ਵਾਲਾ ਸੀ। ਕੁੜੀਆਂ ਵੱਲ ਘੱਟ ਧਿਆਨ ਦਿੱਤਾ ਜਾਂਦਾ ਸੀ। ਮੁੰਡਿਆਂ ਨੂੰ ਕੁੜੀਆਂ ਨਾਲੋਂ ਵੱਧ ਲਾਡ ਪਿਆਰ ਮਿਲਦਾ ਸੀ। ਵੱਡੀ ਕੁੜੀ ਨੂੰ ਹੀ ਘਰ ਦਾ ਬਹੁਤਾ ਕੰਮ ਕਰਨਾ ਪੈਂਦਾ ਸੀ। ਸਾਡੇ ਸਮਾਜ ਵਿੱਚ ਬਹੁਤੇ ਮਾਂ-ਬਾਪ ਕੁੜੀ-ਮੁੰਡੇ ਵਿੱਚ ਖਾਣ ਪੀਣ ਅਤੇ ਰਹਿਣ-ਸਹਿਣ ਵਿੱਚ ਭੇਦਭਾਵ ਕਰਦੇ ਹਨ। ਉਹ ਮੁੰਡਿਆਂ ਨੂੰ ਕੁੜੀਆਂ ਨਾਲੋਂ ਵੱਧ ਖ਼ੁਰਾਕ ਦੇ ਕੇ ਛੇਤੀ ਜਵਾਨ ਕਰਨ ਦੀ ਇੱਛਾ ਰੱਖਦੇ ਹਨ ਪਰ ਕੁਦਰਤੀ ਤੌਰ 'ਤੇ ਲੜਕੀਆਂ ਦਾ ਵਿਕਾਸ ਘੱਟ ਖ਼ੁਰਾਕ ਮਿਲਣ ਤੇ ਵੀ, ਲੜਕਿਆਂ ਨਾਲੋਂ ਜ਼ਿਆਦਾ ਹੁੰਦਾ ਹੈ। ਆਮ ਕਹਾਵਤ ਹੈ ਕਿ ਕੁੜੀਆਂ ਤਾਂ ਕੌੜੀ ਵੇਲ ਵਾਂਗ ਵਧਦੀਆਂ ਹਨ। ਇਸ ਘਰ ਵਿੱਚ ਵੀ ਭਾਵੇਂ ਮੁੰਡੇ-ਕੁੜੀ ਵਿਚ ਭੇਦਭਾਵ ਵਰਤਿਆ ਜਾਂਦਾ ਸੀ ਪਰ ਫਿਰ ਵੀ ਮੁੰਡਿਆਂ ਦੀ ਨਿਸਬਤ ਕੁੜੀਆਂ ਦਾ ਸਰੀਰਕ ਵਿਕਾਸ ਵੱਧ ਸੀ।

ਪੂਜਾ ਭਾਵੇਂ ਅੱਠਵੀਂ ਜਮਾਤ ਦੀ ਵਿਦਿਆਰਥਣ ਸੀ ਪਰ ਉਸਦੀ ਸਿਹਤ ਬਹੁਤ ਵਧੀਆ ਸੀ। 14 ਸਾਲ ਦੀ ਉਮਰ ਵਿੱਚ ਹੀ ਉਸਦਾ ਸਰੀਰਕ ਵਿਕਾਸ ਪੂਰੀ ਤਰ੍ਹਾਂ ਹੋ ਚੁੱਕਿਆ ਸੀ। ਦੇਖਣ ਵਿੱਚ ਉਹ ਬਾਲਗ ਲੱਗਦੀ ਸੀ। ਘਰ ਦਾ ਸਾਰਾ ਕੰਮ ਉਹ ਬਿਨਾਂ ਕਿਸੇ ਦਬਾਅ ਦੇ ਹੀ ਕਰਦੀ ਰਹਿੰਦੀ ਸੀ। ਪੜ੍ਹਾਈ ਵਿੱਚ ਵੀ ਧਿਆਨ ਦਿੰਦੀ ਸੀ ਪਰ ਫਿਰ ਵੀ ਘਰ ਵਾਲੇ ਉਸਨੂੰ ਹਮੇਸ਼ਾ ਝਿੜਕਦੇ ਰਹਿੰਦੇ ਸਨ। ਛੋਟੀ-ਛੋਟੀ ਗੱਲ ਉੱਤੇ ਹੀ ਮਾਂ ਉਸਨੂੰ ਝਿੜਕਦੀ ਰਹਿੰਦੀ। ਮਾਂ ਦੇ ਇਸ ਵਿਹਾਰ ਦਾ ਪੂਜਾ ਦੇ ਮਨ ਉੱਤੇ ਬੁਰਾ ਪ੍ਰਭਾਵ ਪੈਣ ਲੱਗਾ। ਆਖਿਰ ਮਾਂ ਮੁੰਡਿਆਂ ਨੂੰ ਕਿਉਂ ਕੁੱਝ ਨਹੀਂ ਕਹਿੰਦੀ ਜਿਹੜੇ ਘਰ ਦਾ ਕੋਈ ਕੰਮ ਨਹੀਂ ਸੁਆਰਦੇ। ਪੂਜਾ ਮਨ ਵਿੱਚ ਇਹ ਗੱਲ ਸੋਚਦੀ ਰਹਿੰਦੀ ਸੀ।

ਇੱਕ ਦਿਨ ਪੂਜਾ ਰਸੋਈ ਵਿੱਚ ਖਾਣਾ ਬਣਾ ਰਹੀ ਸੀ। ਉਸੇ ਵੇਲੇ ਪੱਥਰ ਦਾ ਇੱਕ ਟੁਕੜਾ ਉਸਦੇ ਕੋਲ ਆ ਕੇ ਡਿੱਗਿਆ। ਉਹ ਡਰ ਗਈ ਅਤੇ ਉਸਨੇ ਇਸ ਬਾਰੇ ਆਪਣੀ ਮਾਂ ਨੂੰ ਦੱਸਿਆ। ਮਾਂ ਚਿੰਤਾ ਵਿੱਚ ਡੁੱਬ ਗਈ ਕਿਉਂਕਿ ਉੱਥੇ ਕੋਈ ਵੀ ਵਿਅਕਤੀ ਨਜ਼ਰ ਨਹੀਂ ਆਇਆ, ਜਿਸਨੇ ਪੱਥਰ ਮਾਰਿਆ ਹੋਵੇ। ਇਸ ਤੋਂ ਬਾਅਦ ਜਦੋਂ ਵੀ ਪੂਜਾ ਘਰ ਦਾ ਕੋਈ ਕੰਮ ਕਰਦੀ, ਪੱਥਰ ਜਾਂ ਇੱਟਾਂ ਦੇ ਟੁਕੜੇ ਉਸਦੇ ਕੋਲ ਆ ਕੇ ਡਿੱਗਦੇ। ਕਈ ਵਾਰ ਕੱਚ ਦੀ ਕੋਈ ਸ਼ੀਸ਼ੀ ਜਾਂ ਹੋਰ ਵਸਤਾਂ ਵੀ ਉਸ ਕੋਲ ਆ ਕੇ ਡਿੱਗੀਆਂ। ਪੂਜਾ ਇਹਨਾਂ ਘਟਨਾਵਾਂ ਬਾਰੇ ਤੁਰੰਤ ਘਰਦਿਆਂ ਨੂੰ ਦੱਸ ਦਿੰਦੀ ਸੀ। ਘਰ ਵਿੱਚ ਡਰਾਵਣਾ ਮਾਹੌਲ ਬਣ ਗਿਆ ਸੀ। ਜਦੋਂ ਇਹਨਾਂ ਘਟਨਾਵਾਂ ਬਾਰੇ ਵਿਚਾਰ ਕੀਤਾ ਗਿਆ ਤਾਂ ਉਹਨਾਂ ਨੇ ਮਹਿਸੂਸ ਕੀਤਾ ਕਿ ਇਹ ਤਾਂ ਕਿਸੇ ਪ੍ਰੇਤ-ਆਤਮਾ ਦਾ ਕੰਮ ਹੈ। ਇਹ ਪ੍ਰੇਤ-ਆਤਮਾ ਪੂਜਾ ਦੇ ਪਿੱਛੇ ਲੱਗ ਗਈ ਹੈ। ਘਰ ਦਾ ਕੰਮ ਕਰਦੇ ਸਮੇਂ ਆਮ ਤੌਰ 'ਤੇ ਦਿਨ ਸਮੇਂ ਹੀ ਭਿੰਨ-ਭਿੰਨ ਚੀਜਾਂ ਪੂਜਾ ਦੇ ਨੇੜੇ ਆ ਕੇ ਡਿੱਗਦੀਆਂ ਸਨ। ਖਾਸ ਗੱਲ ਇਹ ਸੀ ਕਿ ਚੀਜਾਂ ਪੂਜਾ ਦੇ ਨੇੜੇ ਆ ਕੇ ਡਿੱਗਦੀਆਂ ਹੀ ਸਨ, ਉਸਨੂੰ ਕਦੇ ਸੱਟ ਆਦਿ ਨਹੀਂ ਸੀ ਵੱਜਦੀ। ਪਰ ਫਿਰ ਵੀ ਘਟਨਾਵਾਂ ਦਾ ਸਿਲਸਿਲਾ ਦਿਨ ਪ੍ਰਤੀਦਿਨ ਵਧਦਾ ਜਾ ਰਿਹਾ ਸੀ। ਘਰ ਵਿੱਚ ਇੱਟਾਂ-ਪੱਥਰ ਡਿੱਗਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ



**ਘਰ ਵਿੱਚ ਲਗਾਤਾਰ 23 ਦਿਨ ਇੱਟਾਂ ਰੋੜੇ ਡਿੱਗਦੇ ਰਹੇ ਅਤੇ 44 ਵਾਰ ਅੱਗ ਲੱਗੀ। ਅਨੇਕਾਂ ਤਾਂਤਰਿਕ ਸਿਆਣੇ ਹਾਰ ਮੰਨਕੇ ਚਲੇ ਗਏ ਸਨ। ਆਖਿਰ ਤਰਕਸ਼ੀਲ ਸੁਸਾਇਟੀ ਹਰਿਆਣਾ ਨੇ ਇਸ ਗੁੱਥੀ ਨੂੰ ਸੁਲਝਾਇਆ**

ਸੀ। ਆਂਢ-ਗੁਆਂਢ ਦੇ ਲੋਕ ਵੀ ਹੈਰਾਨ ਸਨ। ਉਹ ਆਮ ਤੌਰ ਤੇ ਘਰ ਵਿੱਚ ਵਾਪਰ ਰਹੀਆਂ ਘਟਨਾਵਾਂ ਲਈ ਹਮਦਰਦੀ ਪ੍ਰਗਟ ਕਰਦੇ ਅਤੇ ਭਿੰਨ-ਭਿੰਨ ਰਾਵਾਂ ਦਿੰਦੇ। ਪੂਜਾ ਹੁਣ ਡਰੀ ਅਤੇ ਘਬਰਾਈ ਹੋਈ ਹਾਲਤ ਵਿੱਚ ਰਹਿੰਦੀ ਸੀ। ਉਸਦਾ ਕੰਮ-ਕਾਰ ਵਿੱਚ ਦਿਲ ਨਹੀਂ ਸੀ ਲੱਗਦਾ।

ਕੁੱਝ ਲੋਕਾਂ ਨੇ ਪਰਿਵਾਰ ਨੂੰ ਤਾਂਤਰਿਕਾ ਅਤੇ ਭੂਤਾਂ ਕੱਢਣ ਵਾਲੇ ਸਿਆਣਿਆਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ। ਇਹਨੀਂ ਦਿਨੀਂ ਹਿੰਦੀ ਪੱਤ੍ਰਿਕਾ 'ਮਨੋਹਰ ਕਹਾਣੀਆਂ' ਦੇ 'ਤੰਤਰ-ਮੰਤਰ' ਵਿਸ਼ੇਸ ਅੰਕ ਵਿੱਚ ਤਰਕਸ਼ੀਲ ਸੁਸਾਇਟੀ ਦੁਆਰਾ ਹੱਲ ਕੀਤਾ। ਇੱਕ ਕੇਸ ਛਪਿਆ ਸੀ ਜਿਸ ਵਿੱਚ ਹਰਿਆਣਾ ਦੇ ਝੱਜਰ ਜਿਲ੍ਹੇ ਵਿੱਚ ਪੈਂਦੇ ਪਿੰਡ ਬੀੜ ਸੁਨਾਰ ਵਾਲਾ' ਵਿਚ ਘਟਦੀਆਂ ਰਹੱਸਮਈ ਘਟਨਾਵਾਂ ਦਾ ਪਰਦਾਫਾਸ਼ ਕੀਤਾ ਗਿਆ ਸੀ। ਘਰ ਵਿੱਚ ਲਗਾਤਾਰ 23 ਦਿਨ ਇੱਟਾਂ ਰੋੜੇ ਡਿੱਗਦੇ ਰਹੇ ਅਤੇ 44 ਵਾਰ ਅੱਗ ਲੱਗੀ। ਅਨੇਕਾਂ ਤਾਂਤਰਿਕ ਸਿਆਣੇ ਹਾਰ ਮੰਨਕੇ ਚਲੇ ਗਏ ਸਨ। ਆਖਿਰ ਤਰਕਸ਼ੀਲ ਸੁਸਾਇਟੀ ਹਰਿਆਣਾ ਨੇ ਇਸ ਗੁੱਥੀ ਨੂੰ ਸੁਲਝਾਇਆ ਅਤੇ ਚਿੱਤਰਾਂ ਸਮੇਤ ਇਸ ਕੇਸ ਨੂੰ ਇਸ ਪੱਤ੍ਰਿਕਾ ਵਿੱਚ ਛਪਵਾਇਆ ਸੀ। ਇਸ ਪੱਤ੍ਰਿਕਾ ਦੇ ਪਾਠਕਾਂ ਦੀ ਗਿਣਤੀ ਲੱਖਾਂ ਵਿੱਚ ਹੈ। ਇਸ ਕੇਸ ਨੂੰ ਪੜ੍ਹ ਲੈਣ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਕਿਸੇ ਵੀ ਪ੍ਰਕਾਰ ਦੀ ਰਹੱਸਮਈ ਘਟਨਾ ਦੇ ਪਿੱਛੇ ਕਿਸੇ ਭੂਤ-ਪ੍ਰੇਤ ਜਾਂ ਆਤਮਾ ਦਾ ਹੱਥ ਨਹੀਂ ਹੁੰਦਾ। ਅਸਲ ਵਿੱਚ ਕੋਈ ਭੂਤ-ਪ੍ਰੇਤ ਜਾਂ ਆਤਮਾ ਨਹੀਂ ਹੁੰਦੀ। ਇਹਨਾਂ ਘਟਨਾਵਾਂ ਦੇ ਪਿੱਛੇ ਮਨੁੱਖੀ ਹੱਥ ਹੀ ਜ਼ਿੰਮੇਵਾਰ ਹੁੰਦਾ ਹੈ। ਅਜਿਹੀਆਂ ਘਟਨਾਵਾਂ ਵਿਅਕਤੀ ਜਾਂ ਤਾਂ ਕਿਸੇ ਸ਼ਰਾਰਤ ਦੇ ਕਾਰਨ ਕਰਦਾ ਹੈ ਜਾਂ ਫਿਰ ਕਿਸੇ ਮਾਨਸਿਕ ਸਮੱਸਿਆ ਵਿੱਚ ਗ੍ਰਸਤ ਹੋ ਕੇ ਕਰਦਾ ਹੈ। ਕਿਸੇ ਪਾਠਕ ਨੇ ਪਰਿਵਾਰ ਦਾ ਧਿਆਨ ਵੀ ਇਸ ਪਾਸੇ ਵੱਲ ਲਾ ਦਿੱਤਾ। ਹੁਣ ਘਰ ਵਾਲਿਆਂ ਨੇ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। ਜਦੋਂ ਪਹਿਰਾ ਲੱਗ ਜਾਂਦਾ ਤਾਂ ਘਟਨਾਵਾਂ ਬੰਦ ਹੋ ਜਾਂਦੀਆਂ ਪਰ ਜਿਉਂ ਹੀ ਪਹਿਰੇ ਵਿੱਚ ਢਿੱਲ ਹੁੰਦੀ, ਕੋਈ ਨਾ ਕੋਈ ਘਟਨਾ ਵਾਪਰ ਜਾਂਦੀ। ਹੁਣ ਉਹਨਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਇਹ ਕੰਮ ਕਿਸੇ ਭੂਤ-ਪ੍ਰੇਤ ਦਾ ਨਹੀਂ ਸਗੋਂ ਕਿਸੇ ਵਿਅਕਤੀ ਦਾ ਹੈ। ਇਸ ਕਰਕੇ ਉਹ ਵਿਅਕਤੀ ਦੀ ਤਲਾਸ਼ ਕਰ ਰਹੇ ਸਨ।

ਇੱਕ ਪੱਥਰ ਘਰ ਦੇ ਵਿਹੜੇ ਵਿੱਚ ਆ ਕੇ ਡਿੱਗਿਆ। ਇੱਕਦਮ ਛਾਣਬੀਣ ਸ਼ੁਰੂ ਹੋ ਗਈ। ਛੱਤ ਉੱਤੇ ਚੜ੍ਹਕੇ ਦੇਖਿਆ ਤਾਂ ਗੁਆਂਢੀ ਰਾਮਲਾਲ ਦਾ ਵਿਚਲਾ ਮੁੰਡਾ ਆਪਣੇ ਘਰ ਦੀ ਛੱਤ ਉੱਤੇ ਬਣੀ ਟਾਇਲਟ ਵਿੱਚੋਂ ਬਾਹਰ ਨਿੱਕਲਕੇ ਹੇਠਾਂ ਜਾਂਦਾ ਦਿਖਾਈ ਦਿੱਤਾ। ਘਰ ਵਾਲਿਆਂ ਨੇ ਅੰਦਾਜਾ ਲਾਇਆ ਕਿ ਇਸ ਮੁੰਡੇ ਨੇ ਹੀ ਵਿਹੜੇ ਵਿੱਚ ਪੱਥਰ ਸੁੱਟਿਆ ਹੈ ਅਤੇ ਉਹੀ ਸਾਰੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਇਸ ਲਈ ਤੁਰੰਤ ਪੁਲਸ ਵਿੱਚ ਰਿਪੋਰਟ ਦਿੱਤੀ ਗਈ। ਗੁਆਂਢੀ ਨੇ ਬਹੁਤ ਸਮਝਾਇਆ ਕਿ ਉਸਦਾ ਮੁੰਡਾ ਅਜਿਹਾ ਨਹੀਂ ਕਰ ਸਕਦਾ ਪਰ ਨਾ ਤਾਂ ਰਾਮ ਲਾਲ ਦੀ ਕੋਈ ਗੱਲ ਸੁਣੀ ਗਈ ਅਤੇ ਨਾ ਹੀ ਮੁੰਡੇ ਦੀ ਸਫਾਈ ਸੁਣੀ ਗਈ। ਆਖਰ ਪੁਲਸ ਆਈ ਅਤੇ ਮੁੰਡੇ ਨੂੰ ਫੜਕੇ ਲੈ ਗਈ। ਦੋਵੇਂ ਪਰਿਵਾਰਾਂ ਦੇ ਆਪਸੀ ਸੰਬੰਧ ਵਿਗੜ ਗਏ। ਮੋਹਨ ਲਾਲ ਆਪਣੀ ਜਿੱਦ ਉੱਤੇ ਅੜਿਆ ਰਿਹਾ। ਉਸਨੇ ਆਪਣਾ ਪੱਖ ਪੇਸ਼ ਕਰਦੇ ਹੋਏ ਕਿਹਾ ਕਿ ਜਿਉਂ ਹੀ ਪੱਥਰ ਡਿੱਗਿਆ ਸੀ। ਉਸਨੇ ਛੱਤ ਉੱਤੇ ਜਾ ਕੇ ਦੇਖਿਆ ਤਾਂ ਇਸ ਲੜਕੇ ਤੋਂ ਬਿਨਾਂ ਆਸ ਪਾਸ ਕੋਈ ਹੋਰ ਦਿਖਾਈ ਹੀ ਨਹੀਂ ਦਿੱਤਾ। ਇਸ ਲਈ ਇਹੀ ਲੜਕਾ ਸਰਾਰਤਾਂ ਕਰਦਾ ਸੀ। ਅੱਜ ਉਸਨੂੰ ਰੰਗੇ ਹੱਥੀਂ ਫੜ ਲਿਆ ਗਿਆ ਹੈ। ਹੋਰ ਗੁਆਂਢੀਆਂ ਨੇ ਵਿੱਚ ਪੈ ਕੇ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਮੋਹਨ ਲਾਲ ਨੇ ਮਾਮਲਾ ਪੁਲਸ ਨੂੰ ਸੌਂਪ ਦਿੱਤਾ ਸੀ ਅਤੇ ਕਿਸੇ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਮੈਗਜੀਨ ਵਿੱਚ ਪੜ੍ਹੇ-ਸੁਣੇ ਕੇਸ ਨੇ ਇਹ ਤਾਂ ਸਪੱਸ਼ਟ ਕਰ ਦਿੱਤਾ ਸੀ ਕਿ ਘਟਨਾਵਾਂ ਪਿੱਛੇ ਕਿਸੇ ਮਨੁੱਖ ਦਾ ਹੱਥ ਸੀ। ਮੋਹਨ ਲਾਲ ਗੁਆਂਢੀ ਦੇ ਮੁੰਡੇ ਨੂੰ ਇਹਨਾਂ ਸ਼ਰਾਰਤਾਂ ਬਦਲੇ ਸਜਾ ਦਿਵਾਉਣ ਲਈ ਤਿਆਰ ਸੀ।

ਪੁਲਸ ਪੁੱਛਗਿੱਛ ਲਈ ਮੁੰਡੇ ਨੂੰ ਥਾਣੇ ਲੈ ਗਈ ਸੀ। ਰਾਮਲਾਲ ਨੂੰ ਆਪਣੇ ਮੁੰਡੇ ਉੱਤੇ ਪੂਰਾ ਭਰੋਸਾ ਸੀ। ਪਰ ਮਾਮਲਾ ਗੰਭੀਰ ਸੀ। ਮੁੰਡੇ ਨੂੰ ਨਿਰਦੋਸ਼ ਸਾਬਤ ਕਰਨਾ ਜ਼ਰੂਰੀ ਸੀ। ਪਰ ਕੀ ਕੀਤਾ ਜਾਵੇ? ਇੱਧਰ ਉੱਧਰ ਭਟਕਣ ਤੋਂ ਬਾਅਦ ਕਿਸੇ ਵਿਅਕਤੀ ਨੇ ਉਸਨੂੰ ਮੇਰਾ ਪਤਾ ਦੇ ਦਿੱਤਾ। ਉਹ ਤੁਰੰਤ ਗੱਡੀ ਲੈ ਕੇ ਮੇਰੇ ਕੋਲ ਆਇਆ ਅਤੇ ਸਾਰੀ ਕਹਾਣੀ ਦੱਸੀ। ਉਸਨੇ ਬੇਨਤੀ ਕੀਤੀ ਕਿ ਮੈਂ ਇਸ ਮਾਮਲੇ ਨੂੰ ਨਿਪਟਾਉਣ ਵਿੱਚ ਉਸਦੀ ਮਦਦ ਕਰਾਂ। ਮਾਮਲਾ ਕਾਫੀ ਉਲਝਿਆ ਹੋਇਆ ਸੀ। ਹੁਣ ਤੱਕ ਸਾਡੇ ਕੋਲ ਰਹੱਸਮਈ ਘਟਨਾਵਾਂ ਨਾਲ ਸੰਬੰਧਤ ਜਿੰਨੇ ਵੀ ਕੇਸ ਆਏ ਸਨ, ਉਹ ਉਹੀ ਵਿਅਕਤੀ ਲੈ ਕੇ ਆਏ ਸਨ ਜਿਹਨਾਂ ਦੇ ਘਰਾਂ ਵਿੱਚ ਇਹ ਘਟਨਾਵਾਂ ਵਾਪਰਦੀਆਂ ਸਨ। ਪਰ ਇਹ ਕੇਸ ਉਲਟਾ ਸੀ। ਇਸ ਕੇਸ ਵਿੱਚ ਉਹ ਵਿਅਕਤੀ ਨਹੀਂ ਆਏ ਸਨ, ਜਿਹਨਾਂ ਦੇ ਘਰ ਵਿੱਚ ਘਟਨਾਵਾਂ ਹੋਈਆਂ ਸਨ। ਇਸ ਲਈ ਬਿਨਾਂ ਬੁਲਾਏ ਮਹਿਮਾਨ ਬਣਕੇ ਅਸੀਂ ਕਿਸੇ ਦੇ ਘਰ ਵਿੱਚ ਘਟਨਾਵਾਂ ਦੀ ਜਾਂਚ ਕਿਵੇਂ ਕਰ ਸਕਦੇ ਸਾਂ ਅਤੇ ਨਾ ਹੀ ਦੋਸ਼ੀ ਦਾ ਪਤਾ ਲਾ ਸਕਦੇ ਸਾਂ। ਮੈਂ ਆਪਣੀ ਮਜਬੂਰੀ ਉਹਨਾਂ ਨੂੰ ਦੱਸੀ।

ਪਰ ਰਾਮ ਲਾਲ ਨੂੰ ਤਾਂ ਆਪਣੇ ਪੁੱਤਰ ਦੀ ਚਿੰਤਾ ਸੀ ਜਿਸਦਾ ਪੁਲਸ ਕਦੇ ਵੀ ਰਿਮਾਂਡ ਲੈ ਸਕਦੀ ਸੀ। ਪੁਲਸ ਆਮ ਤੌਰ ਤੇ ਕੁੱਟ ਮਾਰਕੇ ਹੀ ਦੋਸ਼ੀ ਤੋਂ ਦੋਸ਼ ਦਾ ਇਕਬਾਲ ਕਰਾਉਂਦੀ ਹੈ। ਇਸ ਲਈ ਰਾਮ ਲਾਲ ਨੂੰ ਡਰ ਸੀ ਕਿ ਉਸਦੇ ਨਿਰਦੋਸ਼ ਪੁੱਤ ਉੱਤੇ ਪੁਲਸ ਅੱਤਿਆਚਾਰ ਨਾ ਕਰ ਦੇਵੇ। ਉਹ ਜਲਦੀ ਤੋਂ ਜਲਦੀ ਉਸਨੂੰ ਛੁਡਾਉਣਾ ਚਾਹੁੰਦਾ ਸੀ। ਉਸਨੇ ਮੈਨੂੰ ਕਿਸੇ ਵੀ ਤਰ੍ਹਾਂ ਉਸਦੇ ਪੁੱਤ ਦਾ ਬਚਾਅ ਕਰਨ ਅਤੇ ਮਾਮਲੇ ਨੂੰ ਸੁਲਝਾਉਣ ਲਈ ਕਿਹਾ। ਮੈਂ ਉਸਨੂੰ ਸਮਝਾਇਆ ਕਿ ਅਸੀਂ ਬਿਨਾਂ ਬੁਲਾਏ ਨਹੀਂ ਜਾ ਸਕਦੇ। ਇਸ ਲਈ ਉਹ ਆਪਣੇ ਕੁੱਝ ਗੁਆਂਢੀਆਂ ਦੁਆਰਾ ਮੋਹਨ ਲਾਲ ਉੱਤੇ ਦਬਾਅ ਪਾਏ ਜਾਂ ਉਸਨੂੰ ਇਹ ਸਮਝਾਉਣ ਦਾ ਯਤਨ ਕੀਤਾ ਜਾਵੇ ਕਿ ਇਹ ਕੇਸ ਤਰਕਸ਼ੀਲ ਸੁਸਾਇਟੀ ਦੇ ਸਪੁਰਦ ਕਰ ਦਿੱਤਾ ਜਾਵੇ।, ਉਹ ਮਾਮਲੇ ਦੀ ਪੂਰੀ ਖੋਜ ਕਰਕੇ ਇਸਦਾ ਸਹੀ ਹੱਲ ਲੱਭ ਦੇਣਗੇ। ਉਦੋਂ ਤੱਕ ਮੁੰਡੇ ਨੂੰ ਜ਼ਮਾਨਤ ਉੱਤੇ ਛੁਡਾ ਲਿਆ ਜਾਵੇ। ਜੇਕਰ ਮੁੰਡਾ ਦੋਸ਼ੀ ਹੋਇਆ ਤਾਂ ਖੋਜ ਪੂਰੀ ਹੋਣ ਤਕ ਉਸਨੂੰ ਲਾਜ਼ਮੀ ਸਜ਼ਾ ਦਿਵਾਈ ਜਾਵੇਗੀ। ਰਾਮ ਲਾਲ ਨੂੰ ਗੱਲ ਜਚ ਗਈ। ਮੈਂ ਉਸਨੂੰ ਸਮਝਾਇਆ ਕਿ ਵਿੱਚ-ਬਚਾਅ ਕਰਨ ਵਾਲੇ ਕੁੱਝ ਗੁਆਂਢੀਆਂ ਦੀ ਮਦਦ ਨਾਲ ਉਹ ਮੋਹਨ ਲਾਲ ਤੋਂ ਇਹ ਪ੍ਰਾਰਥਨਾ ਪੱਤਰ ਲਿਖਵਾ ਕੇ ਲੈ ਆਵੇ ਕਿ "ਮੇਰੇ ਘਰ ਵਿੱਚ ਰਹੱਸਮਈ ਘਟਨਾਵਾਂ ਵਾਪਰ ਰਹੀਆਂ ਹਨ। ਜਿੰਨ੍ਹਾ ਦਾ ਹੱਲ ਮੈਂ ਰੈਸ਼ਨਲਿਸ਼ਟ (ਤਰਕਸ਼ੀਲ) ਸੁਸਾਇਟੀ ਹਰਿਆਣਾ ਰਜਿ: ਤੋਂ ਕਰਵਾਉਣਾ ਚਾਹੁੰਦਾ ਹਾਂ। ਖੋਜ ਵਿੱਚ ਮੈਂ ਅਤੇ ਮੇਰਾ ਪਰਿਵਾਰ ਪੂਰਾ ਸਹਿਯੋਗ ਦੇਵੇਗਾ ਅਤੇ ਹਰ ਸੁਝਾਅ ਉੱਤੇ ਅਮਲ ਕਰੇਗਾ।"

ਅਗਲੇ ਹੀ ਦਿਨ ਮੋਹਨਲਾਲ ਨੂੰ ਸਮਝਾ-ਬੁਝਾ ਕੇ ਕੁੱਝ ਗੁਆਂਢੀਆਂ ਨੇ ਲਿਖਤੀ ਪ੍ਰਾਰਥਨਾ ਪੱਤਰ ਲੈ ਲਿਆ ਅਤੇ ਮੇਰੇ ਘਰ

ਆ ਗਏ। ਮੈਂ ਉਹਨਾਂ ਨੂੰ ਸ਼ਾਮ ਦੇ ਤਿੰਨ ਵਜੇ ਦਾ ਸਮਾਂ ਦੇ ਦਿੱਤਾ। ਮੇਰੀ ਰਿਹਾਇਸ (ਕਲਾਇਤ) ਤੋਂ ਚਾਰ ਮੈਂਬਰਾਂ ਦੀ ਟੀਮ ਮੋਹਨ ਲਾਲ ਦੇ ਘਰ ਪਹੁੰਚ ਗਈ ਜਿਸ ਵਿੱਚ ਮੈਂ (ਰਾਜਾਰਾਮ ਹੰਡਿਆਇਆ), ਪ੍ਰਿੰਸੀਪਲ ਵਿਜੇ ਕੁਮਾਰ, ਮਾਸਟਰ ਸੂਰਜ ਪ੍ਰਕਾਸ਼ ਅਤੇ ਮਾ. ਕਸ਼ਮੀਰੀ ਲਾਲ ਸ਼ਾਮਲ ਸਨ। ਟੀਮ ਨੇ ਘਰ ਦੇ ਹਰ ਮੈਂਬਰ ਤੋਂ (ਇਕੱਲੇ-ਇਕੱਲੇ ਕਰਕੇ) ਘਟਨਾਵਾਂ ਦੀ ਪੂਰਨ ਜਾਣਕਾਰੀ ਲਈ। ਦੋ-ਤਿੰਨ ਘੰਟਿਆਂ ਦੀ ਤਹਿਕੀਕਾਤ ਤੋਂ ਬਾਅਦ ਅਸੀਂ ਨਤੀਜੇ ਉੱਤੇ ਪਹੁੰਚ ਗਏ। ਦੋਨਾਂ ਘਰਾਂ ਵਿੱਚ ਹੀ ਪੂਰੀ ਪੜਤਾਲ ਕੀਤੀ ਗਈ। ਖੋਜ ਦੇ ਦੌਰਾਨ ਤੱਥ ਸਾਹਮਣੇ ਆ ਗਏ। ਗੁਆਂਢੀ ਦਾ ਮੁੰਡਾ ਸੱਚਮੁੱਚ ਹੀ ਨਿਰਦੋਸ ਸੀ। ਅਜਿਹੀਆਂ ਰਹੱਸਮਈ ਘਟਨਾਵਾਂ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੁੰਦੀ ਹੈ ਕਿ ਘਟਨਾਵਾਂ ਲਈ ਜ਼ਿੰਮੇਵਾਰ 99% ਘਰ-ਪਰਿਵਾਰ ਦਾ ਮੈਂਬਰ ਹੀ ਹੁੰਦਾ ਹੈ। ਕੇਵਲ ਇੱਕ ਪ੍ਰਤੀਸ਼ਤ ਹੀ ਕਿਸੇ ਗੁਆਂਢੀ ਜਾਂ ਹੋਰ ਵਿਅਕਤੀ ਦੇ ਜ਼ਿੰਮੇਵਾਰ ਹੋਣ ਦੀ ਸੰਭਾਵਨਾ ਹੁੰਦੀ ਹੈ। ਇਹ ਵੀ ਸੱਚ ਹੈ ਕਿ ਜਿਆਦਾਤਰ ਵਿਅਕਤੀ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਨਾਲ ਗ੍ਰਸਤ ਹੋ ਕੇ ਹੀ ਅਜਿਹਾ ਕਰਦੇ ਹਨ। ਬਹੁਤ ਹੀ ਘੱਟ ਕੇਸ ਅਜਿਹੇ ਮਿਲਦੇ ਹਨ। ਜਿਹਨਾਂ ਵਿੱਚ ਕੋਈ ਵਿਅਕਤੀ ਕੇਵਲ ਸ਼ਰਾਰਤ ਕਰਕੇ ਅਜਿਹਾ ਕਰਦਾ ਹੋਵੇ। ਵਿਅਕਤੀ ਦੀਆਂ ਮਾਨਸਿਕ ਸਮੱਸਿਆਵਾਂ ਦਾ ਹੱਲ ਕਰਕੇ ਹੀ ਅਜਿਹੇ ਕੇਸ ਹੱਲ ਕੀਤੇ ਜਾ ਸਕਦੇ ਹਨ। ਕਿਸੇ ਵੀ ਪ੍ਰਕਾਰ ਦੇ ਪੂਜਾ-ਪਾਠ, ਤੰਤਰ-ਮੰਤਰ ਜਾਂ ਜਾਦੂ-ਟੂਣੇ ਨਾਲ ਅਜਿਹੀਆਂ ਘਟਨਾਵਾਂ ਦੇ ਹੱਲ ਲਈ ਕੋਈ ਵੀ ਕਰਮਕਾਂਡ ਕਰਨਾ ਮੂਰਖਤਾਪੂਰਣ ਗੱਲ ਹੈ। ਬਹੁਤ ਸਾਰੇ ਲੋਕ ਤਾਂਤਰਿਕ ਜਾਂ ਅਖੌਤੀ ਸਿਆਣਿਆਂ ਦੇ ਚੱਕਰ ਵਿੱਚ ਪੈ ਕੇ ਬਹੁਤ ਸਾਰਾ ਧਨ ਤਾਂ ਬਰਬਾਦ ਕਰਦੇ ਹੀ ਹਨ, ਸਗੋਂ ਪੂਰੀ ਉਮਰ ਲਈ ਇਸ ਚੱਕਰ ਵਿੱਚ ਫਸ ਕੇ ਕਰਮਕਾਂਡ ਹੀ ਕਰਦੇ ਰਹਿੰਦੇ ਹਨ। ਅਸਲ ਵਿੱਚ ਅਜਿਹੇ ਕੇਸ ਵਿਅਕਤੀ ਦੀਆਂ ਮਨੋ-ਸਰੀਰਕ ਸਮੱਸਿਆਵਾਂ ਨਾਲ ਸੰਬੰਧਤ ਹੁੰਦੇ ਹਨ ਜਿਸਦਾ ਹੱਲ ਲੱਭਣਾ ਬਹੁਤ ਜ਼ਰੂਰੀ ਹੁੰਦਾ ਹੈ।

ਇਸ ਘਰ ਵਿੱਚ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀ ਲੱਭਣ ਵਿੱਚ ਸਾਨੂੰ ਬਹੁਤਾ ਸਮਾਂ ਨਾ ਲੱਗਿਆ ਪਰ ਫਿਰ ਵੀ ਜਾਣ ਬੁੱਝਕੇ ਦੋਹਾਂ ਘਰਾਂ ਵਿੱਚ ਵੱਧ ਸਮਾਂ ਲਾ ਕੇ ਇਹ ਦਿਖਾਵਾ ਕੀਤਾ ਗਿਆ ਕਿ ਦੋਵੇਂ ਹੀ ਘਰਾਂ ਵਿੱਚ ਭੇਦ ਬਣਿਆ ਰਹੇ। ਅਸੀਂ ਦੋਵੇਂ ਘਰ-ਮਾਲਿਕਾਂ ਨੂੰ ਇਹ ਵਿਸਵਾਸ਼ ਦੁਆਇਆ ਕਿ ਸਮੱਸਿਆ ਦਾ ਪੱਕਾ ਹੱਲ ਕਰ ਦਿੱਤਾ ਜਾਵੇਗਾ ਪਰ ਦੋਸ਼ੀ ਵਿਅਕਤੀ ਦਾ ਨਾਮ ਗੁਪਤ ਰੱਖਿਆ ਜਾਵੇਗਾ। ਪਹਿਲਾਂ ਤਾਂ ਉਹ ਇਸ ਗੱਲ ਲਈ ਸਹਿਮਤ ਨਾ ਹੋਏ। ਫਿਰ ਘਟਨਾਵਾਂ ਨਾਲ ਸੰਬੰਧਤ ਪਰਿਵਾਰ ਨੇ ਗੱਲ ਨੂੰ ਸਮਝ ਲਿਆ। ਉਹਨਾਂ ਨੂੰ ਤਾਂ ਘਟਨਾਵਾਂ ਬੰਦ ਹੋਣ ਨਾਲ ਮਤਲਬ ਸੀ। ਗੁਆਂਢੀ ਨਾਲ ਸੰਬੰਧ ਉਹ ਵੀ ਵਿਗੜਨਾ ਨਹੀਂ ਚਾਹੁੰਦੇ ਸਨ। ਰਾਮਲਾਲ ਨੂੰ ਆਪਣੇ ਮੁੰਡੇ ਦੇ ਬਚਾਅ ਦੀ ਚਿੰਤਾ ਸੀ ਸੋ ਉਨ੍ਹਾਂ ਵੀ ਸਾਡੀ ਗੱਲ ਮੰਨ ਲਈ। ਅਸੀਂ ਦੋਹਾਂ ਨੂੰ ਇਹ ਸਮਝਾ ਦਿੱਤਾ ਕਿ ਉਹ ਕੇਵਲ ਅੰਬ ਖਾਣ ਨਾਲ ਮਤਲਬ ਰੱਖਣ, ਪੇੜ ਗਿਣਨ ਨਾਲ ਨਹੀਂ। ਅੱਗੇ ਤੋਂ ਘਟਨਾਵਾਂ ਬੰਦ ਹੋ ਜਾਣਗੀਆਂ ਅਤੇ ਆਪਸੀ ਸੰਬੰਧ ਵੀ ਨਹੀਂ ਵਿਗੜਨਗੇ। ਦੋਸ਼ੀ ਕੌਣ ਹੈ? ਇਸ ਗੱਲ ਨੂੰ ਗੁਪਤ ਰੱਖਿਆ ਜਾਵੇਗਾ।

ਤਰਕਸ਼ੀਲ ਸੁਸਾਇਟੀ ਅਜਿਹੀਆਂ ਰਹੱਸਮਈ ਘਟਨਾਵਾਂ ਲਈ ਜ਼ਿੰਮੇਦਾਰ ਵਿਅਕਤੀਆਂ ਦੇ ਨਾਵਾਂ ਨੂੰ ਆਮ ਤੌਰ ’ਤੇ ਗੁਪਤ ਹੀ ਰੱਖਦੀ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਜੋ ਵਿਅਕਤੀ ਪਹਿਲਾਂ ਹੀ ਮਾਨਸਿਕ ਸਮੱਸਿਆਵਾਂ ਨਾਲ ਗ੍ਰਸਤ ਹੈ, ਜੇਕਰ ਉਸ ਦੁਆਰਾ ਕੀਤੀਆਂ ਘਟਨਾਵਾਂ ਦਾ ਪਤਾ ਘਰਦਿਆਂ ਨੂੰ ਲੱਗ ਜਾਵੇ ਤਾਂ ਪਰਿਵਾਰ ਵਾਲੇ ਉਸ ਨਾਲ ਬੁਰਾ ਸਲੂਕ ਕਰ ਸਕਦੇ ਹਨ, ਕੁੱਟ-ਮਾਰ ਕਰ ਸਕਦੇ ਹਨ ਜਾਂ ਉਸਨੂੰ ਨੀਵਾਂ ਦਿਖਾ ਸਕਦੇ ਹਨ। ਪਹਿਲਾਂ ਤੋਂ ਹੀ ਮਾਨਸਿਕ ਸਮੱਸਿਆਵਾਂ ਵਿਚ ਉਲਝਿਆ ਵਿਅਕਤੀ ਹੀਣ-ਭਾਵਨਾ ਦਾ ਸ਼ਿਕਾਰ ਹੋ ਸਕਦਾ ਹੈ। ਨਿਰਾਸ਼ਾਜਨਕ ਹਾਲਤਾਂ ਵਿਚ ਆਤਮ ਹੱਤਿਆ ਕਰ ਸਕਦਾ ਹੈ। ਇਸ ਕਰਕੇ ਜਿਨ੍ਹਾਂ ਲੋਕਾਂ ਦਾ ਵਿਸ਼ਵਾਸ ਭੂਤਾਂ-ਪ੍ਰੇਤਾਂ ਵਿਚ ਪੱਕਾ ਹੁੰਦਾ ਹੈ, ਉਨ੍ਹਾਂ ਨੂੰ ਤਾਂ ਕਈ ਵਾਰੀ ਇਹ ਕਹਿ ਦਿੱਤਾ ਜਾਂਦਾ ਹੈ ਕਿ ਭੂਤ ਨੂੰ ਕਾਬੂ ਕਰ ਲਿਆ ਗਿਆ ਹੈ, ਉਹ ਉਨ੍ਹਾਂ ਨੂੰ ਹੁਣ ਕਦੇ ਤੰਗ ਨਹੀਂ ਕਰੇਗੀ। ਦੋਸ਼ੀ ਵਿਅਕਤੀ ਤੋਂ ਲਿਖਤੀ ਜਾਂ ਜ਼ੁਬਾਨੀ ਤੌਰ ਤੇ ਇਹ ਵਾਅਦਾ ਲਿਆ ਜਾਂਦਾ ਹੈ ਕਿ ਉਸਦੀ ਸਮੱਸਿਆ ਦਾ ਹੱਲ ਹੋ ਜਾਵੇਗਾ ਪਰ ਉਹ ਭਵਿੱਖ ਵਿਚ ਕੋਈ ਅਜਿਹੀ ਘਟਨਾ ਨਹੀਂ ਕਰੇਗਾ। ਘਰ ਵਾਲਿਆਂ ਤੋਂ ਵੀ ਅਸਿੱਧੇ ਰੂਪ ਵਿਚ ਉਸਦੀ ਸਮੱਸਿਆ ਦਾ ਹੱਲ ਕਰਵਾ ਦਿੱਤਾ ਜਾਂਦਾ ਹੈ। ਕਈ ਵਾਰ ਸਮੱਸਿਆ ਅਜਿਹੀ ਵੀ ਹੁੰਦੀ ਹੈ ਜਿਸਦਾ ਹੱਲ ਜਾਂ ਤਾਂ ਤਰਕਸ਼ੀਲ ਕੋਲ ਹੁੰਦਾ ਹੀ ਨਹੀਂ ਜਾਂ ਫਿਰ ਉਸ ਲਈ ਉਚਿਤ ਸਮੇਂ ਤੇ ਸਥਿਤੀ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਤਰਕਸ਼ੀਲ ਸੁਸਾਇਟੀ ਨੂੰ ਵੀ ਕੁੱਝ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਡੀ ਸਮੱਸਿਆ ਤਾਂ ਦੋਸ਼ੀ ਦਾ ਨਾਮ ਗੁਪਤ ਰੱਖਣਾ ਅਤੇ ਉਸਦਾ ਮਨੋਵਿਗਿਆਨਕ ਇਲਾਜ ਕਰਨਾ ਹੈ। ਕਈ ਵਾਰ ਦੋਸ਼ੀ ਵਾਅਦਾ ਤੋੜ ਕੇ ਦੋਬਾਰਾ ਘਟਨਾਵਾਂ ਸ਼ੁਰੂ ਕਰ ਦਿੰਦਾ ਹੈ ਅਤੇ ਤਰਕਸ਼ੀਲਾਂ ਨੂੰ ਵੀ ਧੋਖਾ ਦੇਣ ਦੀ ਕੋਸ਼ਿਸ਼ ਕਰਦਾ ਹੈ। ਅਜਿਹੀਆਂ ਹਾਲਤਾਂ ਵਿਚ ਸਾਨੂੰ ਕਈ ਵਾਰੀ ਦੋਸ਼ੀ ਦਾ ਨਾਮ ਦੱਸਣਾ ਵੀ ਪੈਂਦਾ ਹੈ।

ਸਾਡੇ ਦੁਆਰਾ ਦਿੱਤੀ ‘ਚੁਣੌਤੀ’ ਨੂੰ ਵੀ ਅਜੇ ਬਹੁਤ ਘੱਟ ਲੋਕੀ ਜਾਣਦੇ ਹਨ। ਬਹੁਤੇ ਲੋਕਾਂ ਨੂੰ ਅਜੇ ਵੀ ਭੂਤਾਂ-ਪ੍ਰੇਤਾਂ ਵਿਚ ਪੱਕਾ ਵਿਸ਼ਵਾਸ ਹੈ। ਇਸ ਲਈ ਉਹ ਸਾਡੀ ਇਸ ਗੱਲ ਉਤੇ ਵਿਸ਼ਵਾਸ ਹੀ ਨਹੀਂ ਕਰਦੇ ਕਿ ਘਰ ਦਾ ਕੋਈ ਮੈਂਬਰ ਵੀ ਰਹੱਸਮਈ ਘਟਨਾਵਾਂ ਕਰ ਸਕਦਾ ਹੈ। ਉਹ ਆਮ ਤੌਰ ਤੇ ਇਹ ਸਵਾਲ ਕਰਦੇ ਹਨ ਕਿ ਘਰ ਦਾ ਕੋਈ ਵਿਅਕਤੀ ਘਰ ਵਿਚ ਅੱਗ ਕਿਉਂ ਲਾਵੇਗਾ! ਇੱਟਾਂ ਰੋੜੇ ਕਿਉਂ ਤੇ ਕਿਵੇਂ ਸੁੱਟੇਗਾ। ਕੋਈ ਵਿਅਕਤੀ ਭਲਾ ਆਪਣੇ ਹੀ ਘਰ ਦਾ ਨੁਕਸਾਨ ਕਿਉਂ ਕਰੇਗਾ?



# ਚਿੰਤਾ ਤੋਂ ਮੁਕਤੀ



ਚਿੰਤਾ ਸਾਨੂੰ ਘੁਣ ਵਾਂਗ ਖਾਂਦੀ ਹੈ ਅਤੇ ਕੋਈ ਇਹਦੇ ਤੋਂ ਮੁਕਤੀ ਪਾਉਣੀ ਚਾਹੁੰਦਾ ਹੈ। ਇਹ ਸਾਡੇ ਮਨ ਤੇ ਚੱਤੋਪਹਿਰ ਲਟਕਦੀ ਰਹਿੰਦੀ ਹੈ ਅਤੇ ਸਾਨੂੰ ਇਉਂ ਲੱਗਦਾ ਰਹਿੰਦਾ ਹੈ ਕਿ ਅਸੀਂ ਦੁਨੀਆਂ ਭਰ ਦਾ ਭਾਰ ਆਪਣੇ ਮੋਢਿਆਂ ਤੇ ਚੁੱਕੀ ਫਿਰਦੇ ਹਾਂ। ਸਾਨੂੰ ਆਪਣੀ ਸਿਹਤ ਬਾਰੇ ਫਿਕਰ ਹੈ। ਆਪਣੇ ਬੱਚਿਆਂ ਅਤੇ ਬੁੱਢੇ ਮਾਂ ਬਾਪ ਬਾਰੇ ਚਿੰਤਾ ਹੈ। ਘਰ ਦੀ ਅਤੇ ਕਾਰ ਦੀ ਕਿਸ਼ਤ ਦਾ ਫਿਕਰ ਚੂੰਡੀਆਂ ਵੱਢਦਾ ਹੈ। ਆਪਣੀ ਨੌਕਰੀ ਬਾਰੇ ਫਿਕਰ ਹੈ ਕਿ ਇਹ ਕਦੋਂ ਤੱਕ ਹੈ ਅਤੇ ਜੇਕਰ ਨੌਕਰੀ ਖੁਸ਼ ਗਈ ਤਾਂ ਫਿਰ ਮੈਂ ਕੀ ਕਰਾਂਗਾ, ਘਰ ਦੇ ਬਿੱਲ ਅਤੇ ਬਾਕੀ ਖਰਚੇ ਕਿੱਥੋਂ ਹੋਣਗੇ? ਇਨ੍ਹਾਂ ਚਿੰਤਾਵਾਂ ਦੀ ਇਕ ਲੰਬੀ ਡਾਰ ਹੈ ਅਤੇ ਹਰ ਇਕ ਦੀ ਲਿਸਟ ਆਪਣੀ ਆਪਣੀ ਹੈ।

ਇਹਦਾ ਫਸਤਾ ਵੱਢਣ ਦਾ ਇਕ ਇਲਾਜ ਹੈ ਕਿ ਜੋ ਵੀ ਚਿੰਤਾ ਸਾਡੇ ਮਨ ਤੇ ਨਾਚ ਕਰ ਰਹੀ ਹੈ, ਉਹਨੂੰ ਇਕ ਕਾਗਜ਼ ਤੇ ਲਿਖ ਲਈਏ। ਇਸ ਤਰ੍ਹਾਂ ਬਾਕੀ ਚਿੰਤਾਵਾਂ ਵੀ ਨਾਲ ਜੋੜਕੇ ਇਕ ਪੂਰੀ ਸੂਰੀ ਲਿਸਟ ਤਿਆਰ ਕਰ ਲਈ ਜਾਵੇ। ਇਸ ਤੋਂ ਬਾਦ ਇਕੱਲੇ ਇਕੱਲੇ ਫਿਕਰ ਬਾਰੇ ਆਪਣੇ ਮਨ ਨਾਲ ਵਿਚਾਰ ਕਰੋ ਕਿ ਕੀ ਮੈਂ ਇਸ ਵਕਤ ਇਸ ਚਿੰਤਾ ਬਾਰੇ ਕੁਝ ਕਰ ਸਕਦਾ ਹਾਂ? ਜੇਕਰ ਜੁਆਬ ਹਾਂ ਵਿਚ ਹੈ ਤਾਂ ਜੋ ਮੌਕੇ ਅਤੇ ਸਮਝ ਮੁਤਾਬਕ ਤਰਕ ਦੀ ਕਸਵੱਟੀ ਤੇ ਠੀਕ ਲੱਗੇ ਕਰ ਦਿਉ। ਅਗਰ ਜੁਆਬ ਇਹ ਹੈ ਕਿ ਕੁੱਝ ਨਹੀਂ ਕੀਤਾ ਜਾ ਸਕਦਾ ਤਾਂ ਇਸ ਬਾਰੇ ਸੋਚ ਕੇ ਵੀ ਇਸ ਕੀਮਤੀ ਪਲ ਨੂੰ ਕਿਉਂ ਨਸ਼ਟ ਕੀਤਾ ਜਾਵੇ।

ਫਿਕਰ ਬਾਰੇ ਸਿਰਫ਼ ਸੋਚਦੇ ਰਹਿਣ ਨਾਲ ਇਹ ਸਾਡੇ ਮਨ ਨੂੰ ਰਿੜਕਣ ਲਾ ਦਿੰਦਾ ਹੈ ਅਤੇ ਅਸੀਂ ਹੈਰਾਨੀ ਵਿਚ ਨਾਂਹਪੱਖੀ ਸੋਚ ਨਾਲ ਇਹ ਕਹਿ ਉਠਦੇ ਹਾਂ ਕਿ ਅਗਰ ਇਸ ਤਰ੍ਹਾਂ ਹੋ ਗਿਆ ਤਾਂ ਫਿਰ ਕੀ ਹੋਵੇਗਾ? ਪਰ ਸੱਚਾਈ ਇਹ ਹੈ ਕਿ ਕੋਈ ਵੀ ਭਵਿੱਖ ਬਾਰੇ ਕਿਆਫੇ ਨਹੀਂ ਲਾ ਸਕਦਾ ਕਿ ਇਸ ਤਰ੍ਹਾਂ ਹੋਵੇਗਾ। ਜੇਕਰ ਤੁਹਾਨੂੰ ਕੋਈ ਆਉਣ ਵਾਲੇ ਸਮੇਂ ਬਾਰੇ ਸੱਚ ਸੱਚ ਦੱਸਣ ਦਾ ਦਾਅਵਾ ਕਰਦਾ ਹੈ ਤਾਂ ਉਹ ਤੁਹਾਨੂੰ ਮੂਰਖ ਬਣਾ ਰਿਹਾ ਹੋਵੇਗਾ। ਇਸ ਦੀ ਬਜਾਏ ਕੋਈ ਕੰਮ ਕੀਤਾ ਜਾਵੇ, ਜਿਵੇਂ ਜੇਕਰ ਨੌਕਰੀ ਖੁਸਣ ਦਾ ਡਰ ਹੈ ਤਾਂ ਨੌਕਰੀ ਦੀ ਭਾਲ ਜ਼ੋਰਾਂ ਸ਼ੋਰਾਂ ਨਾਲ ਕੀਤੀ ਜਾਵੇ। ਤੁਸੀਂ ਆਪਣੀ ਸਾਰੀ ਸਮਝ ਅਤੇ ਸਾਰੀ ਸ਼ਕਤੀ ਇਸ ਪਾਸੇ ਲਾ ਦਿਉ ਅਤੇ ਜੇਕਰ ਫਿਰ ਵੀ ਕੋਈ ਨੌਕਰੀ ਨਹੀਂ ਮਿਲਦੀ ਤਾਂ ਤੁਹਾਨੂੰ ਇਹ ਤਸੱਲੀ ਕਰ ਲੈਣੀ ਚਾਹੀਦੀ ਹੈ ਕਿ ਇਸ ਤੋਂ ਜ਼ਿਆਦਾ ਇਸ ਬਾਰੇ ਮੈਂ ਹੋਰ ਕੁੱਝ ਨਹੀਂ ਸੀ ਕਰ ਸਕਦਾ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 07763013424

ਇਹ ਵੀ ਸੱਚ ਹੈ ਕਿ ਤੁਸੀਂ ਆਪਣੀਆਂ ਉਮਰ ਭਰ ਦੀਆਂ ਪੱਕ ਚੁੱਕੀਆਂ ਆਦਤਾਂ ਨੂੰ ਜਾਦੂ ਦੀ ਸੋਟੀ ਨਾਲ ਇਕ ਪਲ 'ਚ ਨਹੀਂ ਬਦਲ ਸਕਦੇ। ਨਵੀਂ ਆਦਤ ਸਿੱਖਣ ਅਤੇ ਫਿਰ ਉਹਦੇ ਪੱਕਣ 'ਚ ਕੁੱਝ ਵਕਤ ਤਾਂ ਲੱਗੇਗਾ ਹੀ। ਕਿਉਂ ਨਹੀਂ ਤੁਸੀਂ ਦਿਨ 'ਚ ਅੱਧਾ ਘੰਟਾ ਇਸ ਕੰਮ ਲਈ ਰਾਖਵਾਂ ਰੱਖ ਲੈਂਦੇ ਕਿ ਉਸ ਅੱਧੇ ਘੰਟੇ ਵਿਚ ਮੈਂ ਆਪਣੇ ਫਿਕਰਾਂ ਬਾਰੇ ਸੋਚਾਂਗਾ। ਤੁਸੀਂ ਜਲਦੀ ਹੀ ਮਹਿਸੂਸ ਕਰਨ ਲੱਗ ਪਵੋਗੇ ਕਿ ਇਹ ਕਿੰਨੀ ਹਾਸੋਹੀਣੀ ਸਥਿਤੀ ਹੈ ਅਤੇ ਇਹ ਬੇਤੁੱਕਾ ਕੰਮ ਮੈਂ ਕਿਉਂ ਕਰ ਰਿਹਾਂ? ਇਹ ਅੱਧਾ ਘੰਟਾ ਤੁਹਾਡੇ ਲਈ ਸੁਖਾਵਾਂ ਬਿਲਕੁਲ ਨਹੀਂ ਸਿੱਧ ਹੋਵੇਗਾ।

ਇਹਦਾ ਬਦਲ ਇਹ ਹੈ ਕਿ ਤੁਸੀਂ ਅੱਧਾ ਘੰਟਾ ਹਰ ਰੋਜ਼ ਆਪਣੇ ਆਪ ਨੂੰ ਚਿੰਤਾ-ਮੁਕਤ ਕਰੋ। ਇਹ ਕੰਮ ਤੁਸੀਂ ਪਿੱਠ ਭਾਰ ਲੇਟ ਕੇ ਜਾਂ ਕਿਤੇ ਬੈਠ ਕੇ ਵੀ ਕਰ ਸਕਦੇ ਹੋ। ਅੰਗਰੇਜ਼ੀ ਵਿਚ ਇਹਨੂੰ ਰੀਲੈਕਸ ਹੋਣਾ ਕਿਹਾ ਜਾਂਦਾ ਹੈ। ਤੁਸੀਂ ਆਪਣੇ ਪੈਰਾਂ ਦੀਆਂ ਉਂਗਲਾਂ ਦੇ ਪੱਠਿਆਂ ਤੋਂ ਸ਼ੁਰੂ ਕਰਕੇ ਆਪਣੇ ਸਿਰ ਤੱਕ ਜਾਉ। ਹਰ ਪੱਠੇ ਨੂੰ ਜ਼ੋਰ ਨਾਲ ਇਕੱਠਾ ਕਰੋ ਤੇ ਫਿਰ ਛੱਡ ਦਿਉ। ਤੁਸੀਂ ਅੱਧੇ ਘੰਟੇ ਬਾਦ ਹੈਰਾਨ ਹੋਵੋਗੇ ਕਿ ਤੁਸੀਂ ਰੀਲੈਕਸ ਹੋ ਕੇ ਚਿੰਤਾ ਮੁਕਤ ਹੋ ਗਏ ਹੋ।

ਹੁਣ ਤੁਹਾਨੂੰ ਇਹ ਫਿਕਰ ਖਾ ਰਿਹਾ ਕਿ ਮੈਂ ਬਿਨਾਂ ਨੌਕਰੀ ਤੋਂ ਮਿਲਦੇ ਭੱਤਿਆਂ ਅਤੇ ਪੈਨਸ਼ਨ ਨਾਲ ਕਿਵੇਂ ਗੁਜ਼ਾਰਾ ਕਰਾਂਗਾ। ਮੇਰੀ ਪਿੱਠ ਵਿੱਚ ਹੁੰਦੀ ਦਰਦ ਨੂੰ ਕਿਵੇਂ ਰੋਕਿਆ ਜਾਵੇ। ਨੌਕਰੀ ਨਾ ਹੋਣ ਤੇ ਮੈਂ ਵਕਤ ਕਿਵੇਂ ਗੁਜ਼ਾਰਾਂਗਾ? ਆਪਣੇ ਜੀਵਨ ਸਾਥੀ ਦੀ ਹਰ ਵੇਲੇ ਦੀ ਟੋਕਾ-ਟਾਕੀ ਤੋਂ ਕਿਵੇਂ ਛੁਟਕਾਰਾ ਪਾਵਾਂਗਾ? ਇਨ੍ਹਾਂ ਫਿਕਰਾਂ ਦਾ ਇਲਾਜ ਇਸ ਤਰ੍ਹਾਂ ਵੀ ਕੀਤਾ ਜਾ ਸਕਦਾ ਕਿ ਤੁਸੀਂ ਰਬੜਬੈਂਡ ਲੈ ਕੇ ਆਪਣੇ ਲੱਕ ਦੁਆਲੇ ਪਾ ਲਵੋ। ਜਦ ਵੀ ਤੁਹਾਨੂੰ ਚਿੰਤਾ ਖਾਣ ਲੱਗੇ ਤਾਂ ਰਬੜਬੈਂਡ ਨੂੰ ਖਿੱਚ ਕੇ ਛੱਡ ਦਿਉ। ਇਹਦੇ ਨਾਲ ਸਾਡੇ ਸਰੀਰ ਨੂੰ ਥੋੜ੍ਹਾ ਜਿਹਾ ਦੁੱਖ ਤਾਂ ਲੱਗੇਗਾ ਪਰ ਹੱਡੀ-ਬੈਠੀਆਂ ਆਦਤਾਂ ਤੋਂ ਛੁਟਕਾਰਾ ਪਾਉਣ ਲਈ ਸਰੀਰ ਨੂੰ ਮਾੜਾ-ਮੋਟਾ ਤਾਂ ਦੁੱਖ ਦੇਣਾ ਹੀ ਪਵੇਗਾ। ਇਹ ਇਕ ਕਿਸਮ ਦੀ ਤੁਹਾਨੂੰ ਚੇਤਾਵਨੀ ਹੋਵੇਗੀ ਕਿ ਚਿੰਤਾ ਕਰਨੀ ਬੰਦ ਕਰ।

ਇਕ ਤਰੀਕਾ ਇਹ ਵੀ ਹੈ ਕਿ ਆਪਣੇ ਆਪ ਨੂੰ ਕਿਸੇ ਕੰਮ 'ਚ ਪੂਰੀ ਤਰ੍ਹਾਂ ਗੜੁੱਚ ਕਰ ਲਵੋ। ਚਾਹੇ ਇਹ ਬਾਗਬਾਨੀ, ਤਸਵੀਰਾਂ ਦੀ ਡਰਾਇੰਗ ਕਰਨ,

ਸਵੈਟਰ ਬੁਨਣ ਜਾਂ ਕਿਸੇ ਨਾਵਲ ਜਾਂ ਕਿਤਾਬ ਨੂੰ ਪੜ੍ਹਨ ਦਾ ਕੰਮ ਹੋਵੇ। ਫਿਰ ਤੁਹਾਡੇ ਕੋਲ ਉਹ ਸ਼ਕਤੀ, ਊਰਜਾ ਨਹੀਂ ਬਚੇਗੀ ਜਿਸਦੇ ਨਾਲ ਫਿਕਰ ਕੀਤਾ ਜਾ ਸਕੇ।

**ਇਕ ਕੰਮ ਹੋਰ ਕਰੋ** : ਇਕ ਕਾਗਜ਼ ਲੈ ਕੇ ਉਹਦੇ ਤੇ ਇਥੋਂ ਕਿ ਪੰਜ ਸਾਲ ਪਹਿਲਾਂ, ਜਾਂ ਪਿਛਲੇ ਸਾਲ ਜਾਂ ਤੇ ਮਹੀਨੇ ਪਹਿਲਾਂ ਤੁਹਾਨੂੰ ਕਿਸ ਗਲ਼ ਦਾ ਫਿਕਰ ਵੱਢ ਵੱਢ ਖਾ ਰਿਹਾ ਸੀ ਜਾਂ ਤਾਂ ਤੁਹਾਨੂੰ ਉਸ ਦਾ ਚਿਤ ਚੇਤਾ ਵੀ ਨਹੀਂ ਤਾਂ ਜਾਂ ਫਿਰ ਤੁਸੀਂ ਅਜੇ ਵੀ ਉਸ ਗੱਲ ਬਾਰੇ ਚਿੰਤਾ ਕਰ ਰਹੇ ਹੋ। ਹੁਣ ਇਹ ਤਰਕ ਕਰੋ ਕਿ ਇਸ ਫਿਕਰ ਨੇ ਤੁਹਾਨੂੰ ਕਿਸੇ ਪਾਸੇ ਨਹੀਂ ਹਿਲਣ ਦਿੱਤਾ, ਸਗੋਂ ਇਹ ਸਾਰਾ ਵਕਤ ਆਨੰਦ ਮਾਨਣ ਤੋਂ ਜ਼ਰੂਰ ਰੋਕੀ ਰੱਖਿਆ ਹੈ।

**ਆਪਣੇ ਆਪ ਤੋਂ ਤੁਸੀਂ ਦੋ ਸੁਆਲ ਪੁੱਛੋ** : ਪਹਿਲਾ, ਚਿੰਤਾਵਾਂ ਤੁਹਾਨੂੰ ਅਕਸਰ ਵੱਡ-ਦਰਸ਼ੀ ਲੱਗਦੀਆਂ ਹਨ ਅਤੇ ਇਸ ਗੱਲ 'ਚ ਕਿੰਨੀ ਸੱਚਾਈ ਹੈ ਕਿ ਤੁਹਾਡਾ ਡਰ ਸੱਚ ਸਾਬਤ ਹੋਵੇਗਾ। ਦੂਜਾ, ਅਗਰ ਤੁਸੀਂ ਕਿਸੇ ਬਾਰੇ ਫਿਕਰ ਕਰ ਰਹੇ ਹੋ ਤਾਂ ਜ਼ਰਾ ਸੋਚੋ ਕਿ ਕੀ ਇਹ ਵਾਕਿਆ ਹੀ ਤੁਹਾਡੀ ਚਿੰਤਾ ਹੈ? ਉਦਾਹਰਣ ਦੇ ਤੌਰ 'ਤੇ ਅਗਰ ਤੁਹਾਡੇ ਪੁੱਤਰ ਜਾਂ ਪੁੱਤਰੀ ਦੀ ਨੌਕਰੀ ਖੁੱਸ ਗਈ ਹੈ ਤਾਂ ਉਹਨੂੰ ਤੁਹਾਡੀ ਹਮਦਰਦੀ ਅਤੇ ਹੌਂਸਲੇ ਦੀ ਤਾਂ ਜ਼ਰੂਰਤ ਹੈ ਪਰ ਤੁਹਾਡੇ ਚੱਤੋਪਹਿਰ ਦੇ ਫਿਕਰ ਦੀ ਨਹੀਂ।

ਹੁਣ ਤੁਸੀਂ ਛੋਟੀਆਂ-ਛੋਟੀਆਂ ਗੱਲਾਂ ਦਾ ਤਾਂ ਫਿਕਰ ਨਹੀਂ ਕਰਦੇ ਪਰ ਹੋਰ ਵੱਡੀਆਂ ਵੱਡੀਆਂ ਚਿੰਤਾਵਾਂ ਨੇ ਤੁਹਾਨੂੰ ਘੇਰ ਲਿਆ ਹੈ ਜਿਵੇਂ ਕਿ ਜੇਕਰ ਮੈਂ ਬੀਮਾਰ ਹੋ ਕੇ ਅਪਾਹਜ਼ ਹੋ ਗਿਆ ਤਾਂ ਆਪਣੇ ਪਰਿਵਾਰ ਤੇ ਬੋਝ ਬਣ ਜਾਵਾਂਗਾ? ਜਾਂ ਮੈਨੂੰ ਕਿਤੇ ਬਾਹਰ ਗਿਆ ਕੋਈ ਲੁੱਟ ਹੀ ਨਾ ਲਵੇ ਜਾਂ ਮੇਰੇ ਘਰ ਨੂੰ ਕੋਈ ਚੋਰ ਸੰਨ੍ਹ ਨਾ ਲਾ ਲਵੇ ਅਤੇ ਜੇਕਰ ਕੋਈ ਮੇਰਾ ਬਹੁਤ ਈ ਨਜ਼ਦੀਕੀ ਮੇਰੇ ਤੋਂ ਵਿਛੜ ਗਿਆ ਤਾਂ ਮੈਂ ਕੀ ਕਰਾਂਗਾ?

ਇਨ੍ਹਾਂ ਸੋਚਾਂ ਤੋਂ ਛੁਟਕਾਰਾ ਪਾਉਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਆਪ ਤੇ ਵਿਸ਼ਵਾਸ ਨੂੰ ਦ੍ਰਿੜ੍ਹ ਕਰੋ ਕਿ ਤੁਸੀਂ ਜ਼ਿੰਦਗੀ 'ਚ ਬੜੇ ਉਤਰਾ ਚੜ੍ਹਾਅ ਦੇਖੇ ਹਨ ਅਤੇ ਉਨ੍ਹਾਂ ਸਾਰਿਆਂ 'ਚੋਂ ਸਾਬਤ ਸਬੂਤੇ ਪਾਰ ਨਿਕਲ ਆਏ ਹੋ। ਤੁਸੀਂ ਆਪਣੇ ਆਪ ਨੂੰ ਇਸ ਯੋਗ ਬਣਾ ਲਿਆ ਹੈ ਕਿ ਤੁਸੀਂ ਮੌਕੇ ਦੇ ਮੇਚ ਦੇ ਬਣ ਜਾਂਦੇ ਹੋ ਅਤੇ ਇਹ ਸਿਆਣਪ ਵੀ ਸਿੱਖ ਲਈ ਹੈ ਕਿ ਚਿੰਤਾ ਕੀਤਿਆਂ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ। ਅਗਰ ਮੰਨ ਲਿਆ ਜਾਵੇ ਕਿ ਤੁਹਾਡੇ ਫਿਕਰ ਸੱਚੇ ਸਾਬਤ ਹੋ ਜਾਂਦੇ ਹਨ ਤਾਂ ਤੁਹਾਨੂੰ ਆਪਣੇ ਆਪ ਤੇ ਇਨ੍ਹਾਂ ਭਰੋਸਾ ਹੋਣਾ ਚਾਹੀਦਾ ਹੈ ਕਿ ਬੀਤੇ ਸਮੇਂ 'ਚ ਮੈਂ ਇਨ੍ਹਾਂ ਦਾ ਮੁਕਾਬਲਾ ਕਰ ਲਿਆ ਸੀ ਤੇ ਹੁਣ ਵੀ ਕਰ ਲਵਾਂਗਾ।

ਇਕ ਹੋਰ ਤਰੀਕਾ ਵੀ ਹੈ ਕਿ ਆਪਣੇ ਫਿਕਰਾਂ ਨੂੰ ਆਪਣੇ ਨਜ਼ਦੀਕੀ ਸਬੰਧੀਆਂ ਅਤੇ ਦੋਸਤਾਂ ਨਾਲ ਸਾਂਝਿਆ ਕਰੋ। ਇਹ ਉਹ ਨਜ਼ਦੀਕੀ ਰਿਸ਼ਤੇਦਾਰ ਅਤੇ ਦੋਸਤ ਹੋਣੇ ਚਾਹੀਦੇ ਹਨ ਜੋ ਤੁਹਾਡੇ ਹਿੱਤੂ ਹੋਣ, ਨਾ ਕਿ ਤੁਹਾਡਾ ਮਖੌਲ ਉਡਾਉਣ ਵਾਲੇ। ਇਹ ਦੁੱਖ ਵੇਲੇ ਖੜ੍ਹਨ ਵਾਲੇ ਲੋਕ ਤੁਹਾਡੀ ਇਮਾਨਦਾਰੀ ਦੀ ਕਦਰ ਕਰਨਗੇ ਅਤੇ ਆਪਣੇ ਵਿੱਤ ਮੁਤਾਬਕ ਤੁਹਾਡੀ ਮੱਦਦ ਵੀ ਕਰਨਗੇ ਅਤੇ ਤੁਹਾਡੇ ਫਿਕਰਾਂ ਨੂੰ ਦੂਰ ਭਜਾਉਣ 'ਚ ਪੂਰੀ ਸਹਾਇਤਾ ਵੀ ਕਰਨਗੇ। ਕਿਸੇ ਡਾਇਰੀ ਜਾਂ ਨੋਟ ਬੁੱਕ 'ਚ ਆਪਣੇ ਫਿਕਰਾਂ ਨੂੰ ਲਿਖਣਾ ਵੀ ਇਨ੍ਹਾਂ ਤੋਂ ਛੁਟਕਾਰਾ ਪਾਉਣ 'ਚ ਸਹਾਇਤਾ ਕਰਦਾ ਹੈ। ਇਕ ਹੋਰ ਗੱਲ:

ਤੁਹਾਨੂੰ ਟੈਲੀਵਿਜ਼ਨ ਤੇ ਉਨ੍ਹਾਂ ਖਬਰਾਂ, ਡਰਾਮਿਆਂ, ਨਾਟਕਾਂ ਜਾਂ ਫਿਲਮਾਂ ਦੇਖਣ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ, ਜੋ ਤੁਹਾਡੇ ਫਿਕਰਾਂ ਤੇ ਦੋਹਰ ਪਾਉਂਦੇ ਹੋਣ ਕਿ ਹਰ ਖੂੰਜੇ ਤੇ ਚੋਰ, ਕਾਤਲ ਜਾਂ ਕੋਈ ਬਲਾਤਕਾਰੀ ਖੜ੍ਹਾ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ, ਜਦੋਂ ਕਿ ਮਿਲਦੇ ਸਬੂਤਾਂ ਦੇ ਆਧਾਰ ਤੇ ਸੱਚਾਈ ਇਸ ਤੋਂ ਬਿਲਕੁਲ ਹੀ ਉਲਟ ਹੋਵੇ।

ਫਿਕਰਾਂ ਤੋਂ ਨਿਜ਼ਾਤ ਪਾਉਣ ਦਾ ਇਕ ਹੋਰ ਲਾਹੇਵੰਦ ਤਰੀਕਾ ਇਹ ਹੈ ਕਿ ਤੁਸੀਂ ਅੱਖਾਂ ਬੰਦ ਕਰਕੇ ਚੁੱਪ ਚਾਪ ਬੈਠ ਜਾਉ ਅਤੇ ਇਹ ਕਲਪਣਾ ਕਰੋ ਕਿ ਤੁਸੀਂ ਆਪਣੇ ਸਾਰੇ ਫਿਕਰ ਇਕ ਬਹੁਤ ਵੱਡੇ ਬੋਰੇ ਵਿਚ ਪਾ ਦਿੱਤੇ ਹਨ ਅਤੇ ਉਸ ਚਿੰਤਾਵਾਂ ਨਾਲ ਭਰੇ ਬੋਰੇ ਨੂੰ ਸਮੁੰਦਰ ਵਿਚ ਸੁੱਟ ਦਿੱਤਾ ਹੈ। ਜਦ ਤੁਸੀਂ ਉਸ ਬੋਰੇ ਨੂੰ ਸਮੁੰਦਰ ਦੇ ਡੂੰਘੇ ਪਾਣੀਆਂ ਵਿਚ ਅਠਖੇਲੀਆਂ ਕਰਦੇ ਦੇਖੋਗੇ ਤਾਂ ਤੁਹਾਡੀਆਂ ਚਿੰਤਾਵਾਂ ਵੀ ਉੱਡ ਪੁੱਡ ਜਾਣਗੀਆਂ ਅਤੇ ਤੁਸੀਂ ਬੜੇ ਹਲਕੇ ਅਤੇ ਖੁਸ਼ ਮਹਿਸੂਸ ਕਰੋਗੇ। ਸ਼ਰਾਬ, ਨਸ਼ੇ ਜਾਂ ਡਰੱਗਜ਼ ਤੁਹਾਡਾ ਫਿਕਰਾਂ ਤੋਂ ਪਿੱਛਾ ਨਹੀਂ ਛੁਡਾ ਸਕਦੇ, ਇਹ ਜਿੱਥੇ ਤੁਹਾਡੇ ਸਰੀਰ ਨੂੰ ਲੀਰੋ ਲੀਰ ਕਰ ਦੇਣਗੇ, ਉਥੇ ਤੁਹਾਡੇ ਪਰਿਵਾਰ, ਬੱਚਿਆਂ ਅਤੇ ਬਾਕੀ ਨਜ਼ਦੀਕੀ ਰਿਸ਼ਤੇਦਾਰਾਂ ਦਾ ਵੀ ਝੁੱਗਾ ਚੋੜ ਕਰ ਦੇਣਗੇ। ਸਮਾਜ ਵਿਚ ਤੁਹਾਡੀ ਤੌਇ ਤੌਇ ਹੋਵੇਗੀ ਅਤੇ ਕੋਈ ਵੀ ਤੁਹਾਨੂੰ ਮੂੰਹ ਨਹੀਂ ਲਾਵੇਗਾ। ਪਤਨੀ, ਬੱਚਿਆਂ ਅਤੇ ਮਾਂ ਬਾਪ ਦਾ ਜਿੱਥੇ ਕਈ ਤਰ੍ਹਾਂ ਦਾ ਸੋਸ਼ਣ ਹੋਵੇਗਾ ਉਥੇ ਸਮਾਜਿਕ ਤੌਰ 'ਤੇ ਵੀ ਛੇਕੇ ਜਾਵੋਗੇ। ਇਹਦਾ ਨਤੀਜਾ ਕਲੰਕੀ ਅਤੇ ਘੋਰ ਉਦਾਸੀ ਹੋਵੇਗਾ ਜੋ ਆਤਮ-ਹੱਤਿਆ ਤੱਕ ਲਿਜਾ ਸਕਦਾ ਹੈ।


## तर्कभारती प्रकाशन, बरनाला की हिन्दी व अंग्रेजी में प्रकाशित पुस्तकें

| | | |
|---|---|---|
| 1. | और देव पुरुष हार गये | 25/- |
| 2. | देव और दानव | 40/- |
| 3. | भुतों का शिकार | 40/- |
| 4. | विज्ञान और पराविज्ञान | 40/- |
| 5. | रौशनी | 20/- |
| 6. | प्रमात्मा कब, कहां, और कैसे ? | 20/- |
| 7. | हिप्नोटिजम क्या, क्यों और कैसे ? | 15/- |
| 8. | कण-कण में विज्ञान | 15/- |
| 9. | ज्योतिष झुठ बोलता है ! | 30/- |
| 10. | तर्कशील जादुगर | 20/- |
| 11. | वैज्ञानिक जादुगर | 20/- |
| 12. | रजनीश बेनकाब | 30/- |
| 13. | मैं कौन हूं | 20/- |
| 14. | अतीत के साये में | 40/- |
| 15. | लेकिन ये सच है | 40/- |
| 16. | जीवन संग्राम | 30/- |
| 17. | समय का इतिहास | 20/- |
| 18. | दिमागी विकास कैसे करें | 20/- |
| 19. | **शहीद भगत सिंह की कुछ चुनिंदा रचनाऐं** | 50/- |
| 20. | **धर्म के नाम पर दरिन्दगी** | 30/- |
| 21. | **झुठ की पुजा** | 40/- |
| 22. | **तर्कशील संदेश** | 30/- |
| 23. | **तर्कशील वार्ता** | 40/- |
| 24. | **सिक्ख भाईयों से कुछ बातें** | 40/- |
| 25. | उजाले की ओर | 50/- |
| 26. | Fortune Telling Exposed | 70/- |

# ਵਿਗਿਆਨਕ ਖ਼ਬਰਾਂ

## ☐ ਕੁਦਰਤ ਸਿਖਾਏ ਵਿਗਿਆਨ ਨੂੰ ਗਿਆਨ

ਸਭ ਤੋਂ ਵੱਡਾ ਵਿਗਿਆਨ ਤਾਂ ਕੁਦਰਤ ਖ਼ੁਦ ਹੈ। ਹਜ਼ਾਰਾਂ, ਲੱਖਾਂ ਸਾਲਾਂ ਤੋਂ ਵਿਗਿਆਨ ਨੇ ਜੋ ਵਿਕਾਸ ਕੀਤਾ ਹੈ। ਵਿਗਿਆਨਕ ਆਪਣੀਆਂ ਨਵੀਆਂ ਪ੍ਰਯੋਗਸ਼ਾਲਾਵਾਂ ਵਿਚ ਉਹ ਹੀ ਸਿੱਖਣ ਅਤੇ ਸਮਝਣ ਦੀ ਕੋਸ਼ਿਸ਼ ਕਰਦੇ ਹਨ।

15 ਲੱਖ ਯੂਰੋ, ਅਰਥਾਤ ਲਗਭਗ ਨੌ ਕਰੋੜ ਰੁਪਇਆਂ ਦੇ ਬਰਾਬਰ ਦਾ 2008 ਦਾ ਜਰਮਨੀ ਦਾ ਮਾਸਕ ਪਲਾਂਟ ਵਿਗਿਆਨ ਪੁਰਸਕਾਰ ਇਸ ਵਾਰ ਆਸਟਰੇਲੀਆ ਅਤੇ ਅਮਰੀਕਾ ਦੇ ਦੋ ਅਜਿਹੇ ਵਿਗਿਆਨਕਾਂ ਨੂੰ ਦਿੱਤਾ ਗਿਆ ਹੈ। ਜੋ ਲੱਕੜੀ ਅਤੇ ਹੱਡੀ ਵਰਗੀਆਂ ਜੈਵ-ਸੰਰਚਨਾਵਾਂ ਨੂੰ ਸਿੱਖਕੇ ਨਵੀਆਂ ਸਮੱਗਰੀਆਂ ਅਤੇ ਪ੍ਰਣਾਲੀਆਂ ਦਾ ਨਿਰਮਾਣ ਕਰਦੇ ਹਨ। ਪੁਰਸਕਾਰ ਰਾਸ਼ੀ ਜਰਮਨ ਸਿੱਖਿਆ ਅਤੇ ਵਿਗਿਆਨ ਦਿੰਦਾ ਹੈ।

## ☐ ਡਿਜੀਟਲ ਵਲਡਰ ਨੂੰ ਹੋਰ ਅਸਾਨ ਬਣਾਉਂਦਾ ਹੈ ਡੇ. ਜੀ.

ਨਵੀਂ ਦਿੱਲੀ – ਕੰਪਿਊਟਰ ਨੇ ਕੰਮਕਾਜੀ ਲੋਕਾਂ ਦੇ ਜੀਵਨ 'ਚ ਜੋ ਬਦਲਾਵ ਲਿਆਂਦਾ ਹੈ, ਉਸਦੀ ਕੋਈ ਸੀਮਾ ਨਹੀਂ ਹੈ। ਕੰਪਿਊਟਰ ਦੀ ਦੁਨੀਆਂ ਦਾ ਸਭ ਤੋਂ ਵੱਡਾ ਮਾਈਕ੍ਰੋਸਾਫਟ, ਉਨ੍ਹਾਂ ਲੋਕਾਂ ਲਈ ਇਕ ਵਧੀਆ ਸੌਗਾਤ ਲੈ ਕੇ ਆਇਆ ਹੈ। ਜੋ ਦੇਖ ਜਾਂ ਸੁਣ ਨਹੀਂ ਸਕਦੇ।

ਨੇਤਰਹੀਨ ਜਾਂ ਜਿਨ੍ਹਾਂ ਨੂੰ ਸੁਣਨ 'ਚ ਸੱਮਸਿਆ ਹੁੰਦੀ ਹੋਵੇ, ਅਜਿਹੇ ਲੋਕਾਂ ਲਈ ਜ਼ਰੂਰੀ ਹੈ ਕਿ ਕੰਪਿਊਟਰ ਦੀਆਂ ਫ਼ਾਈਲਾਂ ਉਨ੍ਹਾਂ ਦੀ ਜ਼ਰੂਰਤ ਦੇ ਅਨੁਸਾਰ ਹੋਣ। ਬਲਾਈਂਡ ਯੂਜ਼ਰ ਜਦੋਂ ਕੰਪਿਊਟਰ ਤੇ ਕੰਮ ਕਰਨ ਤਾਂ ਉਹ ਸੁਣ ਕੇ ਪਤਾ ਲਗਾ ਸਕਣ ਕਿ ਤੁਸੀਂ ਕੀ ਕਮਾਂਡ ਦਿੱਤੀ ਹੈ ਅਤੇ ਉਸ 'ਤੇ ਕੀ ਐਕਸ਼ਨ ਲਿਆ ਗਿਆ ਹੈ। ਅਜਿਹੀ ਸਹੂਲਤ ਪਹਿਲਾਂ ਤੋਂ ਹੀ ਕਈ ਸਾਫ਼ਟਵੇਅਰ ਦੇ ਰਹੇ ਹਨ। ਕੰਪਿਊਟਰ ਦੇ ਮਾਹਰਾਂ ਲਈ ਇਹ ਕੰਮ ਬਹੁਤ ਅਸਾਨ ਹੈ, ਪਰ ਜੇਕਰ ਅਸੀਂ ਕਿਸੇ ਫ਼ਾਈਲ ਨੂੰ ਇਨ੍ਹਾਂ ਖਾਸ ਜ਼ਰੂਰਤ ਵਾਲੇ ਲੋਕਾਂ ਦੇ ਲਈ ਬਣਾਉਣਾ ਚਾਹੁੰਦੇ ਹਾਂ ਤਾਂ ਦਿੱਕਤ ਆਉਂਦੀ ਹੈ। ਮਸਲਨ, ਅਸੀਂ ਜੇਕਰ ਕਿਸੇ ਵੀ ਡਾਕੂਮੈਂਟ ਫ਼ਾਈਲ ਨੂੰ ਆਡੀਓ ਬੁਕ ਫਾਈਲ ਜਾਂ ਕਿਸੇ ਦੂਸਰੇ ਫਾਰਮੈਟ 'ਚ ਬਦਲਣਾ ਚਾਹੁੰਦੇ ਹਾਂ। ਤਾਂ ਤੁਹਾਨੂੰ ਕੁਝ ਖਾਸ ਨਹੀਂ ਕਰਨਾ ਪਵੇਗਾ। ਬਸ ਆਪਣੇ ਐਮ. ਐਸ. ਵਰਡ 'ਚ ਇਕ ਹੋਰ ਆਪਸ਼ਨ ਐਡ ਕਰ ਲਓ।

ਇਸ ਤੋਂ ਬਾਅਦ ਡਾਕੂਮੈਂਟ ਸੇਵ ਆਪਸ਼ਨ ਨਜ਼ਰ ਆਵੇਗੀ। ਇਸ ਆਪਸ਼ਨ ਨੂੰ ਸੇਵ ਕਰਨ ਦੇ ਲਈ ਆਡੀਓ ਫ਼ਾਈਲਾਂ ਨੂੰ ਪੜ੍ਹਨਾ ਜਾਂ ਸੁਣਨਾ, ਇਸ ਲਈ ਹੋਰ ਅਸਾਨ ਹੋ ਜਾਂਦਾ ਹੈ, ਕਿਉਂਕਿ ਇਹ ਤੁਹਾਨੂੰ ਹੋਰ ਸਮਾਰਟ ਸਹੂਲਤਾਂ ਦਿੰਦਾ ਹੈ। ਇਸਦੀ ਕਾਬਲੀਅਤ ਦਾ ਅੰਦਾਜ਼ਾ ਤੁਸੀਂ ਇਸ ਗੱਲ ਨਾਲ ਲਗਾ ਸਕਦੇ ਹੋ ਕਿ ਇਸਦੀ ਮੱਦਦ ਨਾਲ ਨਵੀਂ ਨਿਊਜ਼ ਮੈਗਜ਼ੀਨ ਆਡੀਓ ਬੁਕ ਦੇ ਰੂਪ 'ਚ ਉਪਲਬਧ ਹੋ ਜਾਵੇਗੀ। ਜਿਸ ਨੂੰ ਡੇ. ਜੀ. ਪਲੇਅਰ 'ਤੇ ਅਸਾਨੀ ਨਾਲ ਸੁਣਿਆ ਜਾ ਸਕਦਾ ਹੈ।

## ☐ ਬੀ. ਐਮ. ਡਬਲਯੂ ਦੀ ਡੀਜ਼ਲ ਨਾਲ ਚੱਲਣ ਵਾਲੀ 'ਬੀ. ਐਮ. ਡਬਲਯੂ. ਵਿਜ਼ਨ' ਕਾਰ ਪੇਸ਼

ਨਵੀਂ ਦਿੱਲੀ : ਜਰਮਨੀ ਦੀ ਲਗਜਰੀ ਕਾਰ ਕੰਪਨੀ ਬੀ. ਐਮ. ਡਬਲਯੂ ਨੇ ਡੀਜਲ ਨਾਲ ਚੱਲਣ ਵਾਲੀ 'ਬੀ. ਐਮ. ਡਬਲਯੂ. ਵਿਜਨ' ਕਾਰ ਪੇਸ਼ ਕੀਤੀ ਹੈ। ਕੰਪਨੀ ਦਾ ਦਾਅਵਾ ਹੈ ਕਿ ਇਹ ਕਾਰ 26.5 ਕਿ. ਮੀ. ਪ੍ਰਤੀ ਲੀਟਰ ਦਾ ਮਾਈਲੇਜ ਦਿੰਦੀਆਂ ਹਨ।

ਕੇਂਦਰ ਦੇ ਭਾਰੀ ਉਦਯੋਗ ਅਤੇ ਸਰਵਜਨਿਕ ਉਦਮ ਮੰਤਰੀ ਪਟੇਲ ਨੇ ਇਸ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਦੇਸ਼ 'ਚ ਵਧੀਆ ਅਤੇ ਫਿਊਲ ਅਫ਼ਿਸ਼ਟ ਕਾਰਾਂ ਦੀ ਮੰਗ ਵਧ ਰਹੀ ਹੈ। ਜਰਮਨੀ ਅਤੇ ਹੋਰ ਯੂਰਪੀ ਦੇਸ਼ ਇਸ ਖੇਤਰ 'ਚ ਸਾਡੇ ਨਾਲੋਂ ਅੱਗੇ ਹਨ। ਉਨ੍ਹਾਂ ਨੇ ਕਿਹਾ ਕਿ ਭਾਰਤ ਗ੍ਰੀਨ ਅਤੇ ਕਲੀਨ ਊਰਜਾ ਵਾਲੀਆਂ ਗੱਡੀਆਂ ਦੀ ਮੈਨਯੂਫੈਕਚਰਿੰਗ ਦੇ ਲਈ ਜਰਮਨੀ ਅਤੇ ਬੀ. ਐਮ. ਡਬਲਯੂ. ਦਾ ਸਹਿਯੋਗ ਲੈ ਸਕਦਾ ਹੈ।

ਬੀ. ਐਮ. ਡਬਲਯੂ. ਇੰਡੀਆ ਦੇ ਮੁਖੀ ਦਾ ਕਹਿਣਾ ਹੈ ਕਿ ਇਹ ਕਾਰ ਅਧੁਨਿਕ ਟੈਕਨੋਲੋਜੀ ਦੀ ਇਕ ਮਿਸਾਲ ਹੈ। ਇਹ ਫਿਊਲ ਅਫ਼ਿਸ਼ਟ ਹੋਣ ਦੇ ਨਾਲ ਨਾਲ ਕਲੀਨ ਟੈਕਨੋਲੋਜੀ 'ਤੇ ਅਧਾਰਤ ਹੈ। ਇਹ ਪ੍ਰਤੀ ਕਿਲੋਮੀਟਰ 99 ਗ੍ਰਾਮ ਕਾਰਬਨ ਡਾਈਆਕਸਾਈਡ ਦਾ ਉਤਸਰਜਨ ਕਰਦੀ ਹੈ ਜੋ ਕਿ ਹਾਈਬ੍ਰਿਡ ਕਾਰਾਂ 'ਚ ਬਹੁਤ ਵਧੀਆ ਹੈ। ਇਹ ਕਾਰ ਸਿਰਫ਼ 4.8 ਸੈਕਿੰਡ 'ਚ 0 ਤੋਂ 100 ਕਿ. ਮੀ. ਪ੍ਰਤੀ ਘੰਟੇ ਦੀ ਰਫ਼ਤਾਰ ਫੜ ਲੈਂਦੀ ਹੈ। ਇਹ ਕਾਰ ਜ਼ਿਆਦਾਤਰ 250 ਕਿ. ਮੀ. ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਦੌੜ ਸਕਦੀ ਹੈ। ਚਾਰ ਸੀਟਾਂ ਵਾਲੀ ਇਹ ਕਾਰ ਅਧੁਨਿਕ ਬੀ. ਐਮ. ਡਬਲਯੂ. ਐਕਟਿਵ ਹਾਈਬ੍ਰਿੱਡ ਟੈਕਨੋਲੋਜੀ 'ਤੇ ਅਧਾਰਤ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ 50 ਫੀਸਦੀ ਅਸੈਬਲਿੰਗ ਭਾਰਤ 'ਚ ਹੀ ਕੀਤੀ ਜਾ ਰਹੀ ਹੈ, ਇਸ ਲਈ ਇਸ ਨੂੰ ਉਦਯੋਗਿਕ ਉਤਪਾਦ ਮੰਨਿਆ ਜਾਵੇਗਾ। ਬੀ. ਐਮ. ਡਬਲਯੂ. ਇੰਡੀਆ 2012 ਦੇ ਅੰਤ ਤੱਕ ਆਪਣੇ ਮੌਜੂਦਾ ਆਊਟਲੁਕ ਦੀ ਸੰਖਿਆ 21 ਤੋਂ ਵਧਾਕੇ 40 ਤੱਕ ਕਰਨਾ ਚਾਹੁੰਦਾ ਹੈ।

## ☐ ਤੁਹਾਡਾ ਆਦੇਸ਼ ਸੁਣ ਸਕਦੇ ਹਨ ਮੋਬਾਇਲ

ਫਿਲਹਾਲ ਤੁਸੀਂ ਆਪਣੇ ਮੋਬਾਇਲ ਫ਼ੋਨ ਨੂੰ ਸਿੱਧੇ ਕੰਪਿਊਟਰ ਨਾਲ ਜੋੜ ਸਕਦੇ ਹੋ ਅਤੇ ਜਲਦ ਹੀ ਉਸਨੂੰ ਟੀ. ਵੀ. ਨਾਲ ਵੀ ਕਨੈਕਟ ਕਰ ਸਕੋਗੇ। ਜ਼ਿਆਦਾ ਸੰਭਾਵਨਾ ਹੈ ਕਿ ਫ਼ੋਨ ਹੀ ਨਾ ਟੀ. ਵੀ. ਜਗ੍ਹਾ ਲੈ ਲਵੇ। ਜਿਵੇਂ ਕਿ ਉਸਨੇ ਕੈਮਰੇ ਅਤੇ ਮਿਊਜਿਕ ਪਲੇਅਰ ਦੇ ਮਾਮਲੇ 'ਚ ਕੀਤਾ ਹੈ।

4ਜੀ ਨੈਟਵਰਕ ਦੇ ਆਉਂਦੇ ਹੀ ਇੰਟਰਨੈਟ ਦੀ ਤੇਜ ਗਤੀ ਦੇ ਕਾਰਨ ਮੋਬਾਇਲ 'ਤੇ ਟੀ. ਵੀ. ਦੇਖਣਾ ਅਸਾਨ ਹੋ ਜਾਵੇਗਾ,





ਇਹ ਜ਼ਿਆਦਾ ਮਹਿੰਗਾ ਵੀ ਨਹੀਂ ਹੋਵੇਗਾ। ਆਈ. ਆਈ. ਟੀ. ਮੁੰਬਈ ਨੇ ਸਥਾਨਕ ਅਤੇ ਇੰਡੀਆ ਡਾਟ ਕਾਮ ਦੇ ਪ੍ਰੋਡੈਕਟਰ ਮੈਨੇਜਰ ਵਿਕਾਸ ਕੁਮਾਰ ਦਾ ਕਹਿਣਾ ਹੈ ਕਿ ਮੋਬਾਇਲ ਫ਼ੋਨ ਦੇ ਫੀਚਰਜ਼ 'ਤੇ ਤੇਜੀ ਨਾਲ ਕੰਮ ਹੋ ਰਿਹਾ ਹੈ। ਇਹ ਜਲਦ ਹੀ ਪੂਰੀ ਤਰ੍ਹਾਂ ਬਦਲ ਜਾਣ ਵਾਲਾ ਹੈ।

ਇਹ ਕੰਪਿਊਟਰ ਦੀ ਤਰ੍ਹਾਂ ਬਹੁਤ ਫਾਸਟ ਡਿਵਾਇਸ ਬਣ ਜਾਵੇਗਾ। ਸਭ ਤੋਂ ਚੰਗੀ ਗੱਲ, ਤੁਸੀਂ ਇਸਨੂੰ ਆਪਣੀ ਅਵਾਜ਼ ਦੀ ਮੱਦਦ ਨਾਲ ਸੰਚਾਲਿਤ ਕਰ ਸਕਦੇ ਹੋ। ਕੁਝ ਮੋਬਾਇਲ ਫ਼ੋਨਾਂ 'ਚ ਅਵਾਜ਼ ਕੰਟਰੋਲ ਫੀਚਰਜ਼ ਆ ਗਏ ਹਨ। ਪਰ ਇਸ ਨੂੰ ਵਧੀਆ ਬਣਾਉਣ ਦੇ ਲਈ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ, ਜਦੋਂ ਤੁਹਾਡੀ ਦੁਨੀਆਂ ਮੋਬਾਇਲ ਦੇ ਚਾਰੇ ਪਾਸੇ ਸਿਮਟ ਜਾਵੇਗੀ, ਤਾਂ ਇਸ ਨਾਲ ਜੁੜੀ ਸੁਰੱਖਿਆ ਦੇ ਲਈ ਯਤਨ ਵੀ ਕਰਨੇ ਪੈਣਗੇ।

ਇਸ ਲਈ ਬਾਇਓਮੈਟ੍ਰਿਕ ਪ੍ਰੋਡਕਸ਼ਨ ਵਾਲੇ ਮੋਬਾਇਲ ਦਾ ਇੰਤਜ਼ਾਰ ਕਰੋ। ਜੋ ਤੁਹਾਡੇ ਫਿੰਗਰ ਪ੍ਰਿੰਟ ਲੈਣ ਤੋਂ ਬਾਅਦ ਓਪਨ ਹੋਵੇਗਾ। ਵਿਕਾਸ ਕੁਮਾਰ ਦਾ ਮੰਨਣਾ ਹੈ ਕਿ 12 ਮੈਗਾਪਿਕਸਲ ਡਿਜੀਟਲ ਕੈਮਰੇ ਵਰਗੀਆਂ ਸਾਫ਼ ਤਸਵੀਰਾਂ ਖਿੱਚਣ ਅਤੇ ਹਾਈ ਡੈਫੀਨੇਸ਼ਨ ਵੀਡਿਓ ਰਿਕਾਰਡ ਅਤੇ ਐਡਿਟ ਕਰਨ ਵਾਲੇ ਮੋਬਾਇਲ ਫ਼ੋਨ ਵੀ ਜ਼ਿਆਦਾ ਦੂਰ ਨਹੀਂ ਹਨ।

ਤੁਸੀਂ ਵਧੀਆ ਪਿਕਚਰ ਕਵਾਲਟੀ ਦੇ ਇਨ੍ਹਾਂ ਵੀਡਿਓ ਨੂੰ ਟੀ. ਵੀ. 'ਤੇ ਵੀ ਦੇਖ ਸਕਦੇ ਹੋ। ਕੀਬੋਰਡ ਨਾਲ ਜੁੜਨ ਵਾਲੇ ਮੋਬਾਇਲ ਫ਼ੋਨ ਮਨੀਟਰ ਦੀ ਤਰ੍ਹਾਂ ਕੰਮ ਕਰਨ ਲੱਗਣਗੇ। ਉਹ ਮਲਟੀ ਕੋਰ ਪ੍ਰੋਸੈਸਰ ਦੀ ਤਰ੍ਹਾਂ ਕੰਮ ਕਰਨ ਲੱਗਣਗੇ, ਜਿਨ੍ਹਾਂ ਦੀ ਸਕਰੀਨ ਵੀ ਸ਼ਾਨਦਾਰ ਹੋਵੇਗੀ।

## ☐ ਜੇਟਮੈਨ ਦਾ 8 ਮਿੰਟ ਦਾ ਕਾਰਨਾਮਾ, ਜਿਸ ਨੂੰ ਸੁਣ ਕੇ ਤੁਸੀਂ ਹੈਰਾਨ ਹੋ ਜਾਓਗੇ

ਰਾਸੀ ਨੇ ਜੇਟ ਸੂਟ ਦੀ ਮੱਦਦ ਨਾਲ ਗ੍ਰੈਂਡ ਕੈਨਅਨ ਪਾਰ ਕਰਨ ਦਾ ਆਪਣਾ ਸਪਨਾ ਸਕਾਰ ਕਰ ਲਿਆ ਹੈ। ਐਡਵੈਂਚਰ ਦੇ ਸ਼ੌਕੀਨ ਸਵਿਟਜਰਲੈਂਡ ਦੇ 51 ਸਾਲਾ ਰਾਸੀ ਨੂੰ ਲੋਕ ਜੇਟਮੈਨ ਦੇ ਨਾਮ ਨਾਲ ਜਾਣਦੇ ਹਨ। ਆਪਣੇ ਇਸ ਮਿਸ਼ਨ 'ਤੇ ਉਹ ਸ਼ੁਕਰਵਾਰ ਨੂੰ ਨਿਕਲਣ ਵਾਲੇ ਸੀ ਪਰ ਸੁਰੱਖਿਆ ਦੇ ਲਿਹਾਜ ਕਾਰਨ ਉਨ੍ਹਾਂ ਨੂੰ ਰੋਕ ਲਿਆ ਗਿਆ ਸੀ। ਇਸ ਤੋਂ ਬਾਅਦ ਵੀ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ ਅਤੇ ਸ਼ਨੀਵਾਰ ਨੂੰ ਪੰਜ ਮੀਲ ਦਾ ਹਵਾਈ ਸਫ਼ਰ ਅੱਠ ਮਿੰਟ 'ਚ ਤੈਅ ਕਰ ਲਿਆ।

ਇਥੇ ਉਨ੍ਹਾਂ ਨੇ ਇੰਡੀਅਨ ਰਿਜਰਵੇਸ਼ਨ ਦੇ ਗੁਆਨੋ ਪੁਆਇੰਟ ਤੋਂ ਉਨ੍ਹਾਂ ਨੇ ਇਕ ਹੈਲੀਕਾਪਟਰ ਤੋਂ ਛਲਾਂਗ ਲਗਾਈ ਸੀ। ਇਸਤੋਂ ਜੈਟ ਸੂਟ ਨਾਲ 190 ਮੀਟ ਪ੍ਰਤੀਘੰਟਾ ਦੀ ਰਫ਼ਤਾਰ ਨਾਲ ਉਡਾਣ ਭਰੀ ਅਤੇ ਆਖਰ 'ਚ ਪੈਰਾਸ਼ੂਟ ਖੋਲ੍ਹਕੇ ਗ੍ਰੈਂਡ ਕੈਨਅਨ ਦੇ ਪਹਾੜਾਂ 'ਤੇ ਸੁਰੱਖਿਅਤ ਲੈਂਡਿੰਗ ਕੀਤੀ। ਸਵਿਸ ਏਅਰ ਫੋਰਸ 'ਚ ਜੇਟ ਪਲੇਨ ਉਡਾ ਰਹੇ ਰਾਸੀ ਦਾ ਕਹਿਣਾ ਹੈ ਕਿ ਅਮਰੀਕਾ 'ਚ ਇਹ ਉਨ੍ਹਾਂ ਦੀ ਪਹਿਲੀ ਅਤੇ ਯਾਦਗਾਰ ਉਡਾਣ ਸੀ।

## ☐ ਟਿਸ਼ੂ ਇੰਜੀਨੀਅਰਿੰਗ : ਹੁਣ ਤੁਹਾਨੂੰ ਆਪਣਾ ਦਿਲ ਟ੍ਰਾਂਸਪਲਾਂਟ ਕਰਨ ਦੀ ਲੋੜ ਨਹੀਂ

ਟਿਸ਼ੂ ਇੰਜੀਨੀਅਰਿੰਗ ਦਾ ਸਧਾਰਨ ਸ਼ਬਦਾਂ 'ਚ ਮਤਲਬ ਹੁੰਦਾ ਹੈ ਕਿ ਸਰੀਰ ਨੂੰ ਟਿਸ਼ੂ ਜਾਂ ਉਸਦੇ ਕਿਸੇ ਵੀ ਹਿੱਸੇ ਦੀ ਮੁਰੰਮਤ ਕਰਨਾ ਜਾਂ ਉਸਨੂੰ ਪੂਰੀ ਤਰ੍ਹਾਂ ਬਦਲ ਦੇਣਾ। ਪਹਿਲਾਂ ਟਿਸ਼ੂ ਇੰਜੀਨੀਅਰਿੰਗ ਨੂੰ ਬਾਇਓ ਮਟੀਰੀਅਲ ਦਾ ਇਕ ਭਾਗ ਮੰਨਿਆ ਜਾਂਦਾ ਸੀ। ਪਰ ਸਮੇਂ ਦੇ ਨਾਲ ਵਧਦੀ ਇਸ ਮੰਗ ਦੇ ਕਾਰਨ ਹੁਣ ਇਹ ਅਧਿਐਨ ਦੀ ਲੜੀ ਬਣ ਚੁੱਕੀ ਹੈ। ਇਸ 'ਚ ਬਾਇਓਲੋਜੀ ਯਾਨੀ ਜੀਵ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਕੰਮਬੀਨੇਸ਼ਨ ਦੀ ਮਦਦ ਨਾਲ ਬਿਮਾਰੀ ਗ੍ਰਸਤ ਟਿਸ਼ੂ ਨੂੰ ਠੀਕ ਕੀਤਾ ਜਾਂਦਾ ਹੈ। ਟਿਸ਼ੂ ਇੰਜੀਨੀਅਰਿੰਗ 'ਚ ਸਰੀਰ ਦੀ ਕੋਸ਼ਿਕਾ ਨੂੰ ਇਕ ਬਾਇਓ ਮਟੀਰੀਅਲ ਸਕੈਫੋਲਡ ਦੇ ਨਾਲ ਵਿਕਸਤ ਰੱਖਣ 'ਚ ਮਦਦ ਮਿਲਦੀ ਹੈ। ਇਹ ਵਧੀਆ ਹੈ ਕਿ ਟਿਸ਼ੂ ਇੰਜੀਨੀਅਰਿੰਗ ਦੇ ਲਈ ਮਰੀਜ ਦੇ ਸਰੀਰ ਦੇ ਨਾਲ ਹੀ ਕੋਸ਼ਿਕਾਵਾਂ ਨੂੰ ਵੀ ਲਿਆ ਜਾਵੇ।

ਟਿਸ਼ੂ ਇੰਜੀਨੀਅਰਿੰਗ ਨਾਲ ਹੋਣ ਵਾਲੇ ਜ਼ਬਰਦਸਤ ਫ਼ਾਇਦੇ ਹੀ ਇਸਦੇ ਵਿਕਾਸ ਦਾ ਵੱਡਾ ਕਾਰਨ ਹਨ। ਦਰਅਸਲ ਇਹ ਤਕਨੀਕ ਕਿਸੇ ਵੱਡੀ ਜਾਂ ਗੰਭੀਰ ਬਿਮਾਰੀ ਦੇ ਮਰੀਜ ਨਾਲ ਲੜਨ 'ਚ ਮਦਦ ਕਰਦੀ ਹੈ ਅਤੇ ਉਸਦੀ ਜਾਨ ਬਚਾਉਂਦੀ ਹੈ। ਵੈਸੇ ਤਾਂ ਇਸਦੀ ਮੱਦਦ ਨਾਲ ਸਰੀਰ ਦੇ ਕਈ ਹਿੱਸਿਆਂ 'ਚ ਪੁਨਰਗਠਨ ਕੀਤਾ ਗਿਆ ਹੈ, ਪਰ ਰੋਗਗ੍ਰਸਤ ਦਿਲ ਨੂੰ ਠੀਕ ਕਰਨ ਦੀ ਵਿਧੀ ਖੋਜ ਨਿਕਾਲਣਾ ਇਕ ਬਹੁਤ ਵੱਡੀ ਸਫਲਤਾ ਹੈ। ਇਸ ਤੋਂ ਇਲਾਵਾ ਇਹ ਕਿਸੇ ਜਲੇ ਹੋਏ ਮਰੀਜ ਦੇ ਲਈ ਵੀ ਇਕ ਵਰਦਾਨ ਦੀ ਤਰ੍ਹਾਂ ਹੈ। ਸਰੀਰ ਦੀ ਜਲੀ ਹੋਈ ਚਮੜੀ ਨੂੰ ਟਿਸ਼ੂ ਇੰਜੀਨੀਅਰਿੰਗ ਦੀ ਮੱਦਦ ਨਾਲ ਦੁਬਾਰਾ ਸਹੀ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਮਰੀਜ ਨੂੰ ਟਿਸ਼ੂ ਇੰਜੀਨੀਅਰਿੰਗ ਦੀ ਪ੍ਰਕਿਰਿਆ ਨਾਲ ਗੁਜਾਰਨ ਤੋਂ ਬਾਅਦ




ਕੁਝ ਪਰੇਸ਼ਾਨੀਆਂ ਹੋ ਸਕਦੀਆਂ ਹਨ।

ਭੋਪਾਲ ਮੈਮੋਰੀਅਲ ਹਸਪਤਾਲ ਐਂਡ ਰਿਸਰਚ ਸੈਂਟਰ ਦੇ ਡਾ. ਜੀ. ਸੀ. ਗੌਤਮ ਦੇ ਅਨੁਸਾਰ ਟਿਸ਼ੂ ਇੰਜੀਨੀਅਰਿੰਗ ਦੀ ਮੱਦਦ ਨਾਲ ਦਿਲ ਦੇ ਰੋਗਗ੍ਰਸਤ ਭਾਗ ਨੂੰ ਠੀਕ ਕਰਨਾ ਇਕ ਚਮਤਕਾਰ ਦੀ ਤਰ੍ਹਾਂ ਹੈ। ਕਿਉਂਕਿ ਹੁਣ ਤੱਕ ਸਟੈਮ ਸੈੱਲ ਨਾਲ ਦਿਲ ਨੂੰ ਦੁਬਾਰਾ ਠੀਕ ਕਰਨਾ ਅਸੰਭਵ ਸੀ। ਜੇਕਰ ਵਿਗਿਆਨਕ ਇਸ 'ਚ ਸਫ਼ਲਤਾ ਪ੍ਰਾਪਤ ਕਰਦੇ ਹਨ ਤਾਂ ਇਹ ਕਾਫ਼ੀ ਵਧੀਆ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਹਾਰਟ ਅਟੈਕ ਆਦਿ ਹੋਣ ਦੀ ਸਥਿਤੀ 'ਚ ਜੇਕਰ ਕੋਈ ਮਾਸਪੇਸ਼ੀ ਪੂਰੀ ਤਰ੍ਹਾਂ ਲਾਇਲਾਜ ਹੋ ਜਾਂਦੀ ਹੈ ਤਾਂ ਇਸ ਨੂੰ ਠੀਕ ਕਰਨ ਦਾ ਕੋਈ ਵਿਕਲਪ ਨਹੀਂ ਰਹਿੰਦਾ।

ਅਜਿਹੀ ਸਥਿਤੀ 'ਚ ਨਾ ਤਾਂ ਮਰੀਜ ਦੇ ਐਂਜੀਓਗ੍ਰਾਫ਼ੀ, ਨਾ ਐਂਜੀਓਪਲਾਸਟੀ ਅਤੇ ਨਾ ਹੀ ਬਾਈਪਾਸ ਸਰਜਰੀ ਕੀਤੀ ਜਾ ਸਕਦੀ ਹੈ। ਜਦੋਂਕਿ ਟਿਸ਼ੂ ਇੰਜੀਨੀਅਰਿੰਗ ਦੀ ਮੱਦਦ ਨਾਲ ਹੁਣ ਪੂਰੀ ਤਰ੍ਹਾਂ ਡੈੱਡ ਹੋ ਚੁੱਕੀਆਂ ਮਾਸਪੇਸ਼ੀਆਂ ਨੂੰ ਫਿਰ ਤੋਂ ਜੀਵਿਤ ਕੀਤਾ ਜਾ ਸਕਦਾ ਹੈ। ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਨਾਲ ਰੋਗਗ੍ਰਸਤ ਦਿਲ ਦਾ ਇਲਾਜ ਬਿਨਾਂ ਟ੍ਰਾਂਸਪਲਾਂਟ੍ਰੇਸ਼ਨ ਨਾਲ ਸਹੀ ਕੀਤਾ ਜਾ ਸਕਦਾ ਹੈ।

ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਦਾ ਨਾਮ ਉਨ੍ਹਾਂ ਏਜੰਸੀਆਂ 'ਚ ਆਉਂਦਾ ਹੈ ਜਿਸ 'ਚ ਟਿਸ਼ੂ ਇੰਜੀਨੀਅਰਿੰਗ ਦੇ ਖੇਤਰ 'ਚ ਹੋਣ ਵਾਲੀ ਸੋਧ 'ਚ ਸਭ ਤੋਂ ਜ਼ਿਆਦਾ ਯੋਗਦਾਨ ਦਿੱਤਾ ਹੈ। ਐਨ. ਐਚ. ਆਈ., ਅਮਰੀਕਾ ਯੂਨਾਈਟਡ ਸਟੇਟਸ ਡਿਪਾਰਟਮੈਂਟ ਆਫ਼ ਹੈਲਥ ਐਂਡ ਹਿਊਮਨ ਸਰਵਿਸਜ਼ ਦੀ ਇਕ ਏਜੰਸੀ ਹੈ। ਇਸਦਾ ਮੁੱਖ ਕੰਮ ਬਾਇਓਮੈਡੀਕਲ ਅਤੇ ਹੈਲਥ ਰਿਸਰਚ ਕਰਨਾ ਹੈ।

**ਕਿਸ ਤਰ੍ਹਾਂ ਕੀਤੀ ਜਾਂਦੀ ਹੈ ਟਿਸ਼ੂ ਇੰਜੀਨੀਅਰਿੰਗ**

1. ਬਾਇਓਪਸੀ, ਉਦਾਹਰਣ ਦੇ ਲਈ ਬੋਨਮੈਰੋ ਬਾਇਓਪਸੀ। ਸਭ ਤੋਂ ਪਹਿਲਾਂ ਵਿਅਕਤੀ ਦੇ ਸਰੀਰ ਦੀਆਂ ਕੋਸ਼ਿਕਾਵਾਂ ਨੂੰ ਕੱਢਿਆ ਜਾਂਦਾ ਹੈ।

2. ਇਸ ਤੋਂ ਬਾਅਦ ਇਨ੍ਹਾਂ ਕੋਸ਼ਿਕਾਵਾਂ 'ਚੋਂ ਇਕ ਕੋਸ਼ਿਕਾ ਨੂੰ ਅਲੱਗ ਕਰਦੇ ਹਾਂ।

3. ਅਲੱਗ ਕੀਤੀਆਂ ਗਈਆਂ ਕੋਸ਼ਿਕਾਵਾਂ ਦਾ ਇਕ ਵਿਸ਼ੇਸ਼ ਮਾਧਿਅਮ ਦੁਆਰਾ ਵਿਕਾਸ ਕਰਵਾਇਆ ਜਾ ਸਕਦਾ ਹੈ।

4. ਵਿਕਾਸ ਕਰ ਚੁੱਕੀਆਂ ਕੋਸ਼ਿਕਾਵਾਂ ਨੂੰ ਫਿਰ ਵਧਾਇਆ ਜਾ ਸਕਦਾ ਹੈ।

5. ਇਸਨੂੰ ਸਕੈਫੋਲਡ 'ਚ ਰੱਖਿਆ ਜਾਂਦਾ ਹੈ।

# ਹਿੰਸਾ ਦੇ ਲਈ ਸਿਰਫ਼ ਦੁਸ਼ਟਤਾ ਜ਼ਿੰਮੇਵਾਰ ਜਾਂ ਕੁਝ ਹੋਰ




ਗਲੀ ਮੁਹੱਲਿਆਂ ਦੇ ਝਗੜਿਆਂ ਨੂੰ ਲੈ ਕੇ ਇਨਸਾਨ ਦੀ ਕਿਹੜੀ ਭਾਵਨਾ ਕੰਮ ਕਰਦੀ ਹੈ। ਕੀ ਕੇਵਲ ਦੁਸ਼ਟਤਾ ਕਹਿ ਕੇ ਕੰਮ ਚਲਾਇਆ ਜਾ ਸਕਦਾ ਹੈ। ਮਨੋਵਿਗਿਆਨਕ ਅਜਿਹਾ ਨਹੀਂ ਮੰਨਦੇ, ਉਹ ਉਸਦੇ ਲਈ ਨਵਾਂ ਸ਼ਬਦ, ਨਵੀਂ ਪਰਿਭਾਸ਼ਾ ਲੱਭ ਰਹੇ ਹਨ।

ਸਾਈਮਨ ਬੇਰਾਨ ਕੋਹੇਨ ਪੂਰੀ ਜ਼ਿੰਦਗੀ ਇਸ ਦੁਸ਼ਟਤਾ ਨਾਲ ਲੜਦੇ ਰਹੇ ਹਨ। ਉਹ ਪਿਛਲੇ ਕਈ ਸਾਲਾਂ ਤੋਂ ਇਸ ਗੱਲ ਦੀ ਛਾਨਬੀਨ ਕਰ ਰਹੇ ਹਨ ਕਿ ਹਿੰਸਾ ਦੀਆਂ ਘਟਨਾਵਾਂ ਦੇ ਪਿੱਛੇ ਆਖਿਰ ਇਨਸਾਨ ਦੀ ਕਿਹੜੀ ਭਾਵਨਾ ਕੰਮ ਕਰਦੀ ਹੈ। ਕੈਮਬ੍ਰਿਜ ਯੂਨੀਵਰਸਿਟੀ 'ਚ ਮਨੋਵਿਗਿਆਨ ਪੜ੍ਹਾਉਣ ਵਾਲੇ ਅਤੇ ਮਨੋਰੋਗ ਚਿਕਿਤਸਾ ਪੜ੍ਹਾਉਣ ਵਾਲੇ ਪ੍ਰੋ. ਕੋਹੇਨ ਦਾ ਮੰਨਣਾ ਹੈ ਕਿ ਇਹ ਕੇਵਲ ਦੁਸ਼ਟਤਾ ਨਹੀਂ ਹੈ, "ਮੈਂ ਦੁਸ਼ਟ ਸ਼ਬਦ ਨਾਲ ਸਤੁੰਸ਼ਟ ਨਹੀਂ ਹਾਂ।"

ਕੋਹੇਨ ਦਾ ਕਹਿਣਾ ਹੈ, "ਸਾਨੂੰ ਇਹ ਸ਼ਬਦ ਵਿਰਾਸਤ 'ਚ ਮਿਲਿਆ ਹੈ ਅਤੇ ਅਸੀਂ ਇਸਦਾ ਇਸਤੇਮਾਲ ਲੋਕਾਂ ਲਈ ਕਰਦੇ ਹਾਂ ਜੋ ਕਰੂਰਤਾ ਅਤੇ ਦੂਸਰੀ ਤਰ੍ਹਾਂ ਦੀਆਂ ਬੁਰੀਆਂ ਹਰਕਤਾਂ 'ਚ ਸ਼ਾਮਿਲ ਹੈ। ਪਰ ਮੈਨੂੰ ਇਹ ਨਹੀਂ ਲੱਗਦਾ ਕਿ ਇਹ ਬੁਰੇ ਸ਼ਬਦ ਤੋਂ ਕੁਝ ਅਲੱਗ ਹੈ। ਇਕ ਵਿਗਿਆਨਕ ਦੇ ਰੂਪ 'ਚ ਮੈਨੂੰ ਇਸਦੀ ਵਿਆਖਿਆ ਉਚਿਤ ਨਹੀਂ ਲੱਗਦੀ। ਮਾਨਵੀ ਕਰੂਰਤਾਂ ਦੀ ਵਿਆਖਿਆ ਦੇ ਨਹੀ ਕਿਸੇ ਹੋਰ ਵਿਕਲਪ ਦੀ ਤਲਾਸ਼ 'ਚ ਹਾਂ। ਸਾਨੂੰ ਮਾਨਵੀ ਕਰੂਰਤਾਂ ਦੇ ਲਈ ਇਕ ਸਿਧਾਂਤ ਦੀ ਜ਼ਰੂਰਤ ਹੈ।

ਕੋਹੇਨ ਨੇ ਆਪਣੀ ਨਵੀਂ ਕਿਤਾਬ 'ਚ ਇਸ ਮਾਮਲੇ ਨੂੰ ਉਠਾਇਆ ਹੈ ਕਿ ਉਹ ਦੁਸ਼ਟਤਾ ਨੂੰ ਇਕ ਨਵੀਂ ਵਿਗਿਆਨਕ ਪਰਿਭਾਸ਼ਾ ਦੇਣਾ ਚਾਹੁੰਦੇ ਹਨ। ਜੋ ਇਸ ਗੱਲ ਦੀ ਜ਼ਿਆਦਾ ਵਿਗਿਆਨਕ ਤਰੀਕੇ ਨਾਲ ਵਿਆਖਿਆ ਕਰ ਸਕਣ ਕਿ ਲੋਕ ਦੂਸਰਿਆਂ 'ਤੇ ਅੱਤਿਆਚਾਰ ਕਿਉਂ ਕਰਦੇ ਹਨ ਜਾਂ ਉਨ੍ਹਾਂ ਨੂੰ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਸਮਝਣ 'ਚ ਦਿੱਕਤ ਕਿਉਂ ਹੁੰਦੀ ਹੈ। ਕੋਹੇਨ ਦਾ ਕਹਿਣਾ ਹੈ ਕਿ ਦੁਸ਼ਟਤਾ ਨੂੰ ਸਮਾਨ ਅਨੁਭੂਤੀ ਦੀ ਕਮੀ ਦੇ ਰੂਪ 'ਚ ਸਮਝਿਆ ਜਾਣਾ ਚਾਹੀਦਾ ਹੈ। ਇਕ ਅਜਿਹੀ ਭਾਵਨਾ ਜਿਸ ਨੂੰ ਮਾਪਿਆ ਜਾ ਸਕਦਾ ਹੈ ਅਤੇ ਜਿਸਦੇ ਬਾਰੇ ਅਧਿਐਨ ਕੀਤਾ ਜਾ ਸਕਦਾ ਹੈ ਜਾਂ ਫਿਰ ਇਸਦਾ ਇਲਾਜ ਹੋ ਸਕਦਾ ਹੈ।

**ਨਵਾਂ ਸਿਧਾਂਤ** : ਕੋਹੇਨ ਸਮਾਨ ਅਨੁਭੂਤੀ ਦੇ ਦੋ ਹਿੱਸਿਆਂ ਨੂੰ ਪਰਿਭਾਸ਼ਿਤ ਕਰਦੇ ਹਨ ਪਹਿਲਾ ਹਿੱਸਾ ਹੈ ਦੂਸਰੇ ਇਨਸਾਨ ਦੀ ਸੋਚ ਅਤੇ ਅਨੁਭੂਤੀਆਂ ਨੂੰ ਸਮਝਣਾ ਅਤੇ ਦੂਸਰਾ ਹਿੱਸਾ ਹੈ ਇਸ ਸੋਚ ਅਤੇ ਅਨੁਭੂਤੀ ਦੇ ਹਿਸਾਬ ਨਾਲ ਉਚਿਤ ਜਵਾਬ ਦੇਣਾ। ਉਸਦਾ ਮੰਨਣਾ ਹੈ ਕਿ ਇਹ ਸਾਡੀ ਦੁਨੀਆਂ ਲਈ ਬੇਹੱਦ ਕੀਮਤੀ ਸਾਧਨ ਹੋ ਸਕਦਾ ਹੈ ਜਿਸਦਾ ਫਿਲਹਾਲ ਬੇਹੱਦ ਘੱਟ ਇਸਤੇਮਾਲ ਹੋ ਰਿਹਾ ਹੈ। ਕੋਹੇਨ ਨੇ ਕਿਹਾ, "ਅਸੀਂ ਸਾਰਿਆਂ ਲੋਕਾਂ 'ਚ ਸਮਾਨ ਅਨੁਭੂਤੀ ਦੀ ਅਲੱਗ ਅਲੱਗ ਮਾਤਰਾ ਹੁੰਦੀ ਹੈ। ਪਰ ਸ਼ਾਇਦ ਅਸੀਂ ਲੋਕ ਇਸਦਾ ਪੂਰੀ ਤਰ੍ਹਾਂ ਇਸਤੇਮਾਲ ਨਹੀਂ ਕਰ ਸਕਦੇ।

ਕੋਹੇਨ ਦਾ ਕਹਿਣਾ ਹੈ ਕਿ ਸਮਾਨ ਅਨੁਭੂਤੀ ਦਾ ਖਤਮ ਹੋਣਾ ਇਕ ਅਹਿਮ ਮੁੱਦਾ ਹੈ ਜਿਸਦਾ ਸਾਡੇ ਸਮੁਦਾਇ ਦੀ ਸਿਹਤ 'ਤੇ ਅਸਰ ਪੈਂਦਾ ਰਿਹਾ ਹੈ। ਇਹ ਸਮੁਦਾਇ ਚਾਹੇ ਛੋਟੇ ਪਰਿਵਾਰ ਹੋਣ ਜਾਂ ਫਿਰ ਵੱਡੇ ਦੇਸ਼। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਇਨ੍ਹਾਂ ਅਨੁਭੂਤੀਆਂ ਨੂੰ ਵਧਾ ਸਕੋ ਤਾਂ ਦੁਨੀਆਂ ਦੀਆਂ ਵੱਡੀਆਂ ਤੋਂ ਵੱਡੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਇਹ ਸਮੱਸਿਆਵਾਂ ਚਾਹੇ ਇਸਰਾਇਲ ਦੀਆਂ ਹੋਣ ਜਾਂ ਫਿਰ ਕਿਸੇ ਪਰਿਵਾਰ ਨਾਲ ਜੁੜੀਆਂ। ਕੋਹੇਨ ਨੇ ਆਪਣੀ ਕਿਤਾਬ 'ਚ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਕੇ ਇਸਦੇ ਵਿਸਤਾਰ 'ਚ ਗੱਲ ਕੀਤੀ ਹੈ।

# ਸਿਤਾਰਿਆਂ ਤੋਂ ਅੱਗੇ ਹੈ ਸੰਸਾਰ ਦੀ ਕਹਾਣੀ

ਅਸੀਂ ਤਾਰਾ ਭੌਤਿਕ ਦੇ ਇਕ ਯੁੱਗ 'ਚ ਪੇਸ਼ ਕੀਤਾ ਹੈ। ਇਹ ਕਹਿਣਾ ਹੈ ਕਿ ਅਮਰੀਕਾ ਨਾਸਾ ਦੇ ਵਿਗਿਆਨੀਆਂ ਦਾ, ਟੈਲੀਸਕੋਪ ਕੈਪਲਰ ਨੇ ਸੂਰਜ ਦੀ ਤਰ੍ਹਾਂ 500 ਸਿਤਾਰਿਆਂ ਦੀ ਚਮਕ 'ਚ ਵਰਨਣਯੋਗ ਪਰਿਵਰਤਨ ਦੇਖੇ ਹਨ।

ਇਨ੍ਹਾਂ ਖੋਜਾਂ 'ਚ ਸਿਤਾਰਿਆਂ ਦੇ ਸਵਰੂਪ ਅਤੇ ਉਨ੍ਹਾਂ ਦੇ ਵਿਕਾਸ ਦੇ ਬਾਰੇ ਕਿਤੇ ਜ਼ਿਆਦਾ ਸਮਝ ਹਾਸਲ ਕੀਤੀ ਹੈ। ਮਾਰਚ 2009 'ਚ ਕੈਪਲਰ ਨੇ ਪੁਲਾੜ 'ਚ ਛੱਡੇ ਜਾਣ ਵਾਲੇ ਪਹਿਲੇ ਅਕਾਸ਼ਗੰਗਾ 'ਚ ਸੂਰਜ ਦੇ ਅਕਾਰ, ਉਮਰ ਅਤੇ ਸੰਰਚਨਾ ਵਾਲੇ ਕੋਈ 25 ਸਿਤਾਰਿਆਂ ਦੀ ਚਮਕ 'ਚ ਪਰਿਵਰਤਨ ਦੀ ਪਹਿਚਾਣ ਕੀਤੀ ਹੈ।

ਸਿਤਾਰਿਆਂ ਦੀ ਭੌਤਿਕੀ ਯਾਨੀ ਸਿਤਾਰਿਆਂ ਦੇ ਬਣਨ ਕ੍ਰਮ ਵਿਕਾਸ, ਉਨ੍ਹਾਂ ਦੇ ਅੰਦਰੂਨੀ ਹਿੱਸੇ ਅਤੇ ਵਾਤਾਵਰਣ ਦੇ ਬਾਰੇ ਹੋ ਰਹੀ ਪੁਲਾੜਭੌਤਿਕੀ, ਵਿਗਿਆਨਕਾਂ ਅਤੇ ਨਾਸਾ ਦੇ ਕੈਪਲਰ ਮਿਸ਼ਨ ਦੇ ਵਿਚਕਾਰ ਗਠਿਤ ਸਾਂਝੇਦਾਰੀ ਦੇ ਨਤੀਜਿਆਂ 'ਚ ਹੁਣ ਸਿਤਾਰਿਆਂ ਦੇ ਬਾਰੇ ਵੇਰਵਿਆਂ ਦਾ ਇਕ ਖਜ਼ਾਨਾ ਮੌਜੂਦ ਹੈ। ਇਸ ਬਿਉਰੇ 'ਚ ਸਾਡੇ ਸੂਰਜ ਤੋਂ ਇਲਾਵਾ ਹੋਰ ਸਿਤਾਰਿਆਂ ਦੀ ਖੋਜ 'ਚ ਸਹਾਇਤਾ ਮਿਲਦੀ ਹੈ। ਕੈਪਲਰ ਦੇ ਬਿਉਰੇ ਦੇ ਅਧਾਰ 'ਤੇ ਤਿੰਨ ਅਲੱਗ-ਅਲੱਗ ਵਿਗਿਆਨਕ ਦਲਾਂ ਦੀ ਰਿਪੋਰਟ 'ਸਾਇੰਸ' ਪੱਤ੍ਰਿਕਾ 'ਚ ਪ੍ਰਕਾਸ਼ਿਤ ਹੋਈ ਹੈ। ਤਿੰਨਾਂ ਦੇ ਦੂਰ ਦਰਾਜ ਦੇ ਸਿਤਾਰਿਆਂ ਦੀ ਅੰਦਰੂਨੀ ਸੰਰਚਨਾ ਦੇ ਬਾਰੇ ਨਵੀਂ ਸਮਝ ਅਤੇ ਨਵੇਂ ਸਵਾਲ ਪੈਦਾ ਕੀਤੇ ਹਨ।

**ਕੰਬਦੇ ਸਿਤਾਰਿਆਂ ਦੇ ਖੁੱਲ੍ਹਦੇ ਰਾਜ** : ਵਿਗਿਆਨਕ ਕੈਪਲਰ ਦਾ ਇਸਤੇਮਾਲ ਪ੍ਰਿਥਵੀ ਦੀ ਤਰ੍ਹਾਂ ਗ੍ਰਹਿਆਂ ਦੀ ਤਲਾਸ਼ 'ਚ ਕਰਦੇ ਹਨ ਅਤੇ ਇਸਦੇ ਲਈ ਉਹ ਸਿਤਾਰਿਆਂ ਦੀ ਉਜਵਲਤਾ 'ਚ ਹੋਣ ਵਾਲੇ ਕੰਪਨ ਦੇ ਅਧਾਰ 'ਤੇ ਮਾਮੂਲੀ ਫੇਰਬਦਲ ਦਾ ਮਾਪ ਕਰਦੇ ਹਨ। ਉਸ ਸਮੇਂ ਜਦੋਂਕਿ ਇਨ੍ਹਾਂ ਸਿਤਾਰਿਆਂ ਦੇ ਸਾਹਮਣੇ ਪਿੰਡ ਗੁਜਰ ਰਹੇ ਹੁੰਦੇ ਹਨ। ਪਰ ਪਹਿਲੇ ਅਧਿਐਨ ਅਨੁਸਾਰ, ਕੈਪਲਰ ਨੇ ਸਿਤਾਰਿਆਂ ਦੀ ਉਜਵਲਤਾ 'ਚ ਆਉਂਦੀਆਂ ਤਬਦੀਲੀਆਂ ਦਾ ਮਾਪ ਕੀਤਾ ਹੈ। ਉਹ ਸਾਹਮਣੇ ਤੋਂ ਗੁਜਰਣ ਵਾਲੇ ਗ੍ਰਹਿਆਂ ਤੋਂ ਬਜਾਏ ਖੁਦ ਸਿਤਾਰਿਆਂ ਦੇ ਅੰਦਰ ਦੇ ਹਲਾਤਾਂ ਦਾ ਪਤਾ ਦੱਸਦੀ ਹੈ।

ਆਸਟਿਨ ਸਥਿਤ ਯੂਨੀਵਰਸਿਟੀ ਆਫ਼ ਟੈਕਸਸ ਦੇ ਮੰਨੇ ਪ੍ਰਮੰਨੇ ਪੁਲਾੜ ਵਿਗਿਆਨੀ ਮਾਈਕਲ ਦਾ ਕਹਿਣਾ ਹੈ ਕਿ ਜਿਨ੍ਹਾਂ ਸਿਤਾਰਿਆਂ ਦਾ ਅਧਿਐਨ ਕੀਤਾ ਗਿਆ ਹੈ, ਉਨ੍ਹਾਂ 'ਚ ਉਸ ਬਿਉਰੇ ਨੂੰ ਅਧਾਰ ਬਣਾਇਆ ਗਿਆ ਹੈ, ਜੋ ਸਿਤਾਰਿਆਂ 'ਚ ਕੰਪਨ ਦੇ ਨਤੀਜੇ 'ਚ ਪ੍ਰਾਪਤ ਹੋਇਆ। ਯਾਨੀ ਉਸਦੇ ਲਈ ਉਹ ਅਜ਼ਮਾਈ ਜਾ ਚੁੱਕੀ ਤਕਨੀਕ ਇਸਤੇਮਾਲ ਕੀਤੀ ਗਈ ਅਤੇ ਸਿਤਾਰਿਆਂ ਦੀ ਅੰਦਰੂਨੀ ਬਣਤਰ ਅਤੇ ਘੇਰੇ ਦਾ ਪਤਾ ਲਗਾਇਆ ਗਿਆ। ਸਿਤਾਰਿਆਂ ਦੇ ਪਿਛਲੇ ਮਾਡਲਾਂ 'ਚ ਕੁਝ ਜੋ ਲਾਪਤਾ ਸੀ ਕੀ ਇਹ ਅੰਤਰ ਸਿਤਾਰਿਆਂ ਦੀ ਅੰਦਰੂਨੀ ਸੰਰਚਨਾ ਦੇ ਕਾਰਨ ਹੋ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਬਕਾਇਦਾ ਸੰਭਵ ਹੈ।

ਇਹ ਅਧਿਐਨ 400 ਵਿਗਿਆਨਾਂ ਦੇ ਸੰਗਠਨ ਕੈਪਲਰ ਐਸਟਰੋਸਾਈਸਿਮਕ ਸਾਇੰਸ ਕਨਸਾਸ਼ਿਯਮ ਨੇ ਕੀਤਾ। ਜਿਸ 'ਚ ਤਾਲਮੇਲ ਬਿਠਾਉਣ ਦਾ ਕੰਮ ਡੈਨਮਾਰਕ ਦੇ ਅਰਥ ਵਿਸ਼ਵਵਿਦਿਆਲਯ ਦਾ ਭੌਤਿਕੀ ਅਤੇ ਪੁਲਾੜ ਵਿਗਿਆਨ ਵਿਭਾਗ ਕਰਦਾ ਸੀ।

**ਲਾਲ ਦੈਂਤ ਦਾ ਗਹਿਰਾ ਭੇਦ** : ਕੈਪਲਰ ਦੇ ਹੀ ਬਿਉਰੇ ਦੇ ਅਧਾਰ 'ਤੇ ਇਕ ਹੋਰ ਵਿਗਿਆਨਕ ਦਲ ਨੂੰ ਵਿਕਾਸ ਦੇ ਲਗਭਗ ਅੰਤਿਮ ਚਰਣ 'ਤੇ ਪਹੁੰਚੇ ਹੋਏ ਇਕ ਵਿਸ਼ਾਲ ਸਿਤਾਰੇ 'ਚ ਅਜਿਹੀਆਂ ਤਰੰਗਾਂ ਹੋਣ ਦਾ ਪਤਾ ਚੱਲਿਆ, ਜੋ ਉਸ ਦੇ ਧੁਰ ਅੰਦਰੂਨੀ ਭਾਗ 'ਚ ਪਹੁੰਚਦੀ ਹੈ। ਰੇਡ ਜਾਯੰਟ ਕਹਿਲਾਉਣ ਵਾਲੇ ਅਜਿਹੇ ਸਿਤਾਰਿਆਂ 'ਚ ਅਜਿਹੀਆਂ ਲਹਿਰਾਂ ਦੇ ਕੇਵਲ ਬਾਹਰੀ ਹਿੱਸੇ ਯਾਨੀ ਕੁਝ ਲੱਖ ਮੀਲ ਤੱਕ ਅੰਦਰ ਜਾਣ ਵਾਲੀਆਂ ਲਹਿਰਾਂ ਦੀ ਜਾਣਕਾਰੀ ਦਿੱਤੀ। ਭਵਿੱਖ 'ਚ ਸੂਰਜ ਵੀ ਸਾਡਾ ਅਜਿਹਾ ਸਿਤਾਰਾ ਬਣ ਚੁੱਕਿਆ ਹੋਵੇਗਾ। ਜੋ ਬੇਸ਼ੱਕ ਇਸ ਜਾਣਕਾਰੀ 'ਚ ਸਾਡੇ ਲਈ ਕੁਝ ਸਬਕ ਛਿਪੇ ਹਨ। ਇਹ ਗੱਲ ਹੋਰ ਹੈ ਕਿ ਸਾਡਾ ਸੂਰਜ 5 ਅਰਬ ਸਾਲ ਬਾਅਦ ਇਥੇ ਪਹੁੰਚੇਗਾ।

**ਅਨੂਠਾ ਤਿਗਡਡਾ** : ਇਕ ਤੀਸਰੀ ਖੋਜ ਤਿੰਨ ਸਿਤਾਰਿਆਂ ਦੀ ਇਕ ਪ੍ਰਨਾਲੀ ਦੇ ਬਾਰੇ 'ਚ ਹੈ ਇਨ੍ਹਾਂ 'ਚ ਇਕ ਸਿਤਾਰਾ ਅਜਿਹਾ ਹੀ ਰੇਡ ਜਾਯੰਟ ਹੈ ਜਿਸਦੀ ਅਸੀਂ ਹੁਣ ਚਰਚਾ ਕਰ ਰਹੇ ਸੀ। ਦਰਅਸਲ ਤਿੰਨ ਸਿਤਾਰਾ ਪ੍ਰਨਾਲੀਆਂ ਕੋਈ ਅਨੋਖੀ ਗੱਲ ਨਹੀਂ ਹੈ। ਪਰ ਇਹ ਤਿਗਡਡਾ ਆਪਣੀ ਤਰ੍ਹਾਂ ਹੋਰ ਪ੍ਰਨਾਲੀਆਂ 'ਚ ਕਿਸ ਰੂਪ 'ਚ ਅਲੱਗ ਹੈ, ਇਸਦੇ ਬਾਰੇ 'ਚ ਮਾਈਕਲ ਦਾ ਕਹਿਣਾ ਹੈ, "ਇਹ ਪ੍ਰਨਾਲੀ ਇਸ ਰੂਪ 'ਚ ਅਨੋਖੀ ਹੈ ਕਿ ਉਸਦਾ ਹਰ ਭਾਗ ਗ੍ਰਹਿਣ ਦਾ ਕਾਰਨ ਬਣ ਰਿਹਾ ਹੈ। ਇਸਦੇ ਦੋ ਸਿਤਾਰੇ ਰੇਡ ਜਾਯੰਟ ਨੇ ਸਾਹਮਣੇ ਤੋਂ ਉਸਦੇ ਪਿੱਛੇ ਗੁਜਰਦੇ ਹਨ ਅਤੇ ਰੇਡ ਜਾਯੰਟ ਨੂੰ ਇਸ ਤਰ੍ਹਾਂ ਦੇ ਬਹੁਭਾਗੀ ਪ੍ਰਨਾਲੀਆਂ ਕਾਫ਼ੀ ਅਜੀਬ ਹਨ।

ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਇਸ ਤਿਗਡਡੇ ਦੇ ਰੇਡ ਜਾਯੰਟ 'ਚ ਕੰਪਨ ਦੇ ਕੋਈ ਸੰਕੇਤ ਨਹੀਂ ਮਿਲੇ, ਜਦੋਂਕਿ ਅਜਿਹੇ ਆਮ ਸਿਤਾਰਿਆਂ 'ਚ ਸਾਡੇ ਸੂਰਜ ਦੀ ਤਰ੍ਹਾਂ ਦਾ ਕੰਪਨ ਬਕਾਇਦਾ ਹੁੰਦਾ ਹੈ। ਮਤਲਬ ਇਹ ਕਿ ਤਿਗਡਡੇ ਦੇ ਇਸ ਵਿਸ਼ਾਲ ਸਿਤਾਰੇ ਨੇ ਕੋਈ ਰਹੱਸਮਈ ਪ੍ਰਕ੍ਰਿਆ ਨਹੀਂ ਕੀਤੀ ਹੈ। ਇਸ ਤਰ੍ਹਾਂ ਕੈਪਲਰ ਮਿਸ਼ਨ ਨਿਹਾਇਤ ਹੀ ਰੋਮਾਂਚਕ ਨਵੇਂ ਤੱਥ ਸਾਹਮਣੇ ਲਿਆ ਰਿਹਾ ਹੈ। ਮਾਈਕਲ ਉਸਦੀ ਸਾਰੇ ਤਿੰਨ ਸਾਲ ਦੀ ਅਵਧੀ ਨੂੰ ਅੱਗੇ ਵਧਾਉਣ ਦੇ ਪੱਖ 'ਚ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੈਪਲਰ ਗ੍ਰਹਿਆਂ ਦੀ ਖੋਜ 'ਚ ਵੀ ਜੁਟਿਆ ਹੋਇਆ ਹੈ। ਜੋ ਆਪਣੇ ਸਿਤਾਰਿਆਂ ਦੇ ਗਿਰਦ ਆਪਣੀ ਪਰਿਕਰਮਾ ਕਿਤੇ-ਕਿਤੇ ਤਿੰਨ ਸਾਲਾਂ ਤੱਕ ਪੂਰੀ ਕਰਦੇ ਹਨ। ਯਾਨੀ ਉਨ੍ਹਾਂ ਨੂੰ ਲੰਬੇ ਸਮੇਂ ਦੇ ਅਧਿਐਨ ਦੀ ਜ਼ਰੂਰਤ ਹੈ।



# ਭਾਰਤੀ ਸਮਾਜ ਤੇ ਕਲੰਕ ਇਹ ਬਾਬਾ ਲੋਗ



ਕਈ ਬੱਚਿਆਂ ਨਾਲ ਬਲਾਤਕਾਰ ਕਰਨ ਵਾਲਾ ਤਾਂਤ੍ਰਿਕ ਜਾਵੇਦ



ਅਸ਼ਲੀਲ ਫਿਲਮਾਂ ਬਣਾਉਣ ਵਾਲਾ ਮਥੁਰਾ ਦਾ ਸਵਾਮੀ ਰਜਿੰਦਰ



ਅਮਰੀਕਾ ਵਿੱਚ 2 ਕੁੜੀਆਂ ਨਾਲ ਛੇੜਛਾੜ ਕਰਨ ਵਾਲਾ ਗੁਰੂ ਪ੍ਰਕਾਸ਼ਨੰਦ

ਬਾਬਿਆਂ ਦੇ ਸੈਕਸ ਰੈਕਟ, ਬਾਬਿਆਂ ਦਾ ਸਟਰਿੰਗ ਅਪਰੇਸ਼ਨ, ਬਾਬਾ ਜਾਂ ਵਿਚੋਲੀਆ, ਬਿਸਤਰ ’ਚ ਬਾਬਾ, ਬਾਬਿਆਂ ਦੀ ਲੀਲਾ, ਬਾਬੇ ਦਾ ਸੈਕਸ ਵੀਡੀਓ, ਹਤਿਆਰਾ ਬਾਬਾ, ਬਾਬੇ ਦੀ ਕਰਤੂਤ, ਬਾਬੇ ਦੀ ਗੁੰਡਾਗਰਦੀ, ਬਾਬਿਆਂ ਦੇ ਸਾਹਮਣੇ ਬੇਵੱਸ, ਇਨ੍ਹਾਂ ਬਾਬਿਆਂ ਤੋਂ ਮੈਨੂੰ ਬਚਾਓ..... ਇਸ ਤਰ੍ਹਾਂ ਦੀਆਂ ਸੁਰਖੀਆਂ ਸਾਨੂੰ ਆਮ ਹੀ ਪੜ੍ਹਨ ਨੂੰ ਮਿਲਦੀਆਂ ਹਨ। ਮੀਡੀਆ ’ਚ ਆ ਰਹੀਆਂ ਇਨ੍ਹਾਂ ਖ਼ਬਰਾਂ ਨੇ ਆਮ ਲੋਕਾਂ ਦੀ ‘ਆਸਥਾ’ ਹਿਲਾ ਕੇ ਰੱਖ ਦਿੱਛੀ ਹੈ। ਇਹ ਤਾਂ ਇੱਕ ਨਾ ਇੱਕ ਦਿਨ ਹੋਣਾ ਹੀ ਸੀ। ਬਾਬਿਆਂ ਦੇ ‘ਪਾਪ ਦਾ ਘੜਾ’ ਭਰ ਚੁੱਕਿਆ ਹੈ ਅਤੇ ਹੁਣ ਜੇ ਇਹ ਛਲਕ ਗਿਆ ਤਾਂ ਇਸਦੀ ਸੜਾਂਦ ਦੂਰ ਤੱਕ ਫੈਲ ਜਾਵੇਗੀ। ਤਰਕਸ਼ੀਲ ਸੁਸਾਇਟੀ ਭਾਰਤ ਲੰਬੇ ਸਮੇਂ ਤੋਂ ਅਜਿਹੇ ਸਾਧਾਂ ਸੰਤਾਂ ਦੀਆਂ ਕਰਤੂਤਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕਰਨ ਲੱਗੀ ਹੋਈ ਹੈ। ਪੇਸ਼ ਹਨ ਅਜਿਹੇ ਬਾਬਿਆਂ ਦੀਆਂ ਕਰਤੂਤਾਂ :

**ਮਥੁਰਾ ’ਚ ਅਸ਼ਲੀਲ ਫ਼ਿਲਮ ਬਣਾਉਂਦਾ ਸੀ ਬਾਬਾ**

ਮਥੁਰਾ – ਮਥੁਰਾ ’ਚ ਘੰਟਿਆਂ ਅਤੇ ਮੰਦਿਰਾਂ ਦਾ ਬੈਕਗਰਾਊਂਡ ਲੈ ਕੇ ਅਸ਼ਲੀਲ ਫ਼ਿਲਮ ਬਣਾਉਣ ਵਾਲਾ ਬਿੰਦ੍ਰਾਬਨ ਦਾ ਸਵਾਮੀ ਭਗਤਾਚਾਰਯ ਉਰਫ਼ ਰਾਜੇਂਦਰ ਆਖਿਰਕਾਰ ਪੁਲਿਸ ਦੀ ਗ੍ਰਿਫ਼ਤ ’ਚ ਆ ਗਿਆ। ਪੁਲਿਸ ਨੇ ਉਸਨੂੰ ਪਤਨੀ ਦੇ ਨਾਲ ਗ੍ਰਿਫ਼ਤਾਰ ਕਰ ਲਿਆ ਹੈ। ਉਹ ਪਿਛਲੇ 10-12 ਦਿਨਾਂ ਤੋਂ ਫਰਾਰ ਹੈ। ਪੁਲਿਸ ਟੀਮ ਨੇ ਗਾਜੀਆਬਾਦ ’ਚ ਸਵਾਮੀ ਦੇ ਰਿਸ਼ਤੇਦਾਰ ਦੇ ਘਰ ’ਚ ਅਸ਼ਲੀਲ ਸੀ. ਡੀ. ਅਤੇ ਕੈਮਰੇ ਬਰਾਮਦ ਕੀਤੇ ਹਨ।

ਮਥੁਰਾ ਜ਼ਿਲ੍ਹੇ ’ਚ ਪਹਿਲਾਂ ਵੀ ਸਵਾਮੀ ਰਾਜੇਂਦਰ ਨੇ ਅਸ਼ਲੀਲ ਫ਼ਿਲਮਾਂ ਦੇ ਨਿਰਮਾਣ ’ਚ ਸ਼ਾਮਿਲ ਹੋਣ ’ਤੇ ਕਾਫ਼ੀ ਹੰਗਾਮਾ ਕੀਤਾ ਸੀ। ਕਈ ਸੰਗਠਨਾਂ ਨੇ ਰਾਜੇਂਦਰ ਦੇ ਪੁਤਲੇ ਜਲਾਏ ਸਨ ਅਤੇ ਉਸਦੇ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ। ਰਾਜੇਂਦਰ ’ਤੇ ਮੰਦਿਰਾਂ ਅਤੇ ਯਮੁਨਾ ਨਦੀ ਦਾ ਬੈਕਗਰਾਊਂਡ ਲੈ ਕੇ ਅਸ਼ਲੀਲ ਫ਼ਿਲਮਾਂ ਬਣਾਉਣ ਦਾ ਅਰੋਪ ਹੈ। ਪੁਲਿਸ ਦਾ ਕਹਿਣਾ ਹੈ ਕਿ ਸਵਾਮੀ ਰਜੇਂਦਰ ਪ੍ਰਵਚਨ ਕਰਦਾ ਸੀ ਅਤੇ ਆਪਣੇ ਵਿਦੇਸ਼ੀ ਵਿਦਿਆਰਥੀਆਂ ਲਈ ਅਸ਼ਲੀਲ ਫ਼ਿਲਮਾਂ ਬਣਾਉਂਦਾ ਸੀ। ਮਾਮਲੇ ਦੀ ਜਾਂਚ ’ਤੇ ਅਧਿਕਾਰੀ ਨੇ ਦੱਸਿਆ ਕਿ ਕੁਝ ਫ਼ਿਲਮਾਂ ’ਚ ਰਾਜੇਂਦਰ ਖੁਦ ਵੀ ਸੈਕਸ ’ਚ ਸ਼ਾਮਲ ਹੈ ਅਤੇ ਕੁਝ ਫ਼ਿਲਮਾਂ ’ਚ ਛੋਟੇ ਬੱਚਿਆਂ ਦੇ ਨਾਲ ਗਲਤ ਹਰਕਤਾਂ ਕੀਤੀਆਂ ਗਈਆਂ ਹਨ। ਕਿਉਂਕਿ ਇਹ ਦੋਵੇਂ ਅਪਰਾਧ ਹਨ ਇਸ ਲਈ ਦੋਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਸਵਾਮੀ ਦਾ ਕਹਿਣਾ ਹੈ ਕਿ ਉਹ ਆਪਣੇ ਨਿੱਜੀ ਇਸਤੇਮਾਲ ਦੇ ਲਈ ਇਸ ਤਰ੍ਹਾਂ ਦੀਆਂ ਫ਼ਿਲਮਾਂ ਬਣਾਉਂਦਾ ਸੀ। ਜਿਸ ਨੂੰ ਕੁਝ ਲੋਕਾਂ ਨੇ ਚੁਰਾ ਲਿਆ ਅਤੇ ਬਾਅਦ ’ਚ ਉਸਦਾ ਗਲਤ ਇਸਤੇਮਾਲ ਕੀਤਾ। ਅਰੋਪੀ ਦਾ ਕਹਿਣਾ ਹੈ ਕਿ ਉਸ ’ਤੇ ਲਗਾਏ ਗਏ ਸਾਰੇ ਅਰੋਪ ਨਿਰਅਪਰਾਧ ਹਨ ਅਤੇ ਸੀ. ਡੀ. ਨਾਲ ਛੇੜਛਾੜ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਸਵਾਮੀ ਦੀ ਪਤਨੀ ਨੇ ਇਕ ਆਈ. ਟੀ. ਫਰਮ ਨੂੰ ਆਪਣਾ ਲੈਪਟਾਪ ਮੁਰੰਮਤ ਕਰਨ ਦੇ ਲਈ ਦਿੱਤਾ ਸੀ। ਉਸਦੀ ਪਤਨੀ ਨੇ ਪੁਲਿਸ ’ਚ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਨੇ ਆਪਣਾ ਖਰਾਬ ਲੈਪਟਾਪ ਮਥੁਰਾ ਦੀ ਦੀ ਬੀ. ਸਾਈਬਰ. ਵਰਲਡ ਨਾਮਕ ਫਰਮ ਨੂੰ ਮੁਰੰਮਤ ਦੇ ਲਈ ਦਿੱਤਾ ਸੀ, ਜਿਸ ’ਚ ਉਸਦੀ ਪਤਨੀ ਨਾਲ ਉਸਦੇ ਕੁਝ ਫੋਟੋ ਸਨ। ਜਿਨ੍ਹਾਂ ਨੂੰ ਇਨ੍ਹਾਂ ਲੋਕਾਂ ਨੇ ਕੱਢ ਲਿਆ। ਸ਼ਿਕਾਇਤ ਦੇ ਅਨੁਸਾਰ ਫਰਮ ਨੇ ਫੋਟੋ ਨਾ ਲੀਕ ਕਰਨ ਦੇ ਲਈ ਬਲੈਕਮੇਲਿੰਗ ਦੇ ਤੌਰ ’ਤੇ 10 ਲੱਖ ਰੁਪਏ ਮੰਗੇ ਅਤੇ ਰਕਮ ਨਾ ਦੇਣ ’ਤੇ ਉਨ੍ਹਾਂ ਨੇ ਸਰਵਜਨਿਕ ਕਰ ਦਿੱਤਾ।

ਮਥੁਰਾ ਦੇ ਐਸ. ਪੀ. ਰਾਮ ਕਿਸ਼ੋਰ ਵਰਮਾ ਦਾ ਕਹਿਣਾ ਹੈ ਕਿ ਰਾਜੇਂਦਰ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਗ੍ਰਿਫ਼ਤਾਰੀ ਤੋਂ ਬਚਣ ਦੇ ਲਈ ਕਾਨਪੁਰ, ਮਥੁਰਾ ਅਤੇ ਗਾਜੀਆਬਾਦ ਵੱਲ ਮੂੰਹ ਕਰ ਰਹੇ ਸਨ। ਜਾਂਚ ਅਧਿਕਾਰੀ ਵਿਵੇਕ ਤ੍ਰਿਪਾਠੀ ਨੇ ਸਵਾਮੀ ਨੂੰ ਆਪਣੀ ਪਤਨੀ ਸਮੇਤ ਗ੍ਰਿਫ਼ਤਾਰ ਕਰ ਲਿਆ।

## ਅਮਰੀਕਾ 'ਚ ਹਿੰਦੂ ਗੁਰੂ ਲੜਕੀਆਂ ਨਾਲ ਛੇੜਛਾੜ ਕਰਨ ਦਾ ਦੋਸ਼ੀ

ਵਾਸ਼ਿੰਗਟਨ : ਅਮਰੀਕਾ ਦੇ ਵੱਡੇ ਹਿੰਦੂ ਸਥਲਾਂ 'ਚ ਗਿਣੇ ਜਾਣ ਵਾਲੇ ਇਕ ਆਸ਼ਰਮ 'ਚ ਪ੍ਰਮੁੱਖ ਗੁਰੂ ਪ੍ਰਕਾਸ਼ਨੰਦ ਸਰਸਵਤੀ ਨੂੰ ਦੋ ਲੜਕੀਆਂ ਦੇ ਨਾਲ ਛੇੜਛਾੜ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਬਰਸਾਨਾ ਧਾਮ ਨਾਮਕ ਇਸ ਆਸ਼ਰਮ 'ਚ ਇਨ੍ਹਾਂ ਲੜਕੀਆਂ ਦੇ ਪਰਿਵਾਰ ਇਸ ਆਸ਼ਰਮ 'ਚ ਸੇਵਾ ਕਰਦੇ ਸਨ ਅਤੇ ਉਹ ਇਸ ਆਸ਼ਰਮ 'ਚ ਹੀ ਰਹਿੰਦੇ ਸਨ। ਆਸਟਿਨ 'ਚ ਬਣਿਆ ਬਰਸਾਨਾ ਧਾਮ 200 ਏਕੜ 'ਚ ਫੈਲਿਆ ਹੈ ਅਤੇ ਅਮਰੀਕਾ ਦੇ ਕੋਨੇ-ਕੋਨੇ ਤੋਂ ਹਿੰਦੂ ਇੱਥੇ ਆਉਂਦੇ ਹਨ। ਪ੍ਰਕਾਸ਼ਨੰਦ ਨੂੰ ਉਸਦੇ ਭਗਤ ਸਵਾਮੀਜੀ ਦੇ ਨਾਮ ਨਾਲ ਬੁਲਾਉਂਦੇ ਹਨ।

30 ਸਾਲ ਦੀ ਸ਼ਯਾਮਾ ਰੋਜ ਅਤੇ 27 ਸਾਲ ਦੀ ਵੇਸਲਾ ਕਾਜੀਮੇਰ ਨੇ ਕਿਹਾ ਕਿ ਪਿਛਲੇ ਸਾਲਾਂ 'ਚ ਕਈ ਮੌਕਿਆਂ 'ਤੇ ਉਨ੍ਹਾਂ ਦਾ ਸੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ। ਦੋਨਾਂ ਲੜਕੀਆਂ ਦਾ ਕਹਿਣਾ ਹੈ ਕਿ ਜਦੋਂ ਉਹ 12 ਸਾਲਾਂ ਦੀਆਂ ਸਨ, ਉਦੋਂ ਤੋਂ ਹੀ ਸਵਾਮੀ ਜੀ ਉਨ੍ਹਾਂ ਨਾਲ ਛੇੜਛਾੜ ਕਰਦੇ ਰਹੇ ਹਨ। ਦੋਨਾਂ ਦੀ ਸ਼ਿਕਾਇਤ 'ਤੇ ਅਪ੍ਰੈਲ, 2008 'ਚ ਗ੍ਰਿਫ਼ਤਾਰ ਹੋਣ ਤੋਂ ਬਾਅਦ ਪ੍ਰਕਾਸ਼ਨੰਦ ਸਰਸਵਤੀ ਨੂੰ ਇਕ ਮਿਲੀਅਨ ਅਮਰੀਕੀ ਡਾਲਰ ਬੌਂਡ 'ਤੇ ਰਿਹਾ ਕਰ ਦਿੱਤਾ ਗਿਆ ਹੈ। 31 ਸਾਲ ਦੀ ਇਕ ਹੋਰ ਮਹਿਲਾ ਕੈਟ ਨੇ ਵੀ ਹਾਲ 'ਚ ਪ੍ਰਕਾਸ਼ਨੰਦ ਸਰਸਵਤੀ 'ਤੇ ਅਜਿਹੇ ਹੀ ਅਰੋਪ ਲਗਾਏ ਹਨ।

## 3 ਭੈਣਾਂ ਨਾਲ 4 ਸਾਲ ਤੱਕ ਰੇਪ ਕਰਦਾ ਰਿਹਾ ਤਾਂਤਰਿਕ

ਸਾਊਥ ਮੁਬਈ ਦੇ ਇਕ ਤਾਂਤਰਿਕ ਨੂੰ 3 ਲੜਕੀਆਂ ਨਾਲ ਚਾਰ ਸਾਲ ਤੱਕ ਰੇਪ ਕਰਨ ਦੇ ਅਰੋਪ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਤਾਂਤਰਿਕ ਨੂੰ ਜੇਜੇ ਮਾਰਗ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ।

ਇਨ੍ਹਾਂ ਲੜਕੀਆਂ 'ਚ 19 ਸਾਲ ਦੀ ਇਕ ਲੜਕੀ ਕਰਾਫਰਡ ਮਾਰਕਿਟ ਦੀ ਰਹਿਣ ਵਾਲੀ ਹੈ ਅਤੇ ਸਾਊਥ ਮੁੰਬਈ ਦੇ ਇਕ ਪ੍ਰਸਿੱਧ ਕਾਲਜ 'ਚ ਕਮਰਸ ਦੀ ਸਟੂਡੈਂਟ ਹੈ। ਦੂਸਰੀ ਕੋਲਾਬਾ ਦੀ 18 ਸਾਲ ਦੀ ਐਮ. ਬੀ. ਬੀ. ਐਸ. ਸਟੂਡੈਂਟ ਹੈ। 13 ਸਾਲ ਦੀ ਤੀਜੀ ਲੜਕੀ ਜੇਜੇ ਮਾਰਗ ਦੀ ਰਹਿਣ ਵਾਲੀ ਹੈ ਅਤੇ ਕਲਾਸ 5 ਦੀ ਸਟੂਡੈਂਟ ਹੈ। ਤਿੰਨੇ ਹੀ ਲੜਕੀਆਂ ਆਪਸ 'ਚ ਭੈਣਾਂ ਲੱਗਦੀਆਂ ਹਨ।

ਤਾਂਤਰਿਕ ਦਾ ਨਾਮ ਜਾਵੇਦ ਨਦੀਮ ਖਾਦਿਮ ਉਰਫ਼ ਮੇਂਹਦੀ ਹਸਨ ਹੈ ਅਤੇ ਇਸਦੀ ਉਮਰ 45 ਸਾਲ ਹੈ। ਐਫ਼. ਆਈ. ਆਰ. ਦੇ ਮੁਤਾਬਿਕ ਤਾਂਤਰਿਕ ਨੇ ਕਮਰਸ ਸਟੂਡੈਂਟ ਅਤੇ ਮੈਡੀਕਲ ਸਟੂਡੈਂਟ ਨੂੰ ਤਾਂ ਅਬੋਸ਼ਨ ਕਰਵਾਉਣ ਲਈ ਵੀ ਕਿਹਾ ਸੀ।

ਡਿਪਟੀ ਕਮਿਸ਼ਨਰ ਆਫ਼ ਪੁਲਿਸ ਛੇਰਿੰਗ ਦੋਰਜੀ ਨੇ ਦੱਸਿਆ, "ਪੁਲਿਸ ਨੇ ਖਾਦਿਮ ਨੂੰ ਆਈ. ਪੀ. ਸੀ. ਦੀ ਧਾਰਾ 376 ਅਤੇ 312 ਦੇ ਤਹਿਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਖਾਦਿਮ ਨੂੰ ਸੋਮਵਾਰ ਨੂੰ ਕੋਰਟ 'ਚ ਪੇਸ਼ ਕਰੇਗੀ।

ਤਾਂਤਰਿਕ ਪੱਛਮੀ ਬੰਗਾਲ ਦਾ ਰਹਿਣ ਵਾਲਾ ਹੈ ਅਤੇ ਦੋ ਬੱਚਿਆਂ ਦਾ ਬਾਪ ਵੀ ਹੈ। ਖਾਦਿਮ ਨੂੰ ਉਸ ਸਮੇਂ ਫੜ ਲਿਆ ਗਿਆ, ਜਦੋਂ ਉਸਨੇ ਕਮਰਸ ਸਟੂਡੈਂਟ ਨੂੰ ਫੜਕੇ ਕਿਹਾ, ਉਹ ਉਸਦੇ ਘਰ ਆ ਰਿਹਾ ਹੈ। ਲੜਕੀ ਨੇ ਆਪਣੇ ਪਰਿਵਾਰ ਨੂੰ ਸਭ ਕੁਝ ਦੱਸ ਦਿੱਤਾ ਅਤੇ ਉਨ੍ਹਾਂ ਨੇ ਪੁਲਿਸ ਨੂੰ ਬੁਲਾ ਲਿਆ।

ਸਾਦੇ ਕੱਪੜਿਆਂ 'ਚ ਪੁਲਿਸ ਨੇ ਬਿਲਡਿੰਗ ਨੂੰ ਚਾਰੇ ਪਾਸਿਆਂ ਨਾਲ ਘੇਰ ਲਿਆ ਹੈ। ਪਰ ਬਾਅਦ 'ਚ ਲੜਕੀ ਨੇ ਫ਼ੋਨ ਕੀਤਾ ਕਿ ਪਹਿਲਾਂ ਹੀ ਆ ਚੁੱਕਾ ਹੈ। ਉੱਪਰ ਪਹੁੰਚਣ 'ਤੇ ਪੁਲਿਸ ਨੇ ਦੱਸਿਆ ਕਿ ਖਾਦਿਮ ਨੇ ਖੁਦ ਨੂੰ ਬੁਰਕੇ 'ਚ ਛੁਪਾ ਕੇ ਰੱਖਿਆ ਸੀ ਅਤੇ ਉਸਨੂੰ ਦਬੋਚ ਲਿਆ।



## ਅਸਲੀ ਹੈ ਸਵਾਮੀ ਨਿਤਿਆਨੰਦ ਦੀ ਸੈਕਸ ਸੀ. ਡੀ.

ਬੰਗਲੌਰ : ਸੀ. ਆਈ. ਡੀ. ਦੇ ਇਕ ਮਾਹਰ ਅਧਿਕਾਰੀ ਨੇ ਦੱਸਿਆ ਕਿ ਤਮਿਲ ਐਕਟ੍ਰੈਸ ਦੇ ਨਾਲ ਬਾਬਾ ਨਿਤਿਆਨੰਦ ਸਵਾਮੀ ਨੂੰ ਅਪੱਤੀਜਨਕ ਸਥਿਤੀ 'ਚ ਦਿਸਣ ਵਾਲੀਆਂ ਫ਼ੋਟੋਆਂ ਅਸਲੀ ਹਨ।

ਸੀ. ਆਈ. ਡੀ. ਦੇ ਡਿਪਟੀ ਆਈ. ਜੀ. ਨੇ ਦੱਸਿਆ ਕਿ ਫ਼ੋਟੋਆਂ ਅਸਲੀ ਹਨ। ਇਨ੍ਹਾਂ 'ਚ ਕੋਈ ਛੇੜਛਾੜ ਨਹੀਂ ਕੀਤੀ ਗਈ ਹੈ ਅਤੇ ਵੀਡਿਓ 'ਚ ਫੇਰਬਦਲ ਦਾ ਕੋਈ ਵੀ ਸੰਕੇਤ ਨਹੀਂ ਹੈ। ਰੇਡੀ ਨੇ ਕਿਹਾ ਕਿ ਜਿੱਥੋਂ ਤੱਕ ਇਮੇਜ ਦੀ ਤੁਲਨਾ ਦਾ ਸਵਾਲ ਹੈ, ਇਹ ਅਜੇ ਕੀਤੀ ਜਾਣੀ ਬਾਕੀ ਹੈ। ਰੇਡੀ ਨੇ ਦੱਸਿਆ ਕਿ ਅਨੈਲਿਸਿਸ ਦੇ ਲਈ ਸੀ. ਡੀ. ਹੈਦਰਾਬਾਦ ਸਥਿਤ ਸੈਂਟਰਲ ਫਰੈਂਸਿਕ ਲੈਬ 'ਚ ਭੇਜੀ ਗਈ ਜਿਥੇ ਇਹ ਅਸਲੀ ਪਾਈ ਗਈ। ਮਾਰਚ 'ਚ ਕੁਝ ਟੀ. ਵੀ. ਚੈਨਲਾਂ ਦੇ ਕੁਝ ਵੀਡਿਓ ਫ਼ੋਟੋਆਂ ਪ੍ਰਸਾਰਿਤ ਕੀਤੀਆਂ ਹਨ। ਇਸ 'ਤੇ ਬਹੁਤ ਹੰਗਾਮਾ ਹੋਇਆ ਹੈ। ਬਲਾਤਕਾਰ ਸਮੇਤ ਅਪਰਾਧਿਕ ਮਾਮਲਿਆਂ 'ਚ ਨਿਤਿਆਨੰਦ ਨੂੰ 21 ਅਪ੍ਰੈਲ ਨੂੰ ਹਿਮਾਚਲ ਪ੍ਰਦੇਸ਼ ਦੇ ਸੋਲਨ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ।

## 'ਬੱਚਾ ਬਾਬਾ' ਨੇ ਲਈ ਇਸਤਰੀ ਦੀ ਜਾਨ

ਛੱਤੀਸਗੜ੍ਹ ਵਿੱਚ ਅੰਧਵਿਸ਼ਵਾਸ ਇਸ ਹੱਦ ਤੱਕ ਭਾਰੂ ਹੈ ਕਿ ਹੁਣ ਬੱਚੇ ਵੀ ਉਝਾਗੁਨੀਆ (ਸਿਆਣਾ) ਬਣਕੇ ਲੋਕਾਂ ਦੀ ਜਾਨ ਦੇ ਨਾਲ ਖਿਲਵਾੜ ਕਰਨ ਲੱਗੇ ਹਨ।

ਰਾਜਧਾਨੀ ਰਾਏਪੁਰ ਤੋਂ ਮਸਾਂ 52 ਕਿਲੋਮੀਟਰ ਦੂਰ ਖਰੋਰਾ ਪਿੰਡ ਵਿੱਚ 12 ਸਾਲ ਦੇ ਇਕ ਬਾਬੇ ਨੇ ਝਾੜਫੂਕ (ਝਾੜਾ) ਦੇ ਨਾਂ ਉੱਤੇ 28 ਸਾਲਾ ਇਸਤਰੀ ਨੂੰ ਬੰਨ੍ਹ ਕੇ ਏਨਾ ਕੁੱਟਿਆ ਕਿ ਉਸ ਦੀ ਮੌਤ

ਹੋ ਗਈ।

ਇਸਤਰੀ ਦੇ ਪਰਿਵਾਰ ਵਾਲੇ ਅਤੇ ਪਿੰਡ ਦੇ ਲੋਕ ਖਾਮੋਸ਼ ਦਰਸ਼ਕ ਬਣੇ ਰਹੇ ਅਤੇ 'ਬੱਚਾ ਬਾਬਾ' ਜ਼ਾਲਮਪੁਣੇ ਦੀਆਂ ਹੱਦਾਂ ਪਾਰ ਕਰਦਾ ਰਿਹਾ। 13 ਸੌ ਦੀ ਆਬਾਦੀ ਵਾਲੇ ਇਸ ਪਿੰਡ ਵਿੱਚ ਪੜ੍ਹੇ ਲਿਖੇ ਲੋਕ ਵੀ ਹਨ। ਪਰੰਤੂ ਛੇਵੀਂ ਜਮਾਤ ਵਿੱਚ ਪੜ੍ਹਨ ਵਾਲੇ ਇਸ ਨਾ ਸਮਝ ਪਾਖੰਡੀ ਬਾਬੇ ਸ਼ਿਵਾ ਦੇ ਅੱਗੇ ਸਭ ਮੱਥਾ ਟੇਕਦੇ ਸਨ।

'ਬੱਚਾ ਬਾਬੇ' ਨੇ ਇਹ ਗੱਲ ਫੈਲਾਈ ਹੋਈ ਸੀ ਕਿ ਉਸ ਦੇ ਸਰੀਰ ਵਿੱਚ 'ਸਿੱਧ ਬਾਬੇ' ਦੀ ਆਤਮਾ ਆਉਂਦੀ ਹੈ, ਜਿਸ ਦੀ ਸ਼ਕਤੀ ਸਦਕਾ ਉਹ ਪ੍ਰੇਤ ਰੁਕਾਵਟ ਦੂਰ ਕਰਦਾ ਹੈ। ਲੋਕਾਂ ਨੇ ਬਿਨ੍ਹਾਂ ਪਰਖੇ ਉਸ ਉੱਤੇ ਅੱਖਾਂ ਮੀਟ ਕੇ ਯਕੀਨ ਕਰ ਲਿਆ। ਉਸ ਪਖੰਡੀ ਉੱਤੇ ਕਿਸੇ ਪਰੋਪਕਾਰੀ ਬਾਬੇ ਦੀ ਆਤਮਾ ਦੀ ਥਾਂ ਸ਼ੈਤਾਨ ਸਵਾਰ ਹੋ ਗਿਆ। ਨਤੀਜੇ ਵਜੋਂ ਇੱਕ ਇਸਤਰੀ ਮੌਤ ਦਾ ਖਾਜਾ ਬਣ ਗਈ।

ਇਹ ਘਟਨਾ 9 ਮਾਰਚ, 2011 ਦੀ ਹੈ। ਮੀਨਾ ਦੇ ਭਾਈ ਨੇ ਦੱਸਿਆ "ਮੇਰੀ ਭੈਣ ਆਪਣੀ ਸਸੁਰਾਲ ਵਿੱਚ ਸੀ, ਜਿਹੜੀ ਲੰਬੇ ਸਮੇਂ ਤੋਂ ਦਿਮਾਗੀ ਤੌਰ 'ਤੇ ਬੀਮਾਰ ਸੀ। ਗ਼ਰੀਬੀ ਦੇ ਕਾਰਨ ਉਸ ਦੇ ਸੌਹਰੇ ਵਾਲੇ ਉਸਦਾ ਮਹਿੰਗਾ ਇਲਾਜ ਨਹੀਂ ਕਰਵਾ ਸਕੇ ਸਨ।"

"ਜਦ ਪਤਾ ਲੱਗਾ ਕਿ ਇਹ 'ਬੱਚਾ ਬਾਬਾ' ਕਿੱਧਰੇ ਤੋਂ ਭੂਤ ਭਜਾਉਣ ਦੀ ਟਰੇਨਿੰਗ ਲੈ ਕੇ ਆਇਆ ਹੈ, ਤਾਂ ਮੈਂ ਵੀ ਆਪਣੀ ਭੈਣ ਨੂੰ ਉਸ ਦੇ ਪਾਸ ਲੈ ਗਿਆ।"

"ਬਾਬੇ ਨੇ ਮੇਰੀ ਭੈਣ ਦੀ ਹਾਲਤ ਦੇਖ ਕੇ ਕਿਹਾ ਕਿ ਇਸ ਨੂੰ ਪ੍ਰੇਤ ਲੱਗਾ ਹੋਇਆ ਹੈ। ਉਸ ਬੁਰੀ ਆਤਮਾ ਨੇ ਇਸ ਦਾ ਦਿਮਾਗ ਭਰਮਾਇਆ ਹੋਇਆ ਹੈ। ਸ਼ੈਤਾਨ ਬੇਹੱਦ ਖ਼ਤਰਨਾਕ ਹੈ। ਉਹ ਭੂਤ ਗੱਲ ਨਾਲ ਮੰਨਣ ਵਾਲਾ ਨਹੀਂ ਹੈ। ਉਸ ਨੂੰ ਸਜ਼ਾ ਦੇਣੀ ਪਵੇਗੀ।"

"ਫੇਰ ਉਹ ਮੇਰੀ ਭੈਣ ਨੂੰ ਇਕ ਕਮਰੇ ਵਿੱਚ ਲੈ ਗਿਆ ਅਤੇ ਉਸ ਦੇ ਹੱਥ ਬੰਨ੍ਹ ਦਿੱਤੇ। ਇਸ ਦੇ ਬਾਦ ਦਰਵਾਜ਼ਾ ਬੰਦ ਕਰ ਕੇ ਉਸ ਨੂੰ ਰੱਸੀ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ।"

"ਮੇਰੀ ਭੈਣ ਚੀਕਣ ਚਿਲਾਉਣ ਲੱਗੀ, ਤਾਂ ਬਾਬੇ ਨੇ ਕਿਹਾ ਕਿ ਮਾਰ ਪੈ ਰਹੀ ਹੈ, ਇਸ ਲਈ ਪ੍ਰੇਤ ਚੀਕ ਰਿਹਾ ਹੈ। ਮੈਂ ਉਹੀ ਮੰਨਿਆਂ, ਜੋ ਉਸ ਨੇ ਕਿਹਾ। ਪਿੰਡ ਦੇ ਲੋਕ ਵੀ ਇਹੀ ਮੰਨਦੇ ਰਹੇ ਕਿ ਬਾਬਾ ਪ੍ਰੇਤ ਨੂੰ ਭਜਾ ਰਿਹਾ ਹੈ। ਕਿਸ ਨੂੰ ਪਤਾ ਸੀ ਕਿ ਉਹ ਪਖੰਡੀ ਮੇਰੀ ਭੈਣ ਦੀ ਜਾਨ ਲੈ ਲਵੇਗਾ।"

ਬਾਬੇ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਕੁੱਝ ਨਹੀਂ ਪਤਾ ਕਿ ਉਸ ਨੇ ਕੀ ਕੀਤਾ ਹੈ। ਬਕੌਲ ਬੱਚਾ ਬਾਬਾ, "ਮੇਰੇ ਵਿੱਚ ਬਾਬੇ ਆਉਂਦੇ ਹਨ। ਉਸ ਦੌਰਾਨ ਉਨ੍ਹਾਂ ਦੀ ਚਲਦੀ ਹੈ। ਝਾੜਫੂੰਕ ਦੇ ਸਮੇਂ ਬਾਬੇ ਦੀ ਆਤਮਾ ਮੇਰੇ ਤੋਂ ਕੀ ਕੀ ਕਰਵਾਉਂਦੀ ਹੈ, ਬਾਦ ਵਿੱਚ ਮੈਨੂੰ ਕੁੱਝ ਪਤਾ ਨਹੀਂ ਹੁੰਦਾ। ਮੇਰਾ ਉਦੇਸ਼ ਇਸ ਇਸਤਰੀ ਦੀ ਜਾਨ ਲੈਣਾ ਨਹੀਂ ਸੀ।"

ਖਰੋਰਾ ਦੇ ਥਾਨਾ ਅਧਿਕਾਰੀ ਨੇ ਇਸ ਘਟਨਾ ਨੂੰ ਸ਼ਰਮਨਾਕ ਕਹਿੰਦੇ ਹੋਏ ਢੌਂਗੀ ਬਾਬੇ ਅਤੇ ਉਸ ਦੇ ਪਰਿਵਾਰ ਵਾਲਿਆਂ ਦੇ ਖਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਬਕੌਲ ਥਾਨਾ ਅਧਿਕਾਰੀ, "ਅਨਪੜ੍ਹਤਾ, ਨਾਸਮਝੀ ਅਤੇ ਗਰੀਬੀ ਦੇ ਕਾਰਨ ਲੋਕ ਅਜਿਹੇ ਪਖੰਡੀਆਂ ਦੇ ਚੱਕਰ ਵਿੱਚ ਪੈ ਜਾਂਦੇ ਹਨ। ਪੁਲਿਸ ਨੂੰ ਜਦ ਪਤਾ ਚਲਦਾ ਹੈ, ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਪਿੰਡ ਦੇ ਲੋਕਾਂ ਨੂੰ ਜਾਗਰੂਕ ਹੋਣਾ ਹੋਵੇਗਾ ਅਤੇ ਜਿਉਂ ਹੀ ਅਜਿਹੇ ਢੌਂਗੀਆਂ ਦਾ ਪਤਾ ਚੱਲੇ, ਉਵੇਂ ਹੀ ਤੁਰੰਤ ਪੁਲਿਸ ਨੂੰ ਸੂਚਿਤ ਕਰੋ।"

ਆਕਾਸ਼ਵਾਣੀ ਵਿੱਚ ਬਤੌਰ ਪ੍ਰੋਗਰਾਮ ਅਫ਼ਸਰ ਕੰਮ ਕਰਨ ਵਾਲੇ ਡਾਕਟਰ ਬ੍ਰਿਜੇਂਦਰ ਵੈਦਯ ਨੇ ਕਿਹਾ, "ਛੱਤੀਸ਼ਗੜ੍ਹ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਅੰਧਵਿਸ਼ਵਾਸ ਦੇ ਕਾਰਨ ਹੁੰਦੀਆਂ ਹਨ। ਇਥੇ ਪੜ੍ਹੇ ਲਿਖੇ ਲੋਕਾਂ ਵਿੱਚ ਵੀ ਜਾਗਰੂਕਤਾ ਦੀ ਕਮੀ ਹੈ। ਕੋਈ ਬਿਮਾਰੀ ਜਾਂ ਮੁਸੀਬਤ ਆਉਣ ਉੱਤੇ ਨਾਰੀਅਲ, ਅਗਰਬੱਤੀ ਵਗੈਰਾ ਲੈ ਕੇ ਓਝਾਗੁਨੀਆਂ ਦੇ ਪਾਸ ਦੌੜਦੇ ਹਨ।"

"ਅਸੀਂ ਰੇਡਿਓ ਦੇ ਜ਼ਰੀਏ ਲੋਕਾਂ ਨੂੰ ਜਾਗਰੂਕ ਕਰਦੇ ਹਾਂ, ਇਸ ਘਟਨਾ ਤੋਂ ਲੋਕਾਂ ਨੂੰ ਸਬਕ ਲੈਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਓਝਾਗੁਨੀਆ ਦੇ ਚੱਕਰ ਵਿੱਚ ਨਾ ਪੈਣ।"

ਇਸ ਘਟਨਾ ਦੇ ਬਾਦ ਖਰੋਰਾ ਪਿੰਡ ਵਿੱਚ ਜਿੰਨੇ ਮੂੰਹ ਉਨੀਆਂ ਗੱਲਾਂ ਹੋ ਰਹੀਆਂ ਹਨ। ਪੜ੍ਹੇ ਲਿਖੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਖੰਡੀ ਉੱਤੇ ਯਕੀਨ ਕਰ ਕੇ ਵੱਡੀ ਭੁੱਲ ਕੀਤੀ ਹੈ। ਭਵਿੱਖ ਵਿੱਚ ਕਿਸੇ ਚਮਤਕਾਰੀ ਬਾਬੇ ਦੇ ਚੱਕਰ ਵਿੱਚ ਨਹੀਂ ਪੈਣਗੇ।

ਪਰੰਤੂ ਸਵਾਲ ਉੱਠਦਾ ਹੈ ਕਿ ਕੀ ਇਹ ਆਖਰੀ ਘਟਨਾ ਹੈ? ਅਜਿਹੀ ਕੋਈ ਵੀ ਘਟਨਾ ਹੁੰਦੀ ਹੈ, ਤਾਂ ਲੋਕਾਂ ਦੇ ਬਿਆਨ ਸੁਣ ਕੇ ਲਗਦਾ ਹੈ ਕਿ ਜਾਗਰੂਕਤਾ ਆ ਗਈ ਹੈ, ਪਰੰਤੂ ਇਸ ਦੇ ਬਾਵਜੂਦ ਅੰਧਵਿਸ਼ਵਾਸ ਨੂੰ ਵਧਾਉਣ ਵਾਲੀਆਂ ਘਟਨਾਵਾਂ ਉੱਤੇ ਰੋਕ ਨਹੀਂ ਲੱਗ ਰਹੀ ਹੈ।

***- ਪਵਨ ਕੁਮਾਰ ਰੱਤੋਂ***

# ਕੀ ਤੁਸੀਂ ਜਾਣਦੇ ਹੋ?



* ਚੀਨ ਦੇ ਸਿੰਘ ਨਾਇੰਗ ਚੂੰ ਸ਼ਹਿਰ ਵਿਚ ਪੰਜ ਸੂਰਜ ਦਿਖਾਈ ਦਿੰਦੇ ਹਨ।
* ਨਾਈਟਰਿਸ ਆਕਸਾਈਡ ਗੈਸ ਨੂੰ ਸੁੰਘਣ ਤੇ ਆਦਮੀ ਕੇਵਲ ਹੱਸਦਾ ਹੀ ਰਹਿੰਦਾ ਹੈ।
* ਮੱਕੜੀ ਬਿਨਾਂ ਕੁਝ ਖਾਧੇ-ਪੀਤੇ ਲਗਭੱਗ 10 ਸਾਲ ਤੱਕ ਜਿੰਦਾ ਰਹਿ ਸਕਦੀ ਹੈ।
* ਗਰਨਾਰਡ ਐਸੀ ਮਛਲੀ ਹੈ ਜੋ ਪਾਣੀ 'ਚ ਤੈਰਦੀ ਹੈ ਜ਼ਮੀਨ ਤੇ ਚੱਲਦੀ ਹੈ ਤੇ ਹਵਾ ਵਿਚ ਉੱਡਦੀ ਹੈ।
* ਉਕਾਬ ਪੰਛੀ ਦਾ ਸਿਰ ਕੱਟਣ ਤੇ ਇਕ ਹਫ਼ਤਾ ਜਿੰਦਾ ਰਹਿ ਸਕਦਾ ਹੈ।
* ਮੈਕਸਿਕੋ ਅਜਿਹਾ ਦੇਸ਼ ਹੈ ਜਿਸ ਵਿਚ 18 ਮਹੀਨੇ ਦਾ ਸਾਲ ਹੁੰਦਾ ਹੈ।
* ਵੈਟਿਕਨ ਸਿਟੀ ਅਜਿਹਾ ਦੇਸ਼ ਹੈ ਜਿੱਥੇ ਕੇਵਲ ਪੁਰਸ਼ ਰਹਿੰਦੇ ਹਨ।
* ਭਾਰਤ ਦਾ ਪਹਿਲਾਂ ਸਮਾਚਾਰ ਪੱਤਰ 'ਇੰਡੀਆ ਗਜ਼ਟ' ਸੀ।
* ਵਿਸ਼ਵ ਦੀ ਸਭ ਤੋਂ ਲੰਬੀ ਬੱਸ ਅਮਰੀਕਾ ਵਿਚ ਹੈ ਜੋ ਕਿ 76 ਫੁੱਟ ਲੰਬੀ ਹੈ।
* ਗੁਲੂਕੋਜ਼ ਦੇ ਮੁਕਾਬਲੇ ਖੰਡ ਦੁੱਗਣੀ ਮਿੱਠੀ ਹੁੰਦੀ ਹੈ।
* ਲਕੋਟੋਜ਼ ਦੇ ਮੁਕਾਬਲੇ ਗੰਨੇ ਦੀ ਖੰਡ ਪੰਜ ਗੁਣਾਂ ਵਧੇਰੇ ਮਿੱਠੀ ਹੁੰਦੀ ਹੈ।
* ਸੋਡੀਅਮ ਸਾਈਕਲਾਮੇਟ ਖੰਡ ਨਾਲੋਂ ਤੀਹ ਗੁਣਾਂ ਜ਼ਿਆਦਾ ਮਿੱਠਾ ਹੁੰਦਾ ਹੈ।
* ਐਸਪਾਰਟੈਮ ਖੰਡ ਨਾਲੋਂ 180 ਗੁਣਾਂ ਜ਼ਿਆਦਾ ਮਿੱਠੀ ਹੁੰਦੀ ਹੈ।
* ਸਕਰੀਨ, ਖੰਡ ਦੇ ਮੁਕਾਬਲੇ 400 ਗੁਣਾਂ ਜ਼ਿਆਦਾ ਮਿਠਾਸ ਵਾਲੀ ਹੁੰਦੀ ਹੈ।

***- ਮਾਸਟਰ ਸੁਭਾਸ਼ ਚੰਦਰ***

# ਜਨਮ ਦਿਨ ਕਿਵੇਂ ਮਨਾਇਆ ਜਾਵੇ?

ਅੱਜ ਦੇ ਬੱਚੇ ਨਿਰਸੰਦੇਹ ਹੀ ਦੇਸ਼ ਦਾ ਭਵਿੱਖ ਹਨ। ਇਹ ਇਕ ਅਟੱਲ ਸੱਚਾਈ ਹੈ ਕਿ ਲਗਾਤਾਰ ਕਰਵਾਈਆਂ ਕਿਰਿਆਵਾਂ ਹੌਲੀ ਹੌਲੀ ਬੱਚੇ ਦੇ ਸਾਫ਼ ਮਨ ਤੇ ਪਰਪੱਕ ਹੋਕੇ ਉਸਦੀਆਂ ਆਦਤਾਂ ਦਾ ਹਿਸਾ ਬਣ ਜਾਂਦੀਆਂ ਹਨ। ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਬਦਲ ਰਹੇ ਸਾਡੇ ਸਮਾਜਿਕ ਢਾਂਚੇ ਵਿੱਚ ਜਨਮ ਦਿਵਸ ਮਨਾਉਣ ਦਾ ਰਿਵਾਜ਼ ਦਿਨੋਂ ਦਿਨ ਬਹੁਗਿਣਤੀ ਵਿੱਚ ਪ੍ਰਚਲਤ ਹੋ ਰਿਹਾ ਹੈ। ਕੁਝ ਪਰਿਵਾਰ ਜਨਮ ਦਿਵਸ ਖੁਸ਼ੀ ਕਾਰਨ ਮਨਾਉਂਦੇ ਹਨ, ਕੁਝ ਸਮਾਜ ਵਿੱਚ ਆਪਣਾ ਦਿਖਾਵਾ ਕਰਨ ਲਈ ਮਨਾਉਂਦੇ ਹਨ, ਕੁੱਝ ਅਫ਼ਸਰਸ਼ਾਹੀ ਪਰਿਵਾਰ ਆਪਦੀ ਪਦਵੀ ਦੇ ਅਸਰ ਨਾਲ ਗਿਫ਼ਟ ਇਕੱਠੇ ਕਰਨ ਲਈ ਮਨਾਉਂਦੇ ਹਨ ਅਤੇ ਕੁਝ ਅਜਿਹੇ ਵੀ ਹਨ ਜੋ ਕਾਲੇ ਧਨ ਨੂੰ 'ਚਿੱਟਾ ਧਨ' ਬਣਾਉਣ ਲਈ ਮਨਾਉਂਦੇ ਹਨ। ਜਿਵੇਂ ਵੀ ਹੋਵੇ ਇਹ ਰਿਵਾਜ਼ ਸਾਡੇ ਸਮਾਜ ਦੀ ਉੱਚ ਅਤੇ ਮੱਧ ਸ਼੍ਰੇਣੀ ਤੱਕ, ਬੱਚੇ ਦੇ ਲਿੰਗੀ ਭੇਦ-ਭਾਵ ਤੋਂ ਬਗੈਰ ਇਕ ਪ੍ਰਥਾ ਹੀ ਬਣ ਗਿਆ ਹੈ।

ਜਨਮ ਦਿਵਸ ਤੇ ਸਭ ਤੋਂ ਪਹਿਲਾਂ ਮੋਮਬੱਤੀਆਂ ਜਲਾਈਆਂ ਜਾਂਦੀਆਂ ਹਨ। ਇਹ ਪ੍ਰਥਾ ਵਿਗਿਆਨਕ ਸਿਧਾਂਤ ਅਧੀਨ ਠੀਕ ਨਹੀਂ ਜਾਪਦੀ। ਮੋਮਬੱਤੀਆਂ ਦੇ ਜਲਣ ਨਾਲ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ ਜੋ ਕਿ ਵਾਤਾਵਰਣ ਦੀ ਪ੍ਰਦੂਸ਼ਤਾ ਵਿੱਚ ਵਾਧੇ ਦਾ ਕਾਰਨ ਬਣਦੀ ਹੈ। ਅੱਜ ਪ੍ਰਦੂਸ਼ਤਾ ਸਬੰਧੀ ਜਾਗਰੂਕਤਾ ਰੱਖਦੇ ਹੋਏ ਵਿਗਿਆਨਕ ਸੋਚ ਅਧੀਨ ਜਨਮ ਦਿਨ ਸਮੇਂ ਇਕ ਨਵਾਂ ਬੂਟਾ ਲਾਉਣ ਦੀ ਪਰੰਪਰਾ ਚਾਲੂ ਕੀਤੀ ਜਾਵੇ। ਮੋਮਬੱਤੀ ਜਲਣ ਸਮੇਂ ਘੱਟਦੀ ਹੈ ਪਰ ਦਰੱਖਤ ਸਮੇਂ ਨਾਲ ਵਧਦਾ ਹੈ। ਇਸ ਲਈ ਬੱਚੇ ਦੀ ਉਮਰ ਲਈ ਮੋਮਬੱਤੀ ਦੇ ਘੱਟਣ ਨਾਲੋਂ ਦਰੱਖ਼ਤ ਦਾ ਵੱਧਣਾ ਹੀ ਵੱਧ ਢੁਕਵਾਂ ਹੈ। ਦਰੱਖ਼ਤ ਦੀ ਤਰ੍ਹਾਂ ਬੱਚੇ ਤੋਂ ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਲਾਭ ਦੇਣ ਦੀ ਸੋਚ ਸਕਦੇ ਹਾਂ। ਬੱਚਾ ਆਪਣੇ ਦੁਆਰਾ ਲਾਏ ਬੂਟੇ ਨੂੰ ਸੰਭਾਲ ਅਧੀਨ ਰੱਖੇ ਉਸ ਨਾਲ ਨੇੜਤਾ ਵਧਾਉਂਦਾ ਰਹੇ ਅਤੇ ਭਵਿੱਖ ਵਿੱਚ ਬੂਟੇ ਦੀ ਤਰ੍ਹਾਂ ਸਮਾਜ ਦੀ ਭਲਾਈ ਕਰੇ।

ਮੋਮਬੱਤੀਆਂ ਜਲਾਉਣ ਤੋਂ ਬਾਅਦ ਕੇਕ ਕੱਟਿਆ ਜਾਂਦਾ ਹੈ। ਕੇਕ ਦੇ ਨਾਲ ਸਮੋਸੇ, ਮਠਿਆਈਆਂ, ਕੋਲਡ ਡਰਿੰਕ ਆਦਿ ਬੱਚੇ ਦੇ ਦੋਸਤਾਂ, ਰਿਸ਼ਤੇਦਾਰਾਂ ਅਤੇ ਹੋਰ ਹਾਜ਼ਰ ਸੱਜਣਾਂ ਮਿੱਤਰਾਂ ਨੂੰ ਚਾਹ ਅਤੇ ਕੌਫ਼ੀ ਨਾਲ ਦਿੱਤੀਆਂ ਜਾਂਦੀਆਂ ਹਨ। ਛੋਟੇ ਬੱਚਿਆਂ ਨੂੰ ਟੌਫ਼ੀਆਂ ਆਦਿ ਵੰਡੀਆਂ ਜਾਂਦੀਆਂ ਹਨ। ਇਹ ਸਭ ਦੇ ਲਈ ਪਲਾਸਟਿਕ ਦੀਆਂ ਪਲੇਟਾਂ, ਕੱਪ ਅਤੇ ਲਫ਼ਾਫ਼ਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਮਿੱਠੀਆਂ ਖੱਟੀਆਂ ਅਤੇ ਮਸਾਲੇਦਾਰ ਚਟਨੀਆਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਸਿਹਤ ਪੱਖੋਂ ਮਠਿਆਈਆਂ, ਸਮੋਸੇ, ਖੱਟ ਮਿੱਠੀਆਂ ਚਟਨੀਆਂ, ਟੌਫ਼ੀਆਂ, ਚਾਹ/ਕੌਫ਼ੀ ਅਤੇ ਕੋਲਡ ਡਰਿੰਕ ਕਿਸੇ ਵੀ ਤਰ੍ਹਾਂ ਗੁਣਕਾਰੀ ਨਹੀਂ ਬਲਕਿ ਇਹ ਕਿਵੇਂ ਨਾ ਕਿਵੇਂ ਨੁਕਸਾਨ ਹੀ ਪਹੁੰਚਾਉਂਦੇ ਹਨ। ਇਸ ਤੱਥ ਤੋਂ ਬਹੁਤ ਸਾਰੇ ਮਾਪੇ ਅਤੇ ਕਈ ਸਮਝਦਾਰ ਬੱਚੇ ਵੀ ਜਾਣੂ ਹਨ। ਕਿਤਨੀ ਹਾਸੋਹੀਣੀ ਗੱਲ ਹੈ ਕਿ ਅਸੀਂ ਆਪਣੇ ਘਰ ਆਪਣੇ ਦੋਸਤਾਂ ਮਿੱਤਰਾਂ, ਸਕੇ ਸਬੰਧੀਆਂ ਅਤੇ ਬੱਚਿਆਂ ਨੂੰ ਬੁਲਾਕੇ ਅਜਿਹਾ ਸਭ ਕੁੱਝ ਖਵਾਉਂਦੇ ਹਾਂ, ਜੋ ਉਨ੍ਹਾਂ ਲਈ ਨੁਕਸਾਨਦਾਇਕ ਹੈ ਪਰ ਬਦਲੇ ਵਿੱਚ ਆਸ ਰੱਖੀ ਜਾਂਦੀ ਹੈ ਕਿ ਉਹ ਜਨਮ ਦਿਨ ਵਾਲੇ ਬੱਚੇ ਦੀ ਲੰਬੀ ਅਤੇ ਖੁਸ਼ੀਆਂ ਭਰਪੂਰ ਜ਼ਿੰਦਗੀ ਲਈ ਪ੍ਰਾਰਥਨਾ ਕਰਨ। ਇਹ ਪ੍ਰਥਾ ਆਪਣੇ ਆਪ ਬੰਦ ਨਹੀਂ ਹੋ ਸਕਦੀ। ਇਸਨੂੰ ਬਦਲਣ ਲਈ ਸਾਡੇ ਸਮਾਜ ਦੇ ਸਮਝਦਾਰ ਪਹਿਲ ਕਰਨ ਜਾਂ ਫਿਰ ਪੜ੍ਹੇ ਲਿਖੇ ਸਮਝਦਾਰ ਲੋਕ ਤਰਕ ਰਾਹੀਂ ਇਸਨੂੰ ਬਦਲਣ ਦੀ ਪਹਿਲ ਕਦਮੀ ਕਰਨ। ਲੋੜ ਕੀ ਹੈ ਕਿ ਖਾਣ ਲਈ ਪੌਸ਼ਟਿਕ ਖਾਣਾ ਅਤੇ ਤਾਜ਼ੇ ਫ਼ਲ ਵੰਡਣ ਦੀ ਲੀਹ ਤੋਰੀ ਜਾਵੇ। ਪਾਰਟੀਆਂ ਤੇ ਆਈਸ ਕਰੀਮ, ਸਮੋਸੇ, ਚਟਨੀਆਂ ਅਤੇ ਟੌਫ਼ੀਆਂ ਦੀ ਥਾਂ ਫ਼ਲਾਂ ਆਦਿ ਦੀ ਵਰਤੋਂ ਰੋਜ਼ਾਨਾ ਜ਼ਿੰਦਗੀ ਵਿੱਚ ਤਬਦੀਲੀ ਲਈ ਵੀ ਪ੍ਰੇਰੇਗੀ। ਪਲਾਸਟਿਕ ਦੇ ਗਲਾਸ, ਪਲੇਟਾਂ, ਟੋਪੀਆਂ ਅਤੇ ਲਫ਼ਾਫ਼ਿਆਂ ਦੀ ਵਰਤੋਂ ਵੀ ਘਟੇਗੀ।

ਅੱਜ ਕੱਲ੍ਹ ਜਨਮ ਦਿਵਸ ਮਨਾਉਣ ਦੇ ਢੰਗ ਦਾ ਦੁਖਦਾਇਕ ਪਹਿਲੂ ਗਿਫ਼ਟ ਵੀ ਹਨ। ਦੋਸਤ, ਰਿਸ਼ਤੇਦਾਰ ਅਤੇ ਦਫ਼ਤਰਾਂ ਵਿੱਚੋਂ ਸੱਦੇ ਗਏ ਵਿਅਕਤੀ ਬੱਚੇ ਨੂੰ ਜਨਮ ਦਿਵਸ ਤੇ ਚੰਗੇ ਚੰਗੇ ਤੋਹਫ਼ੇ ਦਿੰਦੇ ਹਨ। ਤੋਹਫ਼ੇ ਦੇਣ ਸਮੇਂ ਇਨ੍ਹਾਂ ਦੀ ਬੱਚੇ ਲਈ ਮਹੱਤਤਾ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ ਪਰ ਬੱਚੇ ਦੇ ਮਾਂ ਬਾਪ ਦੀ ਆਰਥਿਕ ਹਾਲਤ, ਸਮਾਜ ਵਿੱਚ ਅਤੇ ਦਫ਼ਤਰ ਵਿੱਚ ਉਨ੍ਹਾਂ ਦੇ ਰੁਤਬੇ ਵੱਲ ਵੱਧ ਧਿਆਨ ਦਿੱਤਾ ਜਾਂਦਾ ਹੈ। ਭਾਵ ਕਿ ਇਹ ਤੋਹਫ਼ੇ ਬੱਚੇ ਲਈ ਕਈ ਵਾਰੀ ਉਤਨੇ ਮਹੱਤਵਪੂਰਨ ਨਹੀਂ ਹੁੰਦੇ ਜਿਤਨੇ ਕਿ ਲੋੜੀਂਦੇ ਸਬੰਧ ਬਣਾਉਣ ਅਤੇ ਬਿਗੜੇ ਕੰਮ ਕਰਵਾਉਣ ਵਿੱਚ ਵੀ ਸਹਾਈ ਹੁੰਦੇ ਹਨ। ਪਰ ਚੰਗਾ ਇਹ ਹੈ ਕਿ ਤੋਹਫ਼ਿਆਂ ਦੀ ਚੋਣ ਸਮੇਂ ਬੱਚੇ ਦੀ ਉਮਰ ਅਤੇ ਉਸਦੀ ਸੰਭਵ ਲੋੜ ਦਾ ਪੂਰਾ ਧਿਆਨ ਰੱਖਿਆ ਜਾਵੇ।



ਵਿੱਦਿਅਕ ਖੇਡਾਂ, ਚੰਗੀਆਂ ਕਿਤਾਬਾਂ ਅਤੇ ਖਿਡੌਣੇ, ਮਹਿੰਗੇ ਕੱਪੜੇ, ਮਠਿਆਈਆਂ ਅਤੇ ਡਰਾਇੰਗ ਰੂਮ ਵਿੱਚ ਦਿਖਾਵੇ ਲਈ ਰੱਖਣ ਵਾਲੇ ਮਹਿੰਗੇ ਤੋਹਫ਼ਿਆਂ ਦਾ ਸਥਾਨ ਲੈ ਸਕਦੇ ਹਨ। ਭਵਿੱਖ ਨਿਰਸੰਦੇਹ ਹੀ ਅਨਪੜ੍ਹਾਂ ਦੇ ਅਨੁਕੂਲ ਨਹੀਂ ਹੋਵੇਗਾ। ਡਰਪੋਕ, ਪਿਛਾਂਹਖਿੱਚੂ ਅਤੇ ਲਾਈਲੱਗ ਬੱਚੇ ਦੀ ਥਾਂ ਉਹ ਕਾਮਯਾਬ ਹੋਵੇਗਾ ਜੋ ਸਵੈ-ਨਿਰਭਰ, ਦ੍ਰਿੜ੍ਹ ਨਿਸ਼ਚੇ ਵਾਲਾ, ਮਿਹਨਤੀ ਤੇਜ਼ ਬੁੱਧੀ ਵਾਲਾ ਅਤੇ ਦੂਰਦਰਸ਼ੀ ਹੋਵੇ। ਇਸ ਲਈ ਜਨਮ ਦਿਨ ਤੇ ਬੱਚੇ ਦੇ ਹਾਣੀਆਂ ਵਿੱਚ ਮਨ ਪ੍ਰਚਾਵੇ ਦੇ ਅਜਿਹੇ ਮੁਕਾਬਲੇ ਕਰਵਾਉਣ ਦੀ ਰਵਾਇਤ ਸ਼ੁਰੂ ਕੀਤੀ ਜਾ ਸਕਦੀ ਹੈ। ਜਿਨ੍ਹਾਂ ਨਾਲ ਬੱਚਿਆਂ ਵਿੱਚ ਲੋੜੀਂਦੇ ਗੁਣ ਪ੍ਰਫੁਲੱਤ ਹੋਣ। ਇਸਦੇ ਲਈ ਗਾਉਣ, ਚੁਟਕਲੇ ਸੁਣਾਉਣ, ਆਪਣੀਆਂ ਹੱਡਬੀਤੀਆਂ ਲਿਖਣ, ਦੌੜਾਂ ਅਤੇ ਸਿਹਤ ਸਬੰਧੀ ਮੁਕਾਬਲੇ ਕਰਵਾਏ ਜਾ ਸਕਦੇ ਹਨ।

ਜਨਮ ਦਿਨ ਮਨਾਉਣ ਦਾ ਮੰਤਵ ਬੱਚੇ ਦੇ ਸਮਾਜਿਕ ਬੰਧਣ ਜੋੜਣਾ, ਬੱਚੇ ਦੀ ਝਿਜਕ ਅਤੇ ਸ਼ਰਮੀਲਾਪਣ ਦੂਰ ਕਰਨਾ ਅਤੇ ਭਵਿੱਖ ਵਿੱਚ ਉਸਤੋਂ ਉਮੀਦ ਰੱਖੇ ਜਾਣ ਵਾਲੇ ਟੀਚਿਆਂ ਸਬੰਧੀ ਉਸ ਵਿੱਚ ਆਧਾਰ ਬਣਾਉਣਾ ਹੋਣਾ ਚਾਹੀਦਾ ਹੈ। ਮੁੱਖ ਤੌਰ 'ਤੇ ਇਹ ਉਸ ਲਈ ਖੁਸ਼ੀ ਦਾ ਦਿਨ ਹੋਵੇ। ਮਹਿੰਗੇ ਤੋਹਫ਼ੇ ਇਕੱਠੇ ਕਰਨ ਦਾ ਮੰਤਵ ਛੱਡਕੇ, ਉਸਦੇ ਹਾਣੀ ਹੀ ਵੱਧ ਬੁਲਾਏ ਜਾਣ। ਇਹ ਵੀ ਚੰਗੀ ਪ੍ਰਥਾ ਹੋਵੇਗੀ ਕਿ ਜਨਮ ਦਿਨ ਮਨਾਉਣ ਵਾਲਾ ਸਭ ਦੇ ਸਾਹਮਣੇ ਕੋਈ ਚੰਗਾ ਕੰਮ ਕਰਨ ਦਾ ਪ੍ਰਣ ਲਏ ਅਤੇ ਕੋਈ ਬੁਰਾਈ ਛੱਡਣ ਦੀ ਕਸਮ ਲਵੇ, ਜਿਵੇਂ ਸਿਗਰਟ ਨਾ ਪੀਣਾ, ਝੂਠ ਨਾ ਬੋਲਣਾ, ਆਪਣਾ ਆਲਾ ਦੁਆਲਾ ਸਾਫ਼ ਰੱਖਣਾ, ਦਹੇਜ ਤੋਂ ਪ੍ਰਹੇਜ ਕਰਨਾ ਅਤੇ ਵੱਡਿਆਂ ਦਾ ਕਹਿਣਾ ਮੰਨਣਾ। ਪਿਛਲੇ ਸਾਲ ਦੀਆਂ ਪ੍ਰਾਪਤੀਆਂ ਅਨੁਸਾਰ, ਉਮਰ ਗਰੁੱਪ ਅਨੁਸਾਰ, ਬੱਚੇ ਨੂੰ ਇਨਾਮ ਦੇਕੇ ਚੰਗੇ ਕੰਮ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਸਮਾਜ ਦੇ ਬਦਲ ਰਹੇ ਢਾਂਚੇ ਵਿੱਚ ਇਕਹਿਰੇ ਪਰਿਵਾਰਾਂ ਦੀ ਗਿਣਤੀ ਵੱਧ ਰਹੀ ਹੈ, ਇਸ ਲਈ ਮਾਪਿਆਂ ਪਾਸ ਸਮੇਂ ਦੀ ਘਾਟ ਆਉਣੀ ਜ਼ਰੂਰੀ ਹੈ। ਇਸਦੇ ਲਈ ਇਕ ਹਫ਼ਤੇ ਵਿੱਚ ਪੈਦਾ ਹੋਏ ਜਾਂ ਇਕ ਮਹੀਨੇ ਵਿੱਚ ਪੈਦਾ ਹੋਏ ਬੱਚਿਆਂ ਦਾ ਜਨਮ ਦਿਨ ਕਿਸੇ ਇਕ ਦਿਨ ਇਕੱਠਾ ਮਨਾਉਣ ਦਾ ਰਿਵਾਜ ਸ਼ੁਰੂ ਕੀਤਾ ਜਾ ਸਕਦਾ ਹੈ। ਅਜਿਹੇ ਪ੍ਰੋਗਰਾਮ ਕੋਈ ਸਵੈ-ਸੇਵੀ ਸੰਸਥਾ ਜਾਂ ਕਲੱਬ ਕਰ ਸਕਦਾ ਹੈ। ਬੱਚਿਆਂ ਦੀ ਭਲਾਈ ਜਨਮ ਦਿਵਸ ਤੇ ਕੋਈ ਦਾਨ ਆਦਿ ਦੇਣ ਦੀ ਪ੍ਰਥਾ ਸ਼ੁਰੂ ਕੀਤੀ ਜਾ ਸਕਦੀ ਹੈ। ਜਿਸ ਨਾਲ ਗਰੀਬ ਬੱਚਿਆਂ ਦੀ ਸਹਾਇਤਾ, ਬਾਲ ਲਾਇਬ੍ਰੇਰੀਆਂ, ਬਾਲ ਪਾਰਕਾਂ ਅਤੇ ਬਾਲ ਮੁਕਾਬਲੇ ਸ਼ੁਰੂ ਕੀਤੇ ਜਾ ਸਕਦੇ ਹਨ। ਗ੍ਰਹਿ ਚੱਕਰ ਦੇ ਅਨੁਸਾਰ ਦਾਨ ਕਰਨਾ ਛੱਡਿਆ ਜਾ ਸਕਦਾ ਹੈ।

ਨਿਸ਼ਚੇ ਹੀ ਬੱਚੇ ਦਾ ਜਨਮ ਦਿਵਸ ਖੁਸ਼ੀ ਦਾ ਕਾਰਨ ਬਣੇ। ਅਜਿਹੇ ਦਿਨ ਕੁਝ ਸਿਆਣੇ ਬੱਚੇ ਆਪਣੀ ਸਵੈ-ਪੜਚੋਲ ਕਰਕੇ ਆਪਦੇ ਉਜਲੇ ਭਵਿੱਖ ਲਈ ਉਚਿਤ ਉਪਰਾਲੇ ਕਰਨ ਦਾ ਆਪਣੇ ਦਿਲੋਂ ਪ੍ਰਣ ਕਰਨ, ਕਿਸੇ ਨੂੰ ਬੋਲਕੇ ਸੁਣਾਉਣ ਦੀ ਜ਼ਰੂਰਤ ਨਹੀਂ। ਜੇ ਹਰੇਕ ਬੱਚਾ ਆਪਣੇ ਜਨਮ ਦਿਵਸ ਦਾ ਰਿਕਾਰਡ ਡਾਇਰੀ ਤੇ ਰੱਖੇ ਤਾਂ ਉਸਨੂੰ ਆਪਣੀ ਮੰਜ਼ਲ ਸਬੰਧੀ ਆਪਣੇ ਯਤਨਾਂ ਦੀ ਸਵੈ-ਪੜਚੋਲ ਕਰਨ ਵਿੱਚ ਅਸਾਨੀ ਰਹੇਗੀ। ਅਜਿਹੇ ਪੰਨਿਆਂ ਵਿਚ ਉਹ ਪਿਛਲੇ ਸਾਲ ਦੀਆਂ ਪ੍ਰਾਪਤੀਆਂ, ਕਰੇ ਗਏ ਭਲਾਈ ਦੇ ਕੰਮ ਅਤੇ ਮੁੱਖ ਗਲਤੀਆਂ ਜ਼ਰੂਰ ਅੰਕਿਤ ਕਰੇ। ਇਸ ਤਰ੍ਹਾਂ ਜਨਮ ਦਿਨ, ਜੋ ਹਰੇਕ ਦਾ ਇਕ ਵਡਮੁੱਲਾ ਸਮਾਂ ਹੈ, ਨੂੰ ਨਿਰੋਲ ਠੱਠਾ ਮਖੌਲ ਵਿੱਚ ਲੰਘਾਉਣ ਦੀ ਥਾਂ, ਉਸ ਦੇ ਪਲ ਗੰਭੀਰਤਾ ਨਾਲ ਵਿਚਾਰਕੇ ਆਪਦਾ ਭਵਿੱਖ ਉਜਲਾ ਕਰਨ ਲਈ ਵਰਤੇ ਜਾ ਸਕਦੇ ਹਨ।

***- ਹੇਮ ਰਾਜ ਗਰਗ (ਨੈਸ਼ਨਲ ਅਵਾਰਡੀ)***
*28/12ਏ-ਧੂਰੀ (ਪੰਜਾਬ)*

## "ਤਰਕਸ਼ੀਲਤਾ ਬਨਾਮ ਸਮਾਜ ਵਿੱਚ ਫੈਲੇ ਅੰਧਵਿਸ਼ਵਾਸ"

ਤਰਕਸ਼ੀਲਤਾ ਸਾਨੂੰ ਅੰਧਵਿਸ਼ਵਾਸ ਤੋਂ ਮੁਕਤ ਕਰਦੀ ਹੈ, ਅੰਧਵਿਸ਼ਵਾਸ ਇੱਕ ਘਾਤਕ ਝੂਠ ਹੈ। ਤਰਕਸ਼ੀਲ ਅਲੌਕਿਕ ਸ਼ਕਤੀਆਂ ਦੇ ਡਰ ਤੋਂ ਮੁਕਤ ਹਨ, ਉਹ ਦੇਵੀ ਦੇਵਤਿਆਂ, ਦੈਂਤਾ, ਭੂਤਾਂ ਅਤੇ ਚੁੜੇਲਾਂ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਰੱਖਦੇ। ਤਰਕਸ਼ੀਲਾਂ ਅਨੁਸਾਰ ਧਰਤੀ ਅਤੇ ਸਵਰਗ ਵਿਚ ਕੋਈ ਫਰਕ ਨਹੀਂ ਹੈ। ਅਲੌਕਿਕ ਵਰਤਾਰੇ ਨਹੀਂ ਹੁੰਦੇ। ਚਤਮਕਾਰ ਵਾਪਰ ਨਹੀਂ ਸਕਦੇ। ਜਿਵੇਂ ਕਿ ਕੋਈ ਸਾਧ ਚਾਹੇ ਜਿੰਨੀ ਵੀ ਅਲੌਕਿਕ ਸ਼ਕਤੀ ਦਾ ਮਾਲਕ ਕਹਾਉਂਦਾ ਹੋਵੇ, ਉਹ ਇਸ ਸ਼ਕਤੀ ਨੂੰ ਸਿੱਧ ਕਰਨ ਲਈ ਤਰਕਸ਼ੀਲਾਂ ਅਨੁਸਾਰ ਬੰਦ ਡੱਬੇ ਵਿੱਚ ਪਏ ਨੋਟ ਦਾ ਨੰਬਰ ਦੱਸ ਨਹੀਂ ਸਕਦਾ, ਆਦਮੀ ਨੂੰ ਸ਼ਕਤੀ ਦੁਆਰਾ ਮਿੱਟੀ ਵਿੱਚ ਮਿਲਾ ਨਹੀਂ ਸਕਦਾ, ਬੰਦ ਕਮਰੇ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ। ਤਰਕਸ਼ੀਲਾਂ ਅਨੁਸਾਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੁੱਧ ਨਹੀਂ ਪੀ ਸਕਦੀਆਂ ਤੇ ਨਾ ਹੀ ਕੋਈ ਰਿਸ਼ੀ ਜਾਂ ਪੁਰਸ਼ ਮੀਂਹ ਪਵਾ ਸਕਦਾ ਹੈ ਇਹ ਜੋ ਕੁਝ ਵਾਪਰਦਾ ਆਇਆ ਹੈ ਅਤੇ ਅੱਗੇ ਵਾਪਰੇਗਾ ਵਿਗਿਆਨਕ ਨਿਯਮਾਂ ਅਨੁਸਾਰ ਹੀ ਵਾਪਰਦਾ ਹੈ। ਪੰਜਾਬ ਦੇ ਤਰਕਸ਼ੀਲਾਂ ਨੇ ਅਜਿਹੇ ਕਈ ਠੱਗ ਬਾਬਿਆਂ ਦੇ ਬਿਸਤਰੇ ਗੋਲ ਕੀਤੇ ਹਨ, ਜੋ ਸਮਾਜ ਵਿੱਚ ਅੰਧਵਿਸ਼ਵਾਸ ਫੈਲਾਅ ਕੇ ਆਪਣਾ ਮਤਲਬ ਕੱਢਣ ਵਾਲੇ ਵੱਡੇ-ਵੱਡੇ ਡੇਰੇਦਾਰ ਅਤੇ ਜਥੇਦਾਰ ਬਣ ਗਏ ਹਨ, ਕਈ ਧਰਮ ਅਤੇ ਜਾਤਾਂ ਪੈਦਾ ਹੋ ਗਈਆਂ, ਜਿਨ੍ਹਾਂ ਦਾ ਪੇਸ਼ਾ ਹੀ ਅਲੌਕਿਕ ਸ਼ਕਤੀਆਂ ਦਾ ਡਰਾਵਾ ਦੇ ਕੇ ਭੋਲੇ-ਭਾਲੇ ਲੋਕਾਂ ਨੂੰ ਲੁੱਟਣ ਦਾ ਹੈ। ਬਾਬਿਆਂ ਨੂੰ ਆਕਰਸ਼ਿਤ ਕਰਨ ਵਾਲੀਆਂ ਗੱਲਾਂ ਕਰਨ ਦਾ ਪੂਰਾ ਅਭਿਆਸ ਹੁੰਦਾ ਹੈ। ਅੱਜ ਕੱਲ ਵੱਡੀਆਂ-ਵੱਡੀਆਂ ਜਗੀਰਾਂ ਦੇ ਮਾਲਕ ਮਹੰਤ ਹਨ, ਅਖੌਤੀ ਤਾਂਤ੍ਰਿਕ ਠੱਗ ਬਾਬੇ ਹਨ। ਇਹ ਜਗੀਰਾਂ ਉਨ੍ਹਾਂ ਦੇ ਪੁਰਖਾਂ ਵਲੋਂ ਮਾਰੀਆਂ ਗਈਆਂ ਠੱਗੀਆਂ ਹਨ, ਜੋ ਲੋਕਾਂ ਦੀ ਮਿਹਨਤ ਦੀ ਕਮਾਈ ਲੁੱਟ ਕੇ ਐਸ਼ ਉਡਾ ਰਹੇ ਹਨ। ਪਰ ਸਾਡੇ ਲੋਕਾਂ ਨੂੰ ਇਨ੍ਹਾਂ ਠੱਗਾਂ ਪ੍ਰਤੀ ਬਹੁਤ ਸਤਿਕਾਰ ਅਤੇ ਹੱਦੋਂ ਵੱਧ ਸ਼ਰਧਾ ਤੋਂ ਅਸੀਂ ਦਿਮਾਗੀ ਦੂਰਦਰਸ਼ਨੀ ਸੋਚ ਤੋਂ ਇੰਨੇ ਦੂਰ ਹੋ ਗਏ ਹਾਂ ਕਿ ਸਾਨੂੰ ਆਪਣੀ ਸਰੀਰਕ ਸ਼ਕਤੀ ਨਾਲੋ ਵੱਧ ਭਰੋਸਾ ਸਾਧਾਂ ਵਲੋਂ ਦਿੱਤੇ ਜਾਂਦੇ ਆਸ਼ੀਰਵਾਦ 'ਤੇ ਹੈ। ਸਾਨੂੰ ਅੰਧਵਿਸ਼ਵਾਸ ਦੀਆਂ ਪਾਲਣਹਾਰ ਸ਼ਕਤੀਆਂ ਦਾ ਸਾਹਮਣਾ ਕਰਨਾ ਪਵੇਗਾ। ਜੋ ਜਨਤਾ ਦੀ ਸੋਚ ਤੇ ਕਬਜ਼ਾ ਜਮਾਈ ਬੈਠੀਆਂ ਹਨ। ਕਿੰਨਾ ਨਿੰਦਣਯੋਗ ਹੈ ਇਹ ਦ੍ਰਿਸ਼ ਕਿ ਇਕ ਮੋਟਾ ਜਿਹਾ ਨਿਕੰਮਾ ਆਦਮੀ ਧੂਣਾ ਜਲਾਈ ਬੈਠਾ ਹੈ ਤੇ ਦੋ ਦਰਜਨ ਆਦਮੀ ਉਸ ਦੇ ਕੋਲ ਬੈਠੇ ਸੁੱਖੇ ਦੇ ਸੂਟੇ ਮਾਰ ਕੇ ਆਪਣੀ ਜ਼ਿੰਦਗੀ ਨੂੰ ਸਫਲ ਬਣਾ ਰਹੇ ਹਨ, ਇਸ ਵਿਗਿਆਨਕ ਯੁੱਗ ਵਿੱਚ ਜਦੋਂ ਕਿ ਤਰਕਸ਼ੀਲਾਂ ਵੱਲੋਂ ਕਈ ਸਾਰੇ ਅਵਤਾਰਾਂ ਦਾ ਪਰਦਾਫਾਸ਼ ਕੀਤਾ ਹੈ ਪਰ ਇਨ੍ਹਾਂ ਅਖੌਤੀ ਬਾਬਿਆਂ ਦੀ ਅਸਲੀਅਤ ਸਾਹਮਣੇ ਆਉਣ ਦੇ ਬਾਵਜੂਦ ਲੋਕਾਂ ਦੀ ਭੀੜ ਡੇਰਿਆਂ ਤੋਂ ਹੱਟਦੀ ਕਿਉਂ ਨਹੀਂ? ਇਹ ਚਿੰਤਾ ਦਾ ਵਿਸ਼ਾ ਹੈ ਪਰ ਵਿਸ਼ਵਾਸ ਹੈ ਕਿ ਕਦੀ ਤਰਕਸ਼ੀਲ ਯਤਨਾਂ ਨਾਲ ਅਜਿਹਾ ਜ਼ਰੂਰ ਵਾਪਰੇਗਾ ਕਿ ਲੋਕਾਂ ਇਨ੍ਹਾਂ ਠੱਗਾਂ ਦੀ ਸ਼ਨਾਖਤ ਕਰਕੇ, ਇਨ੍ਹਾਂ ਤੋਂ ਕਿਨਾਰਾ ਕਰਕੇ ਵਿਗਿਆਨਕ ਸੋਚ ਦੇ ਧਾਰਨੀ ਬਣਨਗੇ। ਸਾਰੇ ਵਰਤਾਰਿਆਂ ਦਾ ਵਿਗਿਆਨਕ ਢੰਗ ਨਾਲ ਅਧਿਐਨ ਕਰਨ ਨੂੰ ਹੀ ਤਰਕਸ਼ੀਲ ਕਿਹਾ ਜਾਂਦਾ ਹੈ।

***- ਸਤੀਸ਼ ਕੁਮਾਰ ਆਲੋਵਾਲ (ਪਟਿਆਲਾ) ਮੋ : 99154-08176***

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244














**✻ ਤਰਕਸ਼ੀਲ ਸਾਹਿਤ**

| | |
|---|---|
| ...ਤੇ ਦੇਵ ਪੁਰਸ਼ ਹਾਰ ਗਏ/*ਅਬਰਾਹਮ ਕਾਵੂਰ* | 25/- |
| ਦੇਵ, ਦੈਂਤ ਤੇ ਰੂਹਾਂ/*ਅਬਰਾਹਮ ਟੀ. ਕਾਵੂਰ* | 30/- |
| ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/*ਕੋਵੂਰ* | 40/- |
| ਕਰਾਮਾਤਾਂ ਦਾ ਪ੍ਰਦਾਫਾਸ਼/*ਡਾ.ਅਬਰਾਹਮ ਟੀ ਕੋਵੂਰ* | 50/- |
| ਰੌਸ਼ਨੀ/*ਮੇਘ ਰਾਜ ਮਿੱਤਰ* | 20/- |
| ਤਰਕਬਾਣੀ/*ਮੇਘ ਰਾਜ ਮਿੱਤਰ* | 20/- |
| ਤਰਕਜੋਤੀ/*ਮੇਘ ਰਾਜ ਮਿੱਤਰ* | 20/- |
| ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/*ਮੇਘ ਰਾਜ ਮਿੱਤਰ* | 30/- |
| ਵਿਗਿਆਨ ਤੇ ਪਰਾਵਿਗਿਆਨ/*ਮੇਘ ਰਾਜ ਮਿੱਤਰ* | 40/- |
| ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/*ਮਿੱਤਰ* | 50/- |
| ਮਾਓ ਦੇ ਦੇਸ਼ 'ਚ/*ਮੇਘ ਰਾਜ ਮਿੱਤਰ* | 20/- |
| ਗਿਆਨ ਸਾਗਰ ਦੀ ਯਾਤਰਾ/*ਸੰਪਾ. ਮਿੱਤਰ* | 20/- |
| ਚਿੱਠੀਆਂ ਲਿਖ ਤਰਕਸ਼ੀਲਾਂ ਨੂੰ ਪਾਈਆਂ | 30/- |
| ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/*ਮਿੱਤਰ* | 30/- |
| ਸ਼ੰਕਾ ਨਵਿਰਤੀ/*ਮੇਘ ਰਾਜ ਮਿੱਤਰ* | 50/- |
| ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* | 40/- |
| ਜੋਤਿਸ਼ ਝੂਠ ਬੋਲਦਾ ਹੈ/*ਮਨਜੀਤ ਬੋਪਾਰਾਏ* | 20/- |
| ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* | 15/- |
| ਚੀਨੀਆਂ ਭੂਤ ਇੰਜ ਭਜਾਏ/*ਸਰਜੀਤ ਤਲਵਾਰ* | 15/- |
| ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* | 20/- |
| ਰੱਬਾਂ ਬਿਨਾਂ ਮੁਕਤੀ/*ਸਰਜੀਤ ਤਲਵਾਰ* | 20/- |
| ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/*ਸਰਜੀਤ ਤਲਵਾਰ* | 40/- |
| ਰੱਬ ਕਦੋਂ, ਕਿੱਥੇ ਤੇ ਕਿਵੇਂ?/*ਰਾਜਾ ਰਾਮ* | 20/- |
| ਕਿਹੜਾ ਗੁਰੂ, ਕਿਹੜੀ ਮੁਕਤੀ?/*ਰਾਜਾ ਰਾਮ* | 40/- |
| ਤਰਕਸ਼ੀਲ ਹੇਕਾਂ/*ਮੱਖਣ ਸਿੰਘ ਜੌਹਲ* | 60/- |
| ਤਰਕਸ਼ੀਲ ਸੁਨੇਹੇ/*ਮੱਖਣ ਸਿੰਘ ਜੌਹਲ* | 60/- |
| ਫਿਰ ਸੁਲਗੇ ਨਾ ਚੰਗਿਆੜੀ/*ਮੱਖਣ ਸਿੰਘ ਜੌਹਲ* | 40/- |
| ਤਰਕਸ਼ੀਲ ਦਰਸ਼ਨ/*ਮੱਖਣ ਸਿੰਘ ਜੌਹਲ* | 30/- |
| ਤਰਕਸ਼ੀਲ ਕਾਵਿ ਵਿਅੰਗ/*ਮੱਖਣ ਸਿੰਘ ਜੌਹਲ* | 30/- |
| ਚਮਤਕਾਰਾਂ ਦੇ ਰਹੱਸ/*ਜ਼ੇਮਜ਼ ਰਾਂਡੀ* | 150/- |
| ਸਤਯੁੱਗ ਤੋਂ ਕਲਯੁੱਗ ਤੱਕ/*ਖੁਸ਼ਵੰਤ ਬਰਗਾੜੀ* | 20/- |
| ਨੀਲੀ ਛਤਰੀ/*ਅਮਰਜੀਤ ਢਿੱਲੋਂ* | 30/- |
| ਤਰਕਸ਼ੀਲ ਵਾਰਤਾ/*ਮੱਖਣ ਸਿੰਘ ਜੌਹਲ* | 80/- |
| ਤਰਕਸ਼ੀਲ ਬੋਲੀਆ/*ਰਾਮ ਸਰੂਪ ਸ਼ਰਮਾ* | 25/- |
| ਜੋਤਿਸ਼ ਅਤੇ ਤਾਂਤ੍ਰਿਕ/*ਡਾ. ਆਰ. ਜੇ ਸਿੰਘ* | 30/- |
| ਤਰਕਸ਼ੀਲ ਕਾਵਿ ਵਿਅੰਗ/*ਅਮਰਜੀਤ ਢਿੱਲੋਂ* | 30/- |
| ਗੇੜ ਚੁਰਾਸੀ ਦਾ/*ਗੁਰਚਰਨ ਨੂਰਪੁਰ* | 30/- |
| ਕੀ ਝੂਠ ਕੀ ਸੱਚ/*ਗੁਰਚਰਨ ਨੂਰਪੁਰ* | 40/- |
| ਪ੍ਰਾਚੀਨ ਭਾਰਤੀ ਸੱਭਿਆਚਾਰ/*ਖੁਸ਼ਵੰਤ ਬਰਗਾੜੀ* | 30/- |
| ਕ੍ਰਿਸ਼ਨ ਬਰਗਾੜੀ/*ਖੁਸ਼ਵੰਤ ਬਰਗਾੜੀ* | 50/- |
| ਦਰਸ਼ਨ ਪਰੰਪਰਾ/*ਗਿਆਨ ਸਿੰਘ ਬੱਲ* | 50/- |
| ਇੰਗਰਸੋਲ ਦੇ ਅਨਮੋਲ ਬਚਨ/*ਸੰਪਾ. ਅਮਿੱਤ* | 40/- |
| ਵਾਸਤੂ ਸ਼ਾਸਤਰ ਕੋਰਾ ਝੂਠ/*ਬਹਾਦਰ ਸਿੰਘ ਧੌਲਾ* | 40/- |
| ਆਤਮਾ ਮੁੜਜਨਮ ਤੇ ਅਦਾਲਤ/*ਸੀਮਾ ਸਬਲੋਕ* | 40/- |
| ਪਿੰਡ ਦੀ ਸੱਥ/*ਰਣਜੀਤ ਝਨੇਰ* | 30/- |
| ਤਰਕਵਾਰਤਾ/*ਰਣਜੀਤ ਝਨੇਰ* | 50/- |
| ਧੁਖਦੀ ਵਰਣਮਾਲਾ ਦਾ ਸੰਵਾਦ /*ਮੀਤ ਖੱਟੜਾ* | 20/- |
| ਓਪਰੀ ਕਸਰ/*ਸਰਬਜੀਤ ਉੱਖਲਾ* | 40/- |
| ਬਾਬਿਆਂ ਦਾ ਬਾਬਾ/*ਰਣਜੀਤ ਸਿੰਘ ਪ੍ਰੀਤ* | 30/- |
| ਨਾਸਟ੍ਰੇਡਮਸ ਬੇਨਕਾਬ/*ਜੇਮਜ਼ ਰੇਡੀ* | 150/- |
| ਕੋਵੂਰ ਤਰਕਸ਼ੀਲ ਕਿਵੇਂ ਬਣਿਆ?/*ਐਂਡਾਮੋਰੂਕੂ* | 35/- |
| ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* | 20/- |
| ਚਮਤਕਾਰਾਂ ਦੀ ਦੁਨੀਆਂ/*ਅਜਮੇਰ ਸਿੱਧੂ* | 30/- |
| ਰਜ਼ਨੀਸ਼ ਬੇਨਕਾਬ/*ਡਾ. ਕਰਮਜੀਤ ਸਿੰਘ* | 30/- |
| ਧਰਮ ਕੀ ਹੈ?/*ਗਰੀਨ ਇੰਗਰਸੋਲ* | 10/- |
| ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* | 30/- |
| ਧਰਮ ਦੇ ਅੰਗ ਸੰਗ/*ਰਣਜੀਤ ਝਨੇਰ* | 50/- |
| ਬੋਦੀ ਵਾਲੇ ਤਾਰੇ/*ਸਰਜੀਤ ਤਲਵਾਰ* | 30/- |
| ਜੋਤਿਸ਼ ਤੇ ਵਿਗਿਆਨ/ਮੇਘ ਰਾਜ ਮਿੱਤਰ | 50/- |
| ਝਮੇਲਾ ਰੱਬ ਦਾ/ਡਾ. ਹਰੀਸ਼ ਮਲਹੋਤਰਾ | 50/- |

**✻ ਹਿਪਨੋਟੀਜ਼**

| | |
|---|---|
| ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/*ਤਲਵਾਰ* | 10/- |
| ਹਿਪਨੋਟਿਜ਼ਮ ਤੁਹਾਡੇ ਲਈ/*ਟੀ. ਐਸ. ਰਾਓ* | 25/- |
| ਹਿਪਨੋਟਿਜ਼ਮ ਕਿਵੇਂ ਸਿੱਖੀਏ ?/*ਸਰਜੀਤ ਤਲਵਾਰ* | 20/- |

**✻ ਜਾਦੂ ਦੀਆਂ ਕਿਤਾਬਾਂ**

| | |
|---|---|
| ਵਿਗਿਆਨਕ ਜਾਦੂਗਰ/*ਸਰਜੀਤ ਤਲਵਾਰ* | 20/- |
| ਤਰਕਸ਼ੀਲ ਜਾਦੂਗਰ/*ਸਰਜੀਤ ਤਲਵਾਰ* | 30/- |
| ਸਟੇਜ ਦੇ ਜਾਦੂ/*ਨਰਿੰਦਰ* | 30/- |
| ਨੰਨ੍ਹਾ ਜਾਦੂਗਰ/*ਨਰਿੰਦਰ* | 20/- |
| ਤਰਕਸ਼ੀਲ ਦਿਮਾਗੀ ਕਸਰਤਾਂ /*ਮੇਘ ਰਾਜ ਮਿੱਤਰ* | 20/- |
| ਦਿਮਾਗੀ ਵਿਕਾਸ ਕਿਵੇਂ ਕਰੀਏ?/*ਮਿੱਤਰ* | 20/- |
| ਅੰਕਾਂ ਦਾ ਜਾਦੂ/*ਸਰਜੀਤ ਤਲਵਾਰ* | 40/- |
| ਰਸਾਇਣਕ ਜਾਦੂਗਰ/*ਸਰਜੀਤ ਤਲਵਾਰ* | 20/- |
| ਚਮਤਕਾਰਾਂ ਪਿੱਛੇ ਵਿਗਿਆਨ/*ਬੀ. ਪ੍ਰੇਮਾਨੰਦ* | 25/- |
| ਰਸੋਈ ਵਿੱਚ ਵਿਗਿਆਨ/*ਸਰਜੀਤ ਤਲਵਾਰ* | 30/- |
| ਜੀਵਨ ਦੀਆਂ ਗਣਿਤਕ ਉਲ਼ਝਣਾਂ/ਹੇਮ ਰਾਜ ਗਰਗ | 50/- |

**✻ ਗਿਆਨ ਵਿਗਿਆਨ ਦੀਆਂ ਪੁਸਤਕਾਂ**

| | |
|---|---|
| ਕਣ-ਕਣ ਵਿੱਚ ਵਿਗਿਆਨ/*ਮੇਘ ਰਾਜ ਮਿੱਤਰ* | 15/- |
| ਮਾਦੇ ਤੋਂ ਮਨੁੱਖ ਤੱਕ/*ਮੇਘ ਰਾਜ ਮਿੱਤਰ* | 10/- |
| ਮਨੋਰੰਜਨ ਰਾਹੀਂ ਵਿਗਿਆਨ/*ਸਰਜੀਤ ਤਲਵਾਰ* | 20/- |
| ਸਮੇਂ ਦਾ ਇਤਿਹਾਸ/*ਮੇਘ ਰਾਜ ਮਿੱਤਰ* | 20/- |
| ਖੇਡ ਖੇਡ 'ਚ ਵਿਗਿਆਨ/*ਬਰਜਿੰਦਰਪਾਲ ਸਿੰਘ* | 20/- |
| ਜੱਗ ਰਚਨਾ ਦਾ ਸੱਚ/*ਅਮਰਜੀਤ ਢਿੱਲੋਂ* | 20/- |
| ਫ਼ਸਲਾਂ ਕਹਿਣ ਕਹਾਣੀ/*ਦੇਵਿੰਦਰ ਮੇਵਾੜੀ* | 30/- |
| ਪ੍ਰਸਿੱਧ ਵਿਗਿਆਨਕ ਖੋਜਾਂ/*ਡਾ. ਜਤਿੰਦਰਪਾਲ* | 30/- |
| ਵਿਗਿਆਨ ਦੇ ਚਮਤਕਾਰ/*ਡਾ. ਜਤਿੰਦਰਪਾਲ* | 50/- |
| ਸਾਡਾ ਦੋਸਤ ਵਿਗਿਆਨ/*ਡਾ. ਜਤਿੰਦਰਪਾਲ* | 50/- |
| ਮਨੁੱਖੀ ਸਰੀਰ ਦੇ ਰਹੱਸ/*ਡਾ. ਜਤਿੰਦਰਪਾਲ ਸਿੰਘ* | 50/- |
| ਗਿਆਨ ਵਿਗਿਆਨ/*ਅਮਨ ਰਣਜੀਤ* | 30/- |
| ਗ੍ਰਹਿਣਾਂ ਦੀ ਕਹਾਣੀ/*ਸਰਜੀਤ ਤਲਵਾਰ* | 30/- |
| ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/*ਰਸਲ* | 40/- |
| ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/*ਬਲਜਿੰਦਰਪਾਲ* | 30/- |
| ਵਿਸ਼ਵ ਰਿਕਾਰਡ/*ਗਗਨਦੀਪ ਝਨੇਰ* | 30/- |
| ਵਿਗਿਆਨ ਹੀ ਵਿਗਿਆਨ/*ਸਰਜੀਤ ਤਲਵਾਰ* | 15/- |
| ਮਹਾਨ ਵਿਗਿਆਨੀ/ਡਾ. ਜਤਿੰਦਰਪਾਲ | 70/- |
| ਵਿਗਿਆਨ ਦੀ ਅਦਭੁੱਤ ਦੁਨੀਆ/ਡਾ. ਜਤਿੰਦਰਪਾਲ | 80/- |
| ਵਾਤਾਵਰਣ ਦਾ ਪ੍ਰਦੂਸ਼ਣ/ਡਾ. ਜਤਿੰਦਰਪਾਲ | 80/- |

**✻ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

| | |
|---|---|
| ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* | 50/- |
| ਪ੍ਰਮਾਤਮਾ ਦੀ ਉਤਪਤੀ,ਇਸ ਭਰਮ ਦਾ ਭਵਿੱਖ | 50/- |
| ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਫਰਾਇਡ* | 40/- |
| ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* | 50/- |
| ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ | 50/- |
| ਪੁਰਾਤਨ ਸਮਾਜ/*ਐਲ. ਐਚ. ਮੌਰਗਨ* | 150/- |
| ਜੀਵ ਦੀ ਉਤਪਤੀ/*ਚਾਰਲਸ ਡਾਰਵਨ* | 150/- |
| ਮਨੁੱਖ ਦੀ ਉਤਪਤੀ/*ਚਾਰਲਸ ਡਾਰਵਨ* | 100/- |
| ਮਨੁੱਖ ਮਹਾਂਬਲੀ ਕਿਵੇਂ ਬਣਿਆ | 100/- |













### ※ ਸਿਹਤ ਸਬੰਧੀ ਸਾਹਿਤ

- ਸ਼ੂਗਰ ਰੋਗ/ਡਾ. ਸ਼ਿਆਮ ਸੁੰਦਰ ਦੀਪਤੀ 10/-
- ਬਲੱਡ ਪ੍ਰੈਸ਼ਰ/ਡਾ. ਸ਼ਿਆਮ ਸੁੰਦਰ ਦੀਪਤੀ 10/-
- ਕੈਂਸਰ/ਡਾ. ਸ਼ਿਆਮ ਸੁੰਦਰ ਦੀਪਤੀ 10/-
- ਏਡਜ਼/ਡਾ. ਸ਼ਿਆਮ ਸੁੰਦਰ ਦੀਪਤੀ 10/-
- ਉਦਾਸੀ ਰੋਗ/ਡਾ. ਪਰਮਜੀਤ ਸਿੰਘ 10/-
- ਮਿਰਗੀ ਰੋਗ/ਡਾ. ਪਰਮਜੀਤ ਸਿੰਘ 10/-
- ਸਿਹਤ ਸੰਭਾਲ/ਡਾ. ਅਜੀਤਪਾਲ ਸਿੰਘ 30/-
- ਤੰਦਰੁਸਤ ਕਿਵੇਂ ਰਹੀਏ/ਡਾ. ਅਜੀਤਪਾਲ ਸਿੰਘ 30/-
- ਡਾਕਟਰ ਦੀ ਸਲਾਹ/ਡਾ. ਅਜੀਤਪਾਲ ਸਿੰਘ 25/-
- ਸਿਹਤ ਫੁਲਵਾੜੀ/ਡਾ. ਅਜੀਤਪਾਲ ਸਿੰਘ 50/-
- ਅੱਖਾਂ ਦੀ ਸੰਭਾਲ/ਡਾ. ਬਲਜੀਤ ਸਿੰਘ ਢਿੱਲੋਂ 10/-
- ਔਰਤ, ਬੱਚੇ ਦੀ ਸਿਹਤ ਸੰਭਾਲ/ਡਾ. ਮੋਹਨ 30/-
- ਸੁਖਾਵੇਂ ਪਿਆਰ ਸਬੰਧ/ਡਾ. ਰਣਜੀਤ ਸਿੰਘ 30/-
- ਸਾਡੇ ਬੱਚੇ ਸਾਡੇ ਚਿਰਾਗ/ਡਾ. ਹਰਸ਼ਿੰਦਰ ਕੌਰ 60/-
- ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ 100/-
- ਬੱਚਿਆਂ ਬਾਰੇ ਗਿਆਨ ਤੇ ਮਨੋਵਿਗਿਆਨ 100/-
- ਆਉ ਸੇਹਤ ਪ੍ਰਤੀ ਜਾਣੀਏ/ਡਾ. ਮੋਹਣ 30/-
- ਫੈਲ ਰਹੀ ਮਹਾਂਮਾਰੀ ਏਡਜ਼/ਡਾ. ਜਤਿੰਦਰਪਾਲ 40/-
- ਬਾਲ ਮਨੋਵਿਗਿਆਨ/ਬਲਵਿੰਦਰ ਬਰਨਾਲਾ 30/-
- ਤੰਦਰੁਸਤੀ ਇਕ ਨਿਆਮਤ ਹੈ/ਡਾ. ਅਜੀਤਪਾਲ 100/-

















### ※ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ

- ਮੈਂ ਨਾਸਤਿਕ ਕਿਉਂ ਹਾਂ/ਭਗਤ ਸਿੰਘ 5/-
- ਭਗਤ ਸਿੰਘ ਦੇ ਚੁਣਵੇਂ ਵਿਚਾਰ/ਸਾਵਲਾ ਰਾਮ 10/-
- ਸ਼ਹੀਦ ਚੰਦਰ ਸ਼ੇਖਰ ਅਜ਼ਾਦ /ਸ਼ਿਵ ਵਰਮਾ 10/-
- ਸ਼ਹੀਦ ਰਾਜਗੁਰੂ /ਸ਼ਿਵ ਵਰਮਾ 10/-
- ਸ਼ਹੀਦ ਊਧਮ ਸਿੰਘ/ਸੁਖਦੇਵ ਸਿੱਧੂ 10/-
- ਸ਼ਹੀਦ ਕਰਤਾਰ ਸਿੰਘ ਸਰਾਭਾ/ਵਿਸ਼ਵਭਾਰਤੀ 10/-
- ਭਗਤ ਸਿੰਘ ਦੀ ਵਿਚਾਰਧਾਰਾ/ਕਮਲੇਸ਼ ਮੋਹਨ 10/-
- ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/ਬਲਵੀਰ ਚੰਦ 10/-
- ਭਗਤ ਸਿੰਘ ਦੀ ਨਾਸਤਿਕਤਾ/ਅਮਰਜੀਤ ਸੂਫੀ 20/-
- ਅਮਰ ਸ਼ਹੀਦਾਂ ਦੀਆਂ ਯਾਦਾਂ/ਰਾਜਾ ਰਾਮ ਸਾਸ਼ਤਰੀ 30/-
- ਸ਼ਹੀਦਾਂ ਦੀ ਵਿਰਸਾਤ/ਭਗਵਾਨ, ਸਦਾਸਿਵ 40/-
- ਕਿੱਸਾ ਸ਼ਹੀਦ ਭਗਤ ਸਿੰਘ/ਪ੍ਰੋ. ਦੀਦਾਰ ਸਿੰਘ 40/-
- ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/ਸੱਤਯਮ ਵਰਮਾ 60/-
- ਸ਼ਹੀਦਾਂ ਦੇ ਅੰਗ ਸੰਗ/ਸ਼ਿਵ ਵਰਮਾ 50/-
- ਸਾਮਰਾਜੀ ਧੌਂਸ ਨੂੰ ਵੰਗਾਰ/ਨਵਤੇਜ ਸਿੰਘ 300/-
- ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ 50/-
- ਇਨਕਲਾਬ (ihtBh Fjhd Grs f;zx) 80/-
- ਸ਼ਹੀਦ ਭਗਤ ਸਿੰਘ/ਕੰਵਰਜੀਤ 60/-

### ※ ਇਨਕਲਾਬੀ ਨਾਵਲ

- ਪਰਬਤੋਂ ਭਾਰੀ ਮੌਤ (ਨਾਵਲ)/ਅਨਿਲ ਵਾਰਵੇ 15/-
- ਤੋਤੋਚਾਨ (ਨਾਵਲ)/ਤੇਤਸੁਕੋ ਤੁਰੋਯਾਂਗੀ 20/-
- ਜਦੋਂ ਖੇਤ ਜਾਗੇ (ਨਾਵਲ)/ਕ੍ਰਿਸ਼ਨ ਚੰਦਰ 20/-
- ਚਮਕਦਾ ਲਾਲ ਸਿਤਾਰਾ (ਨਾਵਲ)/ਲੀ ਸ੍ਰਿਨਤੀਅਨ20/-
- ਮੱਛੀ ਤੇ ਪਾਣੀ (ਚੀਨੀ ਨਾਵਲ)/ਚੈਨ ਤੈਂਗ ਕੀ 20/-
- ਜੋ ਹਾਰੇ ਨਹੀਂ (ਨਾਵਲ)/ਪ੍ਰੋ. ਹਰਭਜਨ ਸਿੰਘ 300/-
- ਜੰਗਲਨਾਮਾ/ਸਤਨਾਮ 60/-
- ਬਾਲ ਸਿਪਾਹੀ (ਚੀਨੀ ਨਾਵਲ)/ਸ਼ੀ ਕੁਆਂਗ ਯਾਓ 30/-
- ਮਾਸਟਰ ਸਾਹਿਬ/ਮਹਾਂਸ਼ਵੇਤਾ ਦੇਵੀ 30/-
- ਸੱਚ ਦਾ ਝੰਡਾ/ਮੋਹਨ ਸਿੰਘ ਕੁੱਕੜਪਿੰਡੀਆ 20/-
- ਪਵਿੱਤਰ ਸੂਲੀ/ਮੋਹਨ ਸਿੰਘ ਕੁੱਕੜਪਿੰਡੀਆ 20/-
- ਤਾਰੀਖ ਗਵਾਹੀ ਦੇਵੇਗੀ/ਕੁੱਕੜਪਿੰਡੀਆ 20/-
- ਤਾਰੀਖ ਰੋ ਨਾ ਸਕੀ/ਮੋਹਨ ਸਿੰਘ ਕੁੱਕੜਪਿੰਡੀਆ 20/-
- ਫਾਂਸੀ ਦੇ ਤਖ਼ਤੇ ਤੋਂ/ਜੂਲੀਅਸ ਫ਼ੀਚਕ 50/-
- ਨੀਲੇ ਪੱਤਰੇ/ਇਮਾਨੁਅਲ ਕਜ਼ਾਕੇਵਿਚ 50/-

### ※ ਇਨਕਲਾਬੀ ਗੀਤ

- ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 20/-
- ਪਾਸ਼ ਦੀ ਚੋਣਵੀਂ ਕਵਿਤਾ/ਅਵਤਾਰ ਪਾਸ਼ 40/-
- ਗੂੰਜ ਬਗਾਵਤ ਦੀ/ਜਸਦੇਵ ਲਲਤੋਂ 80/-
- ਉੱਠੋ ਨੌਜਵਾਨੋਂ/ਕ੍ਰਿਸ਼ਨ ਕੌਰਪਾਲ 30/-
- ਖੇਤਾਂ ਦੀ ਬੁੱਕਲ 'ਚੋਂ (ਗੀਤ)/ਮਿੰਦਰਪਾਲ ਭੱਠਲ 30/-
- ਅੱਜ ਦੇ ਜ਼ਮਾਨੇ ਵਿੱਚ/ਦਰਸ਼ਨ ਭੋਤਨਾ 25/-
- ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/ਤਜਿੰਦਰ 50/-
- ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/ਅਜਮੇਰ ਸਿੱਧੂ 50/-
- ਛੱਲਾਂ ਲਹਿਰ ਦੀਆਂ/ਜਸਦੇਵ ਸਿੰਘ ਲਲਤੋਂ 30/-

### ※ ਇਨਕਲਾਬੀ ਵਾਰਤਕ

- ਭਾਰਤ ਦਾ ਮੁਕਤੀ ਸੰਘਰਸ਼/ਨੌਜਵਾਨ ਦਸਤਾ 30/-
- ਸੂਹੀ ਸਵੇਰ/ਸਵੈ ਸਾਚੀ 30/-
- ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ30/-
- ਸਿੱਖ ਵੀਰਾਂ ਨਾਲ ਕੁਝ ਗੱਲਾਂ/ਮੱਖਣ ਸਿੰਘ ਜੌਹਲ 80/-
- ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/ਪ੍ਰਵਾਨਾ 40/-
- ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ 50/-
- ਪੰਜਾਬ ਦੀ ਨਕਸਲਬਾੜੀ ਲਹਿਰ/ਪਰਵਾਨਾ 40/-
- ਰੂਸੀ ਬਾਲ ਕਹਾਣੀ 'ਲਾਖੀ'/ਅਨੰਤ ਚੇਖਵ 20/-
- ਗੁਲਾਮੀ ਤੋਂ ਮੁਕਤੀ/ਫਰੈਡਰਿਕ ਡਗਲਸ 20/-
- ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ 60/-
- ਗੁਲਮੀ ਵਾਲੀ ਜੂਨ ਬੁਰੀ /ਗੁਰਚਰਨ ਜੈਤੋਂ 50/-
- ਨੌਜਵਾਨਾਂ ਨੂੰ/ਸਵੈ ਸਾਚੀ 20/-
- ਸਮਾਜ ਨੂੰ ਬਦਲ ਦਿਓ/ਸਵੈ ਸਾਚੀ 20/-

### ※ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ

- ਜੀਵਨ ਸੰਗਰਾਮ/ਸੋਹਣ ਸਿੰਘ ਭਕਨਾ 30/-
- ਹਾਕਮ ਸਿੰਘ ਸਮਾਉਂ/ਸੁਖਦਰਸ਼ਨ ਨੱਤ 150/-
- ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/ਤੇਜਵੰਤ ਮਾਨ 30/-
- ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ 20/-
- ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/ਬਲਵੀਰ20/-
- ਡਾਇਰੀ ਬਾਬਾ ਹਰੀ ਸਿੰਘ ਉਸਮਾਨ/ਪ੍ਰੋ. ਵੜੈਚ 50/-
- ਜ਼ਿਲ੍ਹਾ ਸੰਗਰੂਰ ਦੇ ਸ਼ਹੀਦ/ਬਲਬੀਰ ਲੌਂਗੋਵਾਲ 50/-
- ਗ਼ਦਰੀ ਬਾਬਾ ਜਵਾਲਾ ਸਿੰਘ/ਬਲਵੀਰ ਪਰਵਾਨਾ 30/-
- ਸੰਘਰਸ਼ੀਲ ਯੋਧਾ ਹਰੀ ਸਿੰਘ ਤਰਕ 50/-
- ਸ਼ਹੀਦ ਬਾਬਾ ਬੂਝਾ ਸਿੰਘ/ਅਜਮੇਰ ਸਿੱਧੂ 300/-
- ਗਦਰੀ ਬਾਬਾ ਦੂਲਾ ਸਿੰਘ/ਜਰਨੈਲ ਅੱਚਰਵਾਲ 30/-
- ਇਨਕਲਾਬੀ ਯੋਧਾ ਮੈਡਮ ਕਾਮਾ/ਸੂਫ਼ੀ ਅਮਰਜੀਤ 40/-
- ਸਾਹਿਤ ਦਾ ਸਾਗਰ : ਪਾਸ਼/ਸੋਹਣ ਸਿੰਘ ਸੰਧੂ 400/-
- ਜੀਵਨ ਸੰਘਰਸ਼/ਦਰਸ਼ਨ ਖਟਕੜ 200/-
- ਜੋਜ਼ਫ ਸਟਾਲਿਨ 50/-
- ਉਕਾਬਣ ਕੂੰਜਾਂ/ਨਛੱਤਰ ਗਿੱਲ 100/-

### ※ ਹੋਰ ਇਨਕਲਾਬੀ ਪੁਸਤਕਾਂ

- ਤਾਮਿਲ ਗੁਰਿਲਿਆਂ ਦੇ ਦੇਸ਼ 'ਚ/ਹਰਜਿੰਦਰ 50/-
- ਕੁਠਾਲਾ ਕਾਂਡ/ਬਲਵੀਰ ਚੰਦ ਲੌਂਗੋਵਾਲ 10/-
- ਸੰਗਰਾਮੀ ਪਿੰਡ/ਜਰਨੈਲ ਸਿੰਘ ਅੱਚਰਵਾਲ 60/-
- ਕਿਊਬਾ ਸਫ਼ਰਨਾਮਾ/ਪ੍ਰੋ. ਗੁਰਮੀਤ ਟਿਵਾਣਾ 70/-
- ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/ਮੱਖਣ ਸਿੰਘ ਜੌਹਲ 30/-
- ਸਾਮਰਾਜੀ ਤਾਕਤਾਂ ਇਰਾਕ ਜੰਗ/ਬਲਜਿੰਦਰ 20/-
- ਸਮਕਾਲ ਦੇ ਸਨਮੁੱਖ/ਬਲਵਿੰਦਰ 70/-
- ਜਿੱਤਾਂਗੇ ਹਨੇਰੇ ਨੂੰ/ਮਣੀਮਾਲਾ 50/-
- ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/ਮੇਰੀ ਟਾਈਲਰ 80/-
- ਜੋਗਿੰਦਰ ਬਾਹਰਲਾ/ਇੰਦਰਜੀਤ ਨੰਦਨ 40/-
- ਪੰਜਾਬ 'ਚ ਕੌਮੀਅਤ ਤੇ ਜ਼ਰਈ ਸਵਾਲ/ ਬਰਸਟ 50/-
- ਹੀਰੋਸ਼ੀਮਾ ਦੇ ਫੁੱਲ/ਐਦਤਾ ਮਾਰਿਸ 65/-
- ਗਾਥਾ ਕਿਸ਼ਨਗੜ੍ਹ/ਦੇਸ ਰਾਜ ਛਾਜਲੀ 30/-




















**❊ ਸਫ਼ਰਨਾਮੇ**

ਮੇਰੀ ਡੈਨਮਾਰਕ ਫੇਰੀ/*ਕੇ. ਐਲ. ਗੋਇਲ* 20/-
ਮੇਰੀ ਧਰਤੀ ਮੇਰੇ ਲੋਕ(ਭਾਰਤ ਯਾਤਰਾ)/*ਰਾਮ ਮੂਰਤ* 25/-
ਪ੍ਰਿਕਰਮਾ (ਦੱਖਣੀ ਭਾਰਤ ਯਾਤਰਾ) 15/-
ਗੌਤਮ ਦੀ ਗੋਦ (ਨਿਪਾਲ ਯਾਤਰਾ) 15/-
ਪਤਾਲ (ਅਮਰੀਕਾ ਕਨੈਡਾ ਯਾਤਰਾ) 30/-
ਦੀਰਾ ਟਾਵਰ (ਡੁਬਈ ਯਾਤਰਾ)/*ਰਾਮ ਮੂਰਤ ਸਿੰਘ* 30/-
ਪੂਰਬੀ ਬੂਹਾ (ਸਿੰਘਾਪੁਰ ਯਾਤਰਾ)/*ਰਾਮ ਮੂਰਤ ਸਿੰਘ* 30/-
ਪੱਥਰ ਬੋਲਦੇ ਹਨ/*ਰਾਮ ਮੂਰਤ ਸਿੰਘ* 40/-
ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* 40/-
ਧਰਤੀ ਦੇ ਆਰ ਪਾਰ /*ਮੰਗਤ ਕੁਲਜਿੰਦ* 30/-
ਵੱਖਰੀ ਧਰਤੀ ਵੱਖਰੇ ਲੋਕ/*ਹਰਭਜਨ ਹਲਵਾਰਵੀ* 30/-
ਮੇਰੀ ਅਮਰੀਕਾ ਫੇਰੀ/*ਨਿੰਦਰ ਘੁਗਿਆਣਵੀ* 30/-
ਅੱਖੀਂ ਦੇਖ ਨਾ ਰੱਜੀਆਂ/*ਨਿਰਪਾਲ ਜਲਾਲਦੀਵਾਲ* 30/-
ਸੁਨਹਰੀ ਦਿਨਾਂ ਦਾ ਸਫ਼ਰ/*ਹਰਭਜਨ ਹਲਵਾਰਵੀ* 30/-

**❊ ਜੀਵਨੀਆਂ**

ਅਮਰੀਕੀ ਰਾਸ਼ਟਰਪਤੀ ਓਬਾਮਾ ਤੱਕ/ਭੌਰਾ 100/-
ਵਡਮੁੱਲਾ ਪਾਰਸ/*ਨਿੰਦਰ ਘੁਗਿਆਣਵੀ* 50/-
ਧਰਤੀ ਪੁੱਤਰ/*ਵਿਜੈ ਬੰਬੇਲੀ* 50/-
ਠਰੀ ਚਾਨਣੀ ਦਾ ਗੀਤ/*ਡਾ. ਅਮਰ ਕੋਮਲ* 30/-
ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ 30/-
ਪਰਜਾ ਮੰਡਲ ਦਾ ਜਾਂਬਾਜ ਭਗਵਾਨ ਸਿੰਘ 50/-
ਜਿੰਨੀ ਰਾਹੀਂ ਮੈਂ ਤੁਰਿਆ/*ਗੁਰਬਖ਼ਸ਼ ਸਿੰਘ ਰਾਹੀ* 50/-
ਸੱਚੇ ਦਿਲੋਂ/*ਨਿੰਦਰ ਘੁਗਿਆਣਗੀ* 30/-
ਟੁਸੇ ਦੀ ਟਹਿਕ/*ਸੀ. ਮਾਰਕੰਡਾ* 150/-
ਪੰਜਾਬ ਦੇ ਸੱਗੀ ਫੁੱਲ/*ਬਲਜਿੰਦਰ ਮਾਨ* 50/-
ਮੇਰਾ ਪਿੰਡ ਬਹਾਦਰਪੁਰ/*ਰਣਜੀਤ ਸਿੰਘ* 60/-
ਭਾਈ ਰੂਪ ਚੰਦ ਜੀ/*ਗਿਆਨੀ ਪ੍ਰੀਤਮ ਸਿੰਘ* 100/-
ਹਰਨਾਮ ਦਾਸ ਸਹਿਰਾਈ/*ਨਿੰਦਰ ਘੁਗਿਆਣਵੀ* 50/-
ਸਤਰੰਗੀ ਸਿਆਸਤ/*ਜਗਸੀਰ ਪੱਖੀ* 50/-
ਬਾਬਾ ਫਰੀਦ ਸ਼ੱਕਰ ਗੰਜ/*ਪ੍ਰੋ. ਗੁਰਮੀਤ ਟਿਵਾਣਾ* 50/-
ਹਨੇਰੇ 'ਚ ਚਾਨਣ ਦੀ ਲੋਅ-ਡਾ. ਰਮੇਸ਼/*ਰਣਜੀਤ* 150/-
ਭਾਈ ਰੂਪ ਚੰਦ/*ਹਰਚਰਨ ਸਿੰਘ* 100/-
ਝੱਖੜਾਂ 'ਚ ਵਗਦਾ ਦਰਿਆ/*ਰਣਜੀਤ ਪ੍ਰੀਤ* 100/-
ਸੁਰਾਂ ਦੇ ਵਾਰਿਸ/*ਸਵਰਣ ਟਹਿਣਾ* 150/-
ਜੀਵਨੀ ਗੁਰੂ ਹਰਗੋਬਿੰਦ ਜੀ/*ਗੁਰਚਰਨ ਕੌਰ* 125/-
ਹਰਦਿਆਲ ਚੰਦ ਜੈਦਕਾ/*ਤੋਤਾ ਸਿੰਘ ਦੀਨਾ* 100/-

**❊ ਕੁਟੇਸ਼ਨਾਂ**

ਵਿਚਾਰ ਦਰਸ਼ਨ/*ਡਾ. ਅਮਰ ਕੋਮਲ* 30/-
ਕਤਰਾ ਕਤਰਾ ਸਮੁੰਦਰ/*ਡਾ. ਅਮਰ ਕੋਮਲ* 40/-
ਜ਼ਿੰਦਗੀ ਦੇ ਸਿਰਨਾਵੇਂ/*ਡਾ. ਅਮਰ ਕੋਮਲ* 40/-
ਜੀਵਨ ਸੋਝੀ 30/-

**❊ ਨਾਟਕ**

ਸੱਤੀ ਵੀਹੀਂ ਸੌ/*ਪ੍ਰੋ. ਸਰਬਜੀਤ* 20/-
ਸੂਰਜ ਡੁੱਬਣ ਤੋਂ ਬਾਅਦ/*ਜੋਗੇ ਭੰਗਲ* 15/-
ਸੀਤਾਇਣ/*ਡਾ. ਪ੍ਰੀਤਮ ਸੈਨੀ* 20/-
ਗਾਥਾ ਕਾਲੇ ਪਾਣੀਆਂ ਦੀ/*ਹਰਨੇਕ ਚੌਧਰੀ* 40/-
ਸਜ਼ਾ ਸੱਚ ਨੂੰ/*ਬਾਰੂ ਸਤਵਰਗ* 20/-
ਜੀਵਨ ਦੇ ਰੰਗ ਮੰਚ ਤੇ/*ਗੁਰਚਰਨ ਚਪਰਚਿੜੀ* 50/-

**❊ ਸੱਭਿਆਚਾਰ/ਕਵੀਸ਼ਰੀ**

ਪੰਜਾਬ ਦੇ ਲੋਕ ਸਾਜ਼/ਐਸ. ਅਸ਼ੋਕ ਭੌਰਾ 60/-
ਪੰਜਾਬੀ ਗਾਇਕੀ ਤੇ ਪ੍ਰਮੁੱਖ ਸਰੋਕਾਰ/*ਮਾਲੜੀ* 30/-
ਮਾਡਰਨ ਜੁਗਨੀ/*ਮਨਜੀਤ ਸਿੰਘ ਸਾਗਰ* 30/-
ਮੇਰੀ ਮਿੱਟੀ ਮੇਰੇ ਲੋਕ-ਪਿੰਡ ਖੁਡੀ ਕਲਾਂ/*ਰਾਮਸਰੂਪ* 30/-
ਕਵੀਸ਼ਰੀ ਮਾਰਤੰਡ/*ਕਰਤਾਰ ਸਿੰਘ ਬੱਧਨੀ ਵਾਲੇ* 600/-
ਸਿੱਖੀ ਕਾਵਿ/*ਬਾਬੂ ਰਜਬ ਅਲੀ* 280/-
ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ 200/-

**❊ ਕਹਾਣੀਆਂ**

ਕਣੀਆਂ/*ਰਾਮ ਮੂਰਤ ਸਿੰਘ* 10/-
ਕਿਊੜੇ ਦੀ ਮਹਿਕ/*ਚੇਤਨ ਸਿੰਘ* 20/-

## ਘਰ ਬੈਠੇ ਹੀ ਫ਼ੋਨ ਰਾਹੀਂ ਕਿਤਾਬਾਂ ਮੰਗਵਾਓ

ਨਿਰਾਲਾ ਦੀਆਂ ਚੋਣਵੀਆਂ ਕਹਾਣੀਆਂ 30/-
ਇਤਿਹਾਸ ਦੇ ਖਾਲੀ ਪੰਨੇ/*ਨਿੰਦਰ ਘੁਗਿਆਣਵੀ* 30/-
ਸੁਪਨੇ ਤੇ ਸੰਤਾਪ (ਅਮਰੀਕੀ ਕਹਾਣੀਆਂ) 50/-
ਅਣਗੌਲੇ ਆਦਮੀ/*ਗੁਰਮੇਲ ਮਡਾਹੜ* 30/-
ਕੱਚੇ ਕੋਠਿਆਂ ਦੇ ਵਾਸੀ/*ਗੁਰਮੇਲ ਮਡਾਹੜ* 30/-
ਜਾਗਦੇ ਲੋਕ/*ਗੁਰਮੇਲ ਮਡਾਹੜ* 30/-
ਧਰਤੀ ਲਹੂ ਲੁਹਾਣ/*ਗੁਰਮੇਲ ਮਡਾਹੜ* 30/-
ਜੰਗ ਜਾਰੀ ਹੈ/*ਗੁਰਮੇਲ ਮਡਾਹੜ* 30/-
ਵਿਵਰਜਿਤ ਪੁਸਤਕ/*ਸੁਲੱਖਣ ਮੀਤ (ਪ੍ਰੋ:)* 30/-
ਕੇਸੂ ਦੀ ਟਹਿਕ/*ਗੁਰਪਾਲ ਸਿੰਘ ਨੂਰ* 30/-
ਅਹਿਸਾਸ/*ਸਵਰਨ ਸਿੰਘ ਟਹਿਣਾ* 25/-
ਚਿੜੀਆਂ ਦਾ ਚੰਬਾ/*ਭੁਪਿੰਦਰ ਸਿੰਘ ਬੇਦੀ* 50/-
ਮਿਲਿ ਕੈ ਕਰਹ ਕਹਾਣੀਆ/*ਭੁਪਿੰਦਰ ਸਿੰਘ ਬੇਦੀ* 50/-
ਅੰਦਰਲੀਆਂ ਲਾਸਾਂ/*ਸੁਲੱਖਣ ਮੀਤ (ਪ੍ਰੋ:)* 30/-
ਦਾਨਾ ਦੁਸ਼ਮਣ/*ਸੁਲੱਖਣ ਮੀਤ (ਪ੍ਰੋ:)* 30/-
ਸ੍ਵਣੀ ਸੁਣੀ ਕਹਾਣੀਆਂ/*ਜਸਵੰਤ ਅਗਿਆਨੀ* 20/-
ਨਰਕ ਕੁੰਡ/*ਅਜਮੇਰ ਸਿੱਧੂ* 15/-
ਢਲਦੀ ਦੁਪਹਿਰ/*ਭੋਲਾ ਸਿੰਘ ਸੰਘੇੜਾ* 50/-
ਅੱਲ੍ਹੇ ਜ਼ਖ਼ਮ/*ਗੁਰਮੇਲ ਸਿੰਘ ਚਾਹਲ* 20/-
ਬਦਲਦੀ ਸੋਚ/*ਅਮਨ ਰਣਜੀਤ* 10/-
ਲੱਪ ਚਿਣਗਾਂ ਦੀ/*ਸ਼ਿਵ ਇੰਦਰ ਸਿੰਘ* 50/-
ਕਾਹੀ ਵੱਢ/*ਜੋਗੇ ਭੰਗਲ* 50/-
ਚਿੜੀਆਂ/*ਪਰਮਜੀਤ ਪੰਮਾ ਪੇਂਟਰ* 30/-
ਲੇਖਾ/*ਬੂਟਾ ਸਿੰਘ ਧਾਲੀਵਾਲ* 30/-
ਪੰਖ ਪਿੰਜਰਾ ਦੇ ਪਰਵਾਸ/*ਪ੍ਰੋ. ਹਰਭਜਨ ਸਿੰਘ* 100/-
ਅਮਰ ਕਹਾਣੀਆਂ/*ਡਾ. ਅਮਰ ਕੋਮਲ* 50/-
ਸਿਲਤ/*ਸੁਰਿੰਦਰ ਬਰਾੜ* 50/-
ਆਦਿ ਅੰਤ/*ਅਮਰ ਕੋਮਲ* 100/-
ਚੁੱਪ ਦੇ ਬੋਲ/*ਭੁਪਿੰਦਰ 'ਜੈਤੋ* 30/-
ਅਸੀਂ ਤੁਸੀਂ/*ਡਾ. ਅਮਰ ਕੋਮਲ* 50/-
ਸੋਨ ਮਿਰਗ ਦੀ ਵਾਰਤਾ/*ਜਸਪਾਲ ਸਿੰਘ ਮਾਨ* 50/-
ਕਮਜ਼ੋਰ ਪ੍ਰਮਾਤਮਾ/*ਪ੍ਰਗਟ ਸਿੰਘ ਜੰਬਰ* 50/-
ਖਰੀਆਂ ਖਰੀਆਂ/*ਅਮਰੀਕ ਤਲਵੰਡੀ* 50/-
ਹਾਰੀ ਜੰਗ ਦਾ ਨਾਇਕ/*ਗੁਰਚਰਨ ਨੂਰਪੁਰ* 30/-
ਘੋੜੇ ਵਾਲਾ ਚੌਂਕ/*ਅਮਰੀਕ ਤਲਵੰਡੀ* 50/-
ਗਮਾਂ ਦੀ ਪੰਡ/*ਪ੍ਰਿੰ. ਗੁਰਦੇਵ ਸਿੰਘ* 50/-
ਵਿਲਕਦੀ ਗਰੀਬੀ/*ਪ੍ਰਿੰ. ਗੁਰਦੇਵ ਸਿੰਘ* 50/-
ਰਿਸ਼ਤਿਆਂ ਦਾ ਕਤਲ/*ਡਾ. ਹਰੀਸ਼ ਮਲਹੋਤਰਾ* 70/-
ਰਹਿਮਤੇ /*ਪ੍ਰਿੰ. ਗੁਰਦੇਵ ਸਿੰਘ* 125 /-
ਪਾਰੋ /*ਪ੍ਰਿੰ. ਗੁਰਦੇਵ ਸਿੰਘ* 125 /-
ਓਪਰਾ ਖੇਤ /*ਦਰਸ਼ਨ ਸਿੰਘ ਗੁਰੂ* 100 /-
ਧੂੰਏਂ ਹੇਠਲੀ ਅੱਗ /*ਦਰਸ਼ਨ ਸਿੰਘ ਗੁਰੂ* 120 /-
ਔੜ ਮਾਰੇ ਰੁੱਖ/ਨਛੱਤਰ ਗਿੱਲ 120/-

**ਤੁਸੀਂ ਕੋਈ ਪੁਸਤਕ ਹੁਣ ਘਰ ਬੈਠੇ ਹੀ ਫ਼ੋਨ ਕਰਕੇ ਵੀਪੀਪੀ ਰਾਹੀਂ ਮੰਗਵਾ ਸਕਦੇ ਹੋ**
**ਸਾਡੇ ਨੰਬਰ ਹਨ :**
**01679-241744, 233244**
**ਨੋਟ : 200 ਰੁਪੈ ਦੀ ਕੀਮਤ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਹੁਣ ਡਾਕ ਖਰਚ ਵੀ ਨਹੀਂ ਲੱਗੇਗਾ।**

# ਸ਼ੰਕਾ ਨਵਿਰਤੀ....?

***ਪ੍ਰਸ਼ਨ :-1. ਅਮਰ ਵੇਲ ਦੇ ਨਾਂ ਪੱਤੇ ਹੁੰਦੇ ਹਨ ਅਤੇ ਨਾ ਜੜ੍ਹ ਹੁੰਦੀ ਹੈ ਫੇਰ ਪੈਦਾ ਕਿਵੇਂ ਹੋਈ ਜੇਕਰ ਅਮਰ ਵੇਲ ਨੂੰ ਕਿਸੇ ਹੋਰ ਦਰੱਖਤ ਤੇ ਸੁੱਟ ਦਿੱਤਾ ਜਾਵੇ ਤਾਂ ਵੀ ਵੱਧ ਦੀ ਫੁੱਲਦੀ ਹੈ। ਕਿਉਂ?***

ਉੱਤਰ :- ਅਮਰ ਵੇਲ ਇੱਕ ਪਰਜੀਵੀ ਪੌਦਾ ਹੈ। ਅਜਿਹੇ ਪੌਦਿਆਂ ਵਿੱਚ ਕਲੋਰੋਫਿਲ ਨਹੀਂ ਹੁੰਦੀ ਜਿਸ ਕਰਕੇ ਇਹ ਆਪਣੀ ਖੁਰਾਕ ਆਪ ਤਿਆਰ ਨਹੀਂ ਕਰ ਸਕਦੇ। ਇਹਨਾਂ ਨੂੰ ਵਧਣ-ਫੁੱਲਣ ਲਈ ਕਿਸੇ ਹੋਰ ਪੌਦੇ ਦੇ ਸਹਾਰੇ ਦੀ ਲੋੜ ਹੁੰਦੀ ਹੈ। ਕਿਸੇ ਨਾ ਕਿਸੇ ਢੰਗ ਰਾਹੀਂ ਇਹਨਾਂ ਦਾ ਕੋਈ ਅੰਗ ਦੂਸਰੇ ਪੌਦੇ ਉੱਪਰ ਪਹੁੰਚ ਜਾਂਦਾ ਹੈ। ਉਸ ਤੋਂ ਹੀ ਇਹ ਖੁਰਾਕ ਲੈਣੀ ਸ਼ੁਰੂ ਕਰ ਦਿੰਦਾ ਹੈ। ਕਲੋਰੋਫਿਲ ਨਾ ਹੋਣ ਕਰਕੇ ਇਹਨਾਂ ਦਾ ਰੰਗ ਪੀਲਾ ਹੁੰਦਾ ਹੈ।

***ਪ੍ਰਸ਼ਨ :-2. ਕੀ ਹਾਥੀ ਦੀ ਸੁੰਡ ਵਿੱਚ ਭੂਰੀ ਕੀੜੀ ਲੜਨ ਨਾਲ ਹਾਥੀ ਮਰ ਸਕਦਾ ਹੈ?***

ਉੱਤਰ :- ਭੂਰੀ ਕੀੜੀ ਦੇ ਸਲਾਈਵੇ ਵਿੱਚ ਅਜਿਹੇ ਵਾਇਰਸ ਹੁੰਦੇ ਹਨ, ਜਿਹੜੇ ਹਾਥੀ ਨੂੰ ਕੋਈ ਨਾ ਕੋਈ ਬਿਮਾਰੀ ਲਾ ਸਕਦੇ ਹਨ। ਜਿਸ ਨਾਲ ਹਾਥੀ ਦੀ ਮੌਤ ਹੋ ਸਕਦੀ ਹੈ।

***ਪ੍ਰਸ਼ਨ :-3. ਵੈਅ-ਵਾਦੀ ਕੀ ਹੁੰਦੀ ਹੈ। ਇਹ ਮਨੁੱਖ ਨੂੰ ਕੀ ਨੁਕਸਾਨ ਕਰਦੀ ਹੈ?***

ਉੱਤਰ :- ਵਿਗਿਆਨ ਵਿੱਚ ਵੈਅ-ਵਾਦੀ ਸ਼ਬਦ ਨਹੀਂ ਹੁੰਦਾ। ਇਹ ਸ਼ਬਦ ਤਾਂ ਆਯੁਰਵੈਦਿਕ ਗ੍ਰੰਥਾਂ ਦੀ ਉਪਜ ਹੈ। ਇਸ ਦਾ ਮਨੁੱਖ ਉੱਪਰ ਅਸਰ ਮਾਨਸਿਕ ਹੁੰਦਾ ਹੈ।

*- ਸਤੀਸ਼ ਕੁਮਾਰ ਆਲੋਵਾਲ*

***ਪ੍ਰਸ਼ਨ :-1. ਅਬੋਹਰ ਵਿਖੇ ਨਵੀਂ ਬਣ ਰਹੀ ਰੇਲਵੇ ਲਾਈਨ ਵਿੱਚ ਹਰ ਰੋਜ ਵਿੰਗ ਕਿਵੇਂ ਪੈ ਜਾਂਦਾ ਹੈ?***

ਉੱਤਰ :- ਸਾਰੀਆਂ ਧਾਤਾਂ ਗਰਮ ਹੋਣ ਨਾਲ ਫੈਲਦੀਆਂ ਹਨ। ਅਬੋਹਰ ਵਿਖੇ ਵੀ ਰੇਲਵੇ ਲਾਈਨ ਨਵੀਂ ਬਣ ਰਹੀ ਹੈ। ਇਸ ਲਈ 20-30 ਫੁੱਟ ਬਾਅਦ ਇਸ ਵਿੱਚ ਕੱਟ ਪਾਉਣੇ ਜ਼ਰੂਰੀ ਹੁੰਦੇ ਹਨ ਤਾਂ ਜੋ ਲੋਹੇ ਨੂੰ ਫੈਲਣ ਲਈ ਕੁਝ ਜਗਾਹ ਮਿਲ ਸਕੇ। ਕਿਉਂਕਿ ਰੇਲਵੇ ਲਾਈਨ ਅਜੇ ਉਸਾਰੀਧੀਨ ਹੈ ਅਤੇ ਕੱਟ ਉਸ ਵਿੱਚ ਪਾਏ ਨਹੀਂ ਗਏ। ਇਸ ਲਈ ਉਹ ਵਿੰਗੀ ਹੋ ਜਾਂਦੀ ਹੈ।

***ਪ੍ਰਸ਼ਨ :-2. ਬਾਬਾਵਾਦ ਦਾ ਰੁੱਖ ਵੱਢਣਾ ਕਿਉਂ ਜਰੂਰੀ ਹੈ?***

ਉੱਤਰ :- ਬਾਬਾਵਾਦ ਤੋਂ ਭਾਵ ਉਹਨਾਂ ਪਰਜੀਵੀਆਂ ਤੋਂ ਹੈ ਜੋ ਮਨੁੱਖ ਦੀ ਮਿਹਨਤ ਨੂੰ ਬਗੈਰ ਕਿਸੇ ਕਾਰਨ ਤੋਂ ਲੁੱਟ ਰਹੇ ਹਨ। ਅਜਿਹੀਆਂ ਲਹੂ ਪੀਣੀਆਂ ਜੋਕਾਂ ਦਾ ਫਸਤਾ ਵੱਢਣਾ ਜ਼ਰੂਰੀ ਹੈ।

***ਪ੍ਰਸ਼ਨ :-3. ਕੁਦਰਤ ਕਿਸਨੇ ਬਣਾਈ ਹੈ?***

ਉੱਤਰ :- ਕੁਦਰਤ ਸਦਾ ਸੀ ਅਤੇ ਸਦਾ ਰਹੇਗੀ। ਨਾ ਹੀ ਇਸ ਨੂੰ ਕੋਈ ਬਣਾਉਣ ਵਾਲਾ ਸੀ ਅਤੇ ਨਾ ਹੀ ਕੋਈ ਨਸ਼ਟ ਕਰਨ ਵਾਲਾ ਹੋਵੇਗਾ।

*- ਜਗਜੀਤ ਸਿੰਘ ਸੱਗੂ*

***ਪ੍ਰਸ਼ਨ :-1. ਜਿਵੇਂ ISI ਮਾਰਕਾ, ਐਗ ਮਾਰਕ ਅਤੇ ਹਾਲੋਗ੍ਰਾਮ ਮਾਰਕਾ ਵਾਲੀਆਂ ਚੀਜ਼ਾਂ ਨੂੰ ਅਸੀਂ ਸ਼ੁੱਧਤਾ ਅਤੇ ਗੁਣਵਤਾ ਪੱਖੋਂ ਉੱਤਮ ਸਮਝਦੇ ਹਾਂ ਕੀ I.S.O. ਮਾਰਕਾ ਜਾਂ ਸਰਟੀਫਾਈਡ ਨੂੰ ਵੀ ਉਸੇ ਤਰ੍ਹਾਂ ਸਮਝ ਸਕਦੇ ਹਾਂ। ਅੱਜ ਕੱਲ ਹਰ ਸੰਸਥਾ ਜਾਂ ਪ੍ਰੋਡਕਟ I.S.O. ਹੋਣ ਦਾ ਦਾਅਵਾ ਕਰਦਾ ਹੈ। ਹੋ ਸਕੇ ਤਾਂ ਉਕਤ ਚਿੰਨਾਂ ਬਾਰੇ ਵਿਸਥਾਰ ਸਹਿਤ ਦੱਸੋ ਜੀ?***

ਉੱਤਰ :- ਇਹ ਚਿੰਨ ਭਾਰਤ ਸਰਕਾਰ ਨੇ ਚੀਜ਼ਾਂ ਦੇ ਸਟੈਂਡਰਡ ਬਣਾਉਣ ਲਈ ਮਨਜ਼ੂਰ ਕੀਤੇ ਹੋਏ ਹਨ। ਇਹਨਾਂ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਅਗਲੇ ਅੰਕ ਵਿੱਚ ਦਿੱਤੀ ਜਾਵੇਗੀ।

***ਪ੍ਰਸ਼ਨ :- 2. ਗੋਲੂ ਕਾ ਮੋੜ ਵਾਲੇ ਸਾਇੰਸ ਅਧਿਆਪਕ ਦਾ ਸਮੇਂ ਸਮੇਂ ਸਿਰ ਅਖ਼ਬਾਰਾਂ ਰਾਹੀਂ ਮੁੱਦਾ ਸਾਹਮਣੇ ਆਉਂਦਾ ਰਿਹਾ ਹੈ, ਉਸਦਾ ਕੀ ਬਣਿਆ ਤੇ ਉਸਦੇ ਦਾਅਵੇ ਵਿੱਚ ਕਿੰਨੀ ਕੁ ਸਚਾਈ ਸੀ?***

ਉੱਤਰ :- ਕੁਝ ਵਿਅਕਤੀ ਸਸਤੀ ਸ਼ੋਹਰਤ ਲਈ ਅਜਿਹਾ ਕੁਝ ਕਰਦੇ ਹਨ ਕਈਆਂ ਕੋਲ ਮੁਫ਼ਤ ਦੀ ਕਮਾਈ ਆਈ ਹੁੰਦੀ ਹੈ ਅਤੇ ਕਈ ਵਾਰ ਦਿਮਾਗੀ ਨੁਕਸ ਵੀ ਪੈਦਾ ਹੋ ਜਾਂਦਾ ਹੈ ਫਿਰ ਉਹ ਆਪਣੀ ਕਮਾਈ ਲੁਟਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਲਈ ਹੀ ਉਹ ਆਪਣੀ ਗੱਲ ਸਪੱਸ਼ਟ ਨਹੀਂ ਕਰਦੇ ਹਨ। ਤਰਕਸ਼ੀਲ ਸੋਸਾਇਟੀ ਭਾਰਤ ਨੇ ਇੱਕ ਚੁਣੌਤੀ ਜਾਰੀ ਕੀਤੀ ਹੋਈ ਹੈ। ਕੋਈ ਵੀ ਵਿਅਕਤੀ 5000 ਰੁਪਿਆ ਜਮ੍ਹਾ ਕਰਵਾਕੇ ਇਸ ਨੂੰ ਕਬੂਲ ਕਰ ਸਕਦਾ ਹੈ।

***ਪ੍ਰਸ਼ਨ :- 3. ਕੀ ਆਮ ਆਦਮੀ ਨੂੰ ਰਾਜਨੀਤੀ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ ਜਾਂ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ?***

ਉੱਤਰ :- ਹਰ ਆਦਮੀ ਨੂੰ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ ਕਿਉਂਕਿ ਰਾਜਨੀਤੀ ਨੇ ਹੀ ਇੱਥੋਂ ਦੇ ਲੋਕਾਂ ਦੀ ਸਮੁੱਚੀ ਕਿਸਮਤ ਨੂੰ ਬਦਲਣਾ ਹੈ।

***ਪ੍ਰਸ਼ਨ :- 4. ਸੂਰਜੀ ਊਰਜਾ, ਜਲ ਊਰਜਾ ਅਤੇ ਵਰਖਾ ਦੇ ਪਾਣੀ ਦੀ ਸੰਭਾਲ ਸਬੰਧੀ ਸਾਡੀਆ ਸਰਕਾਰਾਂ ਸੁਹਿਰਦ ਕਿਉਂ ਨਹੀਂ ਜਦੋਂ ਕਿ ਭਾਰਤ ਜਿਹੇ ਦੇਸ਼ ਲਈ ਇਹ ਮੁੱਦਾ ਬਹੁਤ ਜ਼ਿਆਦਾ ਅਹਿਮ ਹੈ?***

ਉੱਤਰ :- ਭਾਰਤ ਵਿੱਚ ਸਰਕਾਰ ਕਿਸੇ ਵੀ ਕੰਮ ਲਈ ਸੁਹਿਰਦ ਨਹੀਂ। ਕਿਉਂਕਿ ਇਹ ਲੋਕ ਹਿਤੈਸ਼ੀ ਨਹੀਂ ਇਸ ਲਈ ਉਹਨਾਂ ਤੋਂ ਇਹ ਆਸ ਵੀ ਨਹੀਂ ਰੱਖੀ ਜਾ ਸਕਦੀ।

*- ਸੁਖਵਿੰਦਰ ਸਿੰਘ ਬੀਰ*

***ਪ੍ਰਸ਼ਨ :- 1. ਕੀ ਤਾਜ਼ੀ ਮੱਛੀ ਵਿਚ ਕੀੜੇ ਹੁੰਦੇ ਹਨ? ਕੀ ਪੱਕੀ ਜਾਂ ਅੱਧ ਪੱਕੀ ਮੱਛੀ ਵਿੱਚ ਵੀ ਕੀੜੇ ਹੁੰਦੇ ਹਨ?***

ਉੱਤਰ :- ਤਾਜ਼ੀ ਮੱਛੀ ਵਿੱਚ ਵਾਇਰਸ ਹੋ ਸਕਦੇ ਹਨ। ਇਸ ਲਈ ਮੱਛੀ ਨੂੰ ਹਮੇਸ਼ਾ ਹੀ ਪਕਾ ਕੇ ਖਾਣਾ ਚਾਹੀਦਾ ਹੈ।

***ਪ੍ਰਸ਼ਨ :- 2. ਕੀ ਮਨੁੱਖ ਦੇ ਮੂੰਹ (ਦੰਦਾਂ) ਵਿੱਚ ਬੈਕਟੀਰੀਆ ਹੁੰਦੇ ਹਨ। ਇਹਨਾਂ ਦੀ ਗਿਣਤੀ ਕਿੰਨੀ ਕੁ ਹੋ ਸਕਦੀ ਹੈ?***

ਉੱਤਰ :- ਹਰੇਕ ਵਿਅਕਤੀ ਅਤੇ ਜੀਵ ਦੇ ਮੂੰਹ ਅਤੇ ਸਰੀਰ ਵਿੱਚ ਅਰਬਾਂ ਹੀ ਬੈਕਟੀਰੀਆ ਹੁੰਦੇ ਹਨ। ਮਨੁੱਖ ਦਾ ਮੂੰਹ ਵੀ ਇਸ ਤੋਂ ਬਚ ਨਹੀਂ ਸਕਦਾ।

***ਪ੍ਰਸ਼ਨ :- 3. ਕੀ ਮੌਜੂਦਾ ਮੈਡੀਕਲ ਸਾਇੰਸ ਵਿਚ ਇਹ ਸੰਭਵ ਹੈ ਕਿ X,Y ਕਰੋਮੋਸੋਮ ਵੀ ਮਨਮਰਜ਼ੀ ਨਾਲ ਚੋਣ ਕਰਕੇ, ਮਨ-ਮਰਜ਼ੀ ਦਾ ਲਿੰਗ ਨਿਰਧਾਰਤ ਕੀਤਾ ਜਾ ਸਕਦਾ ਹੈ?***

ਉੱਤਰ :- ਅੱਜ ਦੀ ਮੈਡੀਕਲ ਸਾਇੰਸ ਨੇ ਨਕਲੀ ਢੰਗ ਨਾਲ ਬਹੁਤ ਸਾਰੇ ਜੀਵ ਪੈਦਾ ਕਰ ਲਏ ਹਨ। ਇਸ ਲਈ ਉਨ੍ਹਾਂ ਲਈ X,Y ਕਰੋਮੋਸੋਮਾ ਦਾ ਇਸਤੇਮਾਲ ਕਰਕੇ ਲੜਕਾ ਜਾਂ ਲੜਕੀ ਪੈਦਾ ਕਰਨਾ ਸੰਭਵ ਹੈ। ਭਾਵੇਂ ਗਲਤ ਇਸਤੇਮਾਲ ਦੇ ਡਰੋਂ ਉਹ ਅਜਿਹਾ ਨਹੀਂ ਕਰਦੇ।

***ਪ੍ਰਸ਼ਨ :- 4. ਅੰਟਾਰਟਿਕਾ ਕੀ ਹੈ? ਕੀ ਅੰਟਾਰਟਿਕਾ ਵਿਚ ਵੀ ਜੀਵਨ ਹੈ ਜਾਂ ਉਹ ਕਿਹੋ ਜਿਹੇ ਜੀਵ ਹਨ?***

ਉੱਤਰ :- ਅੰਟਾਰਟਿਕਾ ਦੱਖਣੀ ਧਰੁਵ 'ਤੇ ਅਜਿਹਾ ਇਲਾਕਾ ਹੈ ਜਿੱਥੇ ਸਾਰਾ ਸਾਲ ਬਰਫ ਜੰਮੀ ਰਹਿੰਦੀ ਹੈ ਅਤੇ ਤਾਪਮਾਨ ਸਿਫਰ ਡਿਗਰੀ ਤੋਂ ਬਹੁਤ ਹੇਠਾਂ ਰਹਿੰਦਾ ਹੈ। ਇਸ ਲਈ ਅਜਿਹੀਆਂ ਥਾਵਾਂ ਉੱਪਰ ਜੀਵਾਂ ਦੇ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਪਰ ਕਈ ਵਾਇਰਸ ਅਜਿਹੇ ਤਾਪਮਾਨ ਤੇ ਵੀ ਜਿਉਂਦੇ ਰਹਿ ਸਕਦੇ ਹਨ।

***ਪ੍ਰਸ਼ਨ :- 5. ਇਸ ਵਿਸ਼ਾਲ-ਬ੍ਰਹਿਮੰਡ, ਜਿਸ ਦੀ ਕੋਈ ਸੀਮਾ ਨਹੀਂ ਹੈ। ਵਿਚ ਇੰਨੀਆਂ ਵਿਭਿੰਨਤਾਵਾਂ ਕਿਉਂ ਹਨ?***

ਉੱਤਰ :- ਵਿਭਿੰਨਤਾਵਾਂ ਇਸ ਬ੍ਰਹਿਮੰਡ ਵਿੱਚ ਜੀਵਨ ਦਾ ਇੱਕ ਕਾਰਨ ਹਨ। ਕਿਉਂਕਿ ਬ੍ਰਹਿਮੰਡ ਬਹੁਤ ਸਾਰੇ ਤੱਤਾਂ ਦੇ ਕਾਰਨ ਹੋਂਦ ਵਿੱਚ ਹੈ। ਇਸ ਲਈ ਵਿਭਿੰਨਤਾਵਾਂ ਜ਼ਰੂਰੀ ਹੁੰਦੀਆਂ ਹਨ।

***ਪ੍ਰਸ਼ਨ :- 6. ਕੀ ਸਮੁੰਦਰ ਦੀ ਡੂੰਘਾਈ ਦਾ ਅੰਤ ਹੈ? ਇਹ ਕਿੰਨਾ ਕੁ ਡੂੰਘਾ ਹੈ?***

ਉੱਤਰ :- ਸਮੁੰਦਰ ਦੀ ਡੂੰਘਾਈ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਹੈ। ਕਈ ਥਾਵੀਂ ਇਹ ਡੂੰਘਾਈ 12 ਕਿਲੋਮੀਟਰ ਤੱਕ ਵੀ ਹੁੰਦੀ ਹੈ।

*- ਜਸਵਿੰਦਰ ਸਿੰਘ*



***'ਸ਼ੰਕਾ ਨਵਿਰਤੀ' ਕਾਲਮ ਲਈ ਆਪਣੇ ਪ੍ਰਸ਼ਨ ਹੇਠ ਲਿਖੇ ਪਤੇ ਤੇ ਭੇਜੋ :***

**ਮੇਘ ਰਾਜ ਮਿੱਤਰ**

***ਤਰਕਸ਼ੀਲ ਨਿਵਾਸ, ਗਲੀ ਨੰ. 8, ਕੇ.ਸੀ. ਰੋਡ, ਬਰਨਾਲਾ***

# ਪੁਸਤਕ ਰਿਵਿਊ

## ਜੀਵਨ ਦੀਆਂ ਗਣਿਤਕ ਉਲਝਣਾਂ
### (ਗਣਿਤ ਦੀ ਨਵੇਕਲੀ ਕਿਤਾਬ)

ਵਿਦਿਆਰਥੀ ਗਣਿਤ ਨੂੰ ਔਖਾ ਅਤੇ ਰੁੱਖਾ ਵਿਸ਼ਾ ਸਮਝਦੇ ਹਨ ਕਿਉਂਕਿ ਆਮ ਤੌਰ 'ਤੇ ਇਸਨੂੰ ਜੀਵਨ ਦੀਆਂ ਘਟਨਾਵਾਂ ਨਾਲ ਜੋੜਿਆ ਨਹੀਂ ਜਾਂਦਾ। ਬੱਚੇ ਸੋਚਦੇ ਹਨ ਕਿ ਇਹ ਵਿਸ਼ਾ ਕੁਝ ਫ਼ਾਰਮੂਲਿਆਂ ਨੂੰ ਰੱਟ ਕੇ ਸਵਾਲ ਹੱਲ ਕਰਨ ਤੱਕ ਸੀਮਤ ਹੈ ਅਤੇ ਡਿਗਰੀ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਫ਼ਾਰਮੂਲਿਆਂ ਦਾ ਅਤੇ ਗਣਿਤ ਦੀ ਪੜ੍ਹਾਈ 'ਤੇ ਖਰਚੇ ਦਿਮਾਗ ਦਾ ਕੋਈ ਲਾਭ ਨਹੀਂ ਮਿਲਣਾ। ਸ਼੍ਰੀ ਹੇਮ ਰਾਜ ਗਰਗ ਸੇਵਾ ਮੁਕਤ ਨੈਸ਼ਨਲ ਅਵਾਰਡੀ ਅਧਿਆਪਕ ਦੁਆਰਾ ਰਚਿਤ ਇਹ ਕਿਤਾਬ 'ਜੀਵਨ ਦੀਆਂ ਗਣਿਤਕ ਉਲਝਣਾਂ' ਪੰਜਾਬੀ ਵਿੱਚ ਪਬਲਿਸ਼ ਕੀਤੀ ਗਈ ਹੈ ਜੋ ਕਿ ਗਣਿਤ ਨੂੰ ਵਿਦਿਆਰਥੀਆਂ ਦੇ ਜੀਵਨ ਨਾਲ ਜੋੜਨ ਦਾ ਕੰਮ ਕਰੇਗੀ। ਤਰਕ ਭਾਰਤੀ ਪ੍ਰਕਾਸ਼ਨ (ਬਰਨਾਲਾ) ਦੁਆਰਾ 200 ਪ੍ਰਸ਼ਨਾਂ ਦੇ ਇਸ ਪ੍ਰਕਾਸ਼ਣ ਵਿੱਚ ਸਾਰੇ ਪ੍ਰਸ਼ਨ ਹੀ ਜੀਵਨ ਦੀਆਂ ਘਟਨਾਵਾਂ ਨੂੰ ਆਧਾਰ ਲੈ ਕੇ ਬਣਾਏ ਗਏ ਹਨ। ਕਿਤਾਬ ਵਿੱਚ ਲੋੜੀਂਦੇ ਚਿੱਤਰ ਅਤੇ ਸੰਖੇਪ ਵਿੱਚ ਹੱਲ ਵੀ ਦਿੱਤੇ ਹਨ। ਇਹ ਕਿਸੇ ਖਾਸ ਉਮਰ ਗਰੁੱਪ ਦੇ ਵਿਦਿਆਰਥੀਆਂ ਨਾਲ ਅਤੇ ਨਾ ਹੀ ਕਿਸੇ ਖਾਸ ਇਮਤਿਹਾਨ ਨਾਲ ਸਬੰਧਤ ਹੈ। ਇਸ ਵਿੱਚ ਅਜਿਹੇ ਪ੍ਰਸ਼ਨ ਸ਼ਾਮਿਲ ਹਨ ਜੋ ਕਿ ਐਲੀਮੈਂਟਰੀ ਸਕੂਲ ਦੇ ਬੱਚਿਆਂ ਤੋਂ ਲੈ ਕੇ ਕੈਟ, ਬੈਕਿੰਗ, ਐਫ. ਸੀ. ਆਈ. ਅਤੇ ਸਿਵਲ ਸਰਵੀਸਿਜ਼ ਦੇ ਇਮਤਿਹਾਨ ਦੇ ਇੱਛੁਕ ਵਿਦਿਆਰਥੀਆਂ ਲਈ ਲਾਭਦਾਇਕ ਹਨ। ਇਹ ਦਿਮਾਗੀ ਤੀਬਰਤਾ ਅਤੇ ਸੋਚ ਵਧਾਕੇ ਉਨ੍ਹਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਨ ਵਿੱਚ ਸਹਾਈ ਹੋਵੇਗੀ। ਪੰਜਾਬੀ ਭਾਸ਼ਾ ਵਿੱਚ ਗਣਿਤ ਸਬੰਧੀ ਹੱਦਾਂ-ਬੰਨ੍ਹੇ ਤੋੜ ਕੇ ਹਰੇਕ ਉਮਰ ਦੇ ਬੱਚਿਆਂ ਦੇ ਪੜ੍ਹਣ ਯੋਗ ਸਾਹਿਤ ਦੀ ਇਹ ਰਚਨਾ ਨਵੇਕਲੀ ਹੀ ਜਾਪਦੀ ਹੈ।




ਬੇਸ਼ੱਕ ਇਸਦੇ ਪ੍ਰਸ਼ਨ ਦਸਵੀਂ ਸ਼੍ਰੇਣੀ ਤੱਕ ਦੇ ਗਣਿਤ ਤੇ ਆਧਾਰਿਤ ਹਨ ਪਰ ਹਰੇਕ ਪ੍ਰਸ਼ਨ ਨੂੰ ਸਮਝਣਾ ਦਿਮਾਗ ਦੀ ਇਕਾਗਰਤਾ ਮੰਗਦਾ ਹੈ। ਪ੍ਰਸ਼ਨ ਸਮਝਕੇ, ਠੀਕ ਡੂੰਘੀ ਸੋਚ ਨਾਲ ਸਹੀ ਹੱਲ ਲਈ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਕੁਝ ਪ੍ਰਸ਼ਨ ਅਜਿਹੇ ਹਨ ਜੋ ਕਿ ਗੱਲਾਂ ਰਾਹੀਂ ਗਣਿਤ ਦੀ ਮੁੱਢਲੀ ਜਾਣਕਾਰੀ ਦੇਣ ਬਾਬਤ ਹਨ। ਜਿਵੇਂ ਬਿਗੜੇ ਘੋੜੇ ਨੂੰ ਦੌੜਾਕੇ ਚੱਕਰ ਸਬੰਧੀ ਜਾਣਕਾਰੀ (ਪ੍ਰਸ਼ਨ 45), ਡਾਕਖਾਨੇ ਦੇ ਏਜੰਟ ਦੁਆਰਾ ਗੱਲਬਾਤ ਰਾਹੀਂ ਪੈਸੇ ਜਮ੍ਹਾਂ ਕਰਵਾਉਣ ਦੀ ਮਿਤੀ ਸਮਝਾਉਣੀ (20), ਪ੍ਰਸ਼ਨ ਵਿੱਚ ਲੀਪ ਦੇ ਸਾਲ ਦਾ ਭੁਲੇਖਾ ਪਾ ਕੇ ਮਹੀਨੇ ਦੇ ਦਿਨ ਸਮਝਾਉਣੇ (13), ਠੀਕ ਚੈੱਕ ਭਰਨ ਦਾ ਢੰਗ ਦੱਸਣਾ (58) ਆਦਿ। ਅਜਿਹੀਆਂ ਉਲਝਣਾਂ ਹਰੇਕ ਨੂੰ ਆਉਂਦੀਆਂ ਹਨ, ਸਹੀ ਸੋਚ ਅਤੇ ਸਹੀ ਢੰਗ ਹੀ ਉਨ੍ਹਾਂ ਦਾ ਹੱਲ ਹੈ।

ਕੁਝ ਪ੍ਰਸ਼ਨ ਸੋਚ ਵਧਾਉਣ ਲਈ ਹਨ ਜਿਵੇਂ ਗਿਫਟਾਂ ਦੀ ਗਿਣਤੀ ਪਤਾ ਕਰਨੀ (1), ਟ੍ਰੇ ਵਿੱਚ ਲੱਡੂਆਂ ਦੀ ਗਿਣਤੀ (6), ਨੌਕਰ ਦੀ ਗੈਰ-ਹਾਜ਼ਰੀ ਕਾਰਨ ਘੱਟ ਦਿੱਤੀ ਤਨਖ਼ਾਹ (11) ਮੱਕੜੀਆਂ ਦੁਆਰਾ ਜਾਲ ਬੁਣਨ ਦਾ ਸਮਾਂ (19), ਅੱਠ ਭੁਜੇ ਡੱਮਰੂ ਦੇ ਕਿਨਾਰੇ ਦੱਸਣੇ (57), ਕਾਰ ਲਈ ਲੋੜੀਂਦੇ ਟਾਇਰ (113), ਮੁਲਾਜ਼ਮ ਦਾ ਰਜਿਸਟਰ ਤੇ ਲਿਖਿਆ ਸਮਾਂ ਗਣਿਤ ਰਾਹੀਂ ਗਲਤ ਸਿੱਧ ਕਰਨਾ (94) ਆਦਿ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਦੀ ਘੁੰਡੀ ਸਮਝਣ ਵਿੱਚ ਦਿਮਾਗ ਤੇਜ਼ ਹੋਵੇਗਾ। ਲੱਗਭਗ 50 ਪ੍ਰਸ਼ਨ ਫਾਰਮੂਲਿਆਂ ਦੀ ਵਰਤੋਂ ਦੇ ਅਭਿਆਸ ਲਈ ਹਨ ਪਰ ਪ੍ਰਸ਼ਨ ਲਈ ਲੋੜੀਂਦਾ ਫਾਰਮੂਲਾ ਅਤੇ ਉਚਿਤ ਹੱਲ ਬਾਬਤ ਪਹਿਲਾਂ ਸੋਚਣਾ ਪਵੇਗਾ। ਇਨ੍ਹਾਂ ਵਿੱਚ 'ਤੋਤੇ ਵਾਲਾ ਰੱਟਾ' ਅਤੇ ਨਕਲ ਨਹੀਂ ਚੱਲਣੀ। ਕਈ ਪ੍ਰਸ਼ਨ ਗਣਿਤ ਵਿੱਚ ਦਿਲਚਸਪੀ ਵਧਾਉਣ ਲਈ ਬਣਾਏ ਗਏ ਹਨ, ਜਿਵੇਂ ਜਾਦੂ ਦਾ ਵਰਗ (52), ਸਾਬਣ ਵਿੱਚ ਸੋਨੇ ਦਾ ਸਿੱਕਾ (82), ਟੌਫੀਆਂ ਲਈ ਪੈਕਟ ਆਦਿ। ਕੁਝ ਪ੍ਰਸ਼ਨ ਅਜਿਹੇ ਵੀ ਹਨ ਜੋ ਬੱਚਿਆਂ ਨੂੰ ਵਪਾਰਕ ਘੁੰਡੀਆਂ ਅਤੇ ਹੇਰਾ-ਫੇਰੀਆਂ ਤੋਂ ਸੁਚੇਤ ਰਹਿਣ ਦੀ ਪ੍ਰੇਰਣਾ ਦਿੰਦੇ ਹਨ, ਜਿਵੇਂ ਸੇਲ ਵਿੱਚ ਲਾਭ (88), ਦੋਧੀ ਦੀ ਬੇਈਮਾਨੀ (97), ਦੁੱਧ ਲਈ ਪਰਚੀਆਂ (105) ਆਦਿ। ਕੁਝ ਪ੍ਰਸ਼ਨ ਕ੍ਰਿਕਟ (65), ਤਾਜ-ਮਹਿਲ (173), ਫ਼ਿਲਮ (192) ਬਾਬਤ ਹਨ ਜੋ ਕਿ ਬੱਚਿਆਂ ਨੂੰ ਦਰਸਾਉਂਦੇ ਹਨ ਕਿ ਗਣਿਤ ਦੀ ਪੜ੍ਹਾਈ ਦੀ ਵਰਤੋਂ ਵਿਸ਼ਾਲ ਹੈ।

ਇਸ ਪੁਸਤਕ ਦੀ ਗੁਣਵੰਣਤਾ ਨੂੰ ਸਮਝਦੇ ਹੋਏ ਅਧਿਆਪਕਾਂ ਦੀ ਜੱਥੇਬੰਦੀ ਡੀ. ਟੀ. ਐਫ. ਦੀ ਸੰਗਰੂਰ ਇਕਾਈ ਨੇ ਆਪਣੇ ਵਜੀਫ਼ਾ ਵੰਡ ਸਮਾਰੋਹ ਵਿੱਚ ਹਰੇਕ ਇਨਾਮ ਜੇਤੂ ਵਿਦਿਆਰਥੀ ਨੂੰ ਇਸ ਦੀ 'ਇੱਕ-ਇੱਕ' ਕਾਪੀ ਦਿੱਤੀ ਹੈ। ਜੋ ਕਿ ਇਲਾਕੇ ਵਿੱਚ ਸਲਾਘਾ ਯੋਗ ਵਿਸ਼ਾ ਬਣਿਆ ਹੋਇਆ ਹੈ। ਜਨਮ ਦਿਵਸ ਅਤੇ ਹੋਰ ਖੁਸ਼ੀ ਦੇ ਮੌਕਿਆਂ ਤੇ ਅਜਿਹੀਆਂ ਕਿਤਾਬਾਂ ਦੇ ਗਿਫ਼ਟ ਦੇਣਾ ਵੀ ਸਮੇਂ ਦੀ ਮੰਗ ਹੈ। ਟਵਿੰਕਲ ਐਮ. ਐਸ. ਸੀ., ਦੁਆਰਾ ਸੰਪਾਦਕ ਕੀਤੀ ਇਸ ਕਿਤਾਬ ਦਾ ਕੁਝ ਵਡੇਰਾ ਰੂਪ ਅੰਗਰੇਜ਼ੀ ਵਿੱਚ ਵੀ ਛਪ ਚੁੱਕਾ ਹੈ। ਅਜੇ ਤਾਂ 5 ਮਹੀਨੇ ਇਸਨੂੰ ਛਪੀ ਨੂੰ ਹੋਏ ਹਨ, ਉਮੀਦ ਹੈ ਕਿ ਇਸ ਵਿੱਚ ਅਪਨਾਇਆ ਢੰਗ ਭਵਿੱਖ ਵਿੱਚ ਹੋਰ ਸਿਲੇਬਸ ਦੀਆਂ ਕਿਤਾਬਾਂ ਵਿੱਚ ਵੀ ਅਪਨਾਇਆ ਜਾਵੇਗਾ, ਫਿਰ ਹੀ ਬੱਚਿਆਂ ਦਾ ਗਣਿਤ ਨਾਲ ਮੋਹ ਵਧੇਗਾ। ਮਾਪੇ ਗਣਿਤ ਦੀ ਪੜ੍ਹਾਈ ਦੀ ਸਾਖਰਤਾ ਅਤੇ ਭਵਿੱਖ ਵਿੱਚ ਉਹ ਵਪਾਰਕ ਚਲਾਕੀਆਂ ਅਤੇ ਹੇਰਾ-ਫੇਰੀਆਂ ਤੋਂ ਵੀ ਬਚਣਗੇ।

''ਸਾਡਾ ਉਦੇਸ਼ : ਲੁੱਟ ਅਤੇ ਜਬਰ ਦਾ ਨਾਸ਼''
ਤਰਕਸ਼ੀਲ, ਇਨਕਲਾਬੀ ਅਤੇ ਹੋਰ ਅਗਾਂਹਵਧੂ ਨਾਟਕਾਂ, ਕੋਰੀਓਗ੍ਰਾਫੀਆਂ ਅਤੇ ਗੀਤ ਸੰਗੀਤ ਲਈ ਸੰਪਰਕ ਕਰੋ।
**ਲੋਕ ਕਲਾ ਮੰਚ ਜ਼ੀਰਾ (ਰਜਿ:)**
ਨਿਰਦੇਸ਼ਕ :- ਮੇਘ ਰਾਜ ਰੱਲਾ
ਮੋਬਾਇਲ :- 98558-30400

# ਸਿਹਤ ਦੇ ਝਰੋਖੇ ’ਚੋਂ.....

ਡਾ. ਵਿਸ਼ਾਲ ਭਾਰਤੀ
ਬਲਵੀਰ ਬਾਸੀ, ਕੈਲੇਫੋਰਨੀਆ

## ਅਲੱਗ ਹੀ ਤਰ੍ਹਾਂ ਸੋ ਸਕਦਾ ਹੈ ਥੋੜ੍ਹਾ ਜਿਹਾ ਦਿਮਾਗ

ਤੁਹਾਨੂੰ ਯਾਦ ਨਹੀਂ ਆ ਰਿਹਾ ਕਿ ਤੁਸੀਂ ਚਾਬੀਆਂ ਕਿੱਥੇ ਰੱਖੀਆਂ ਹਨ ਜਾਂ ਚਸ਼ਮਾ ਕਿੱਥੇ ਰੱਖਿਆ ਹੈ। ਤੁਸੀਂ ਸੋਚ ਰਹੇ ਹੋ ਕਿ ਤੁਸੀਂ ਭੁਲੱਕੜ ਹੋ ਗਏ ਹੋ, ਨਹੀਂ ਅਜਿਹੀ ਗੱਲ ਨਹੀਂ, ਤੁਹਾਡੀ ਨੀਂਦ ਪੂਰੀ ਨਹੀਂ ਹੋ ਰਹੀ ਹੈ।

ਇਸ ਖੋਜ ਨਾਲ ਜੁੜੇ ਵਿਗਿਆਨਕਾਂ ਦਾ ਕਹਿਣਾ ਹੈ ਕਿ ਇਸਦੇ ਨਤੀਜੇ ਖਾਸ ਕਰਕੇ ਉਸ ਹਾਲਤ ’ਚ ਨਿਰਣਾਇਕ ਹੋ ਸਕਦੇ ਹਨ ਜਦੋਂ ਕੋਈ ਅਜਿਹਾ ਕੰਮ ਕੀਤਾ ਜਾਂਦਾ ਹੈ, ਜਿਸ ’ਚ ਲਗਾਤਾਰ ਸੁਚੇਤ ਰਹਿਣਾ ਜ਼ਰੂਰੀ ਹੈ, ਮਿਸਾਲ ਦੇ ਤੌਰ ’ਤੇ ਗੱਡੀ ਚਲਾਉਣਾ।



ਥਕਾਵਟ ਮਹਿਸੂਸ ਹੋਣ ਤੋਂ ਪਹਿਲਾਂ ਵੀ ਦਿਮਾਗ਼ ’ਚ ਇਸ ਤਰ੍ਹਾਂ ਦੇ ਸੰਕੇਤ ਦੇਖੇ ਜਾ ਸਕਦੇ ਹਨ, ਨਿਊਰਾਨ ਦੇ ਕੁਝ ਗਰੁੱਪ ਨੀਂਦ ’ਚ ਢਲ ਸਕਦੇ ਹਨ। ਜਿਨ੍ਹਾਂ ਦਾ ਘਾਤਕ ਅਸਰ ਪੈ ਸਕਦਾ ਹੈ।

ਬਿਟ੍ਰਿਸ਼ ਜਨਰਲ ਨੇਚਰ ’ਚ ਪ੍ਰਕਾਸ਼ਿਤ ਇਸ ਅਧਿਐਨ ’ਚ ਹੁਣ ਤੱਕ ਪ੍ਰਚਲਿਤ ਇਸ ਧਾਰਨਾ ਦਾ ਖੰਡਨ ਕੀਤਾ ਗਿਆ ਹੈ ਕਿ ਸੌਂਦੇ ਸਮੇਂ ਸਾਰਾ ਦਿਮਾਗ਼ ਪ੍ਰਭਾਵਿਤ ਹੁੰਦਾ ਹੈ। ਈ. ਈ. ਜੀ. ਦੇ ਅਧਾਰ ’ਤੇ ਇਸਦੇ ਕਈ ਸਫ਼ਲ ਨਤੀਜੇ ਕੱਢੇ ਗਏ ਹਨ ਪਰ ਈ. ਈ. ਜੀ. ਦੀਆਂ ਸੀਮਾਵਾਂ ਹੁੰਦੀਆਂ ਹਨ।

## ਅੱਖਾਂ ਦੇ ਨਾਲ ਦਿਲ ਵੀ ਖਰਾਬ ਕਰਦਾ ਹੈ ਟੀ. ਵੀ.

ਮੈਲਬਰਨ - ਛੇ ਸਾਲ ਤੱਕ ਦੇ ਬੱਚੇ ਜੇਕਰ ਜ਼ਿਆਦਾ ਟੀ. ਵੀ. ਦੇਖਣਗੇ ਜਾਂ ਵੀਡੀਓ ਗੇਮ ਖੇਡਣਗੇ ਤਾਂ ਉਨ੍ਹਾਂ ਨੂੰ ਅੱਗੇ ਚਲਕੇ ਦਿਲ ਦੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਜ਼ਿਆਦਾ ਰਹੇਗਾ। ਇਹ ਗੱਲ ਸਿਡਨੀ ਯੂਨੀਵਰਸਿਟੀ ਦੇ ਭਾਰਤੀ ਮੂਲ ਦੇ ਵਿਗਿਆਨੀ ਨੇ ਸਾਹਮਣੇ ਲਿਆਂਦੀ ਹੈ।

ਪ੍ਰਾਇਮਰੀ ਲੇਬਲ ’ਚ ਪੜ੍ਹਨ ਵਾਲੇ 1,492 ਬੱਚਿਆਂ ਦੀ ਸਟੱਡੀ ਕਰਨ ਤੋਂ ਬਾਅਦ ਡਾ. ਬਾਮਿਨੀ ਗੋਪੀਨਾਥ ਇਸ ਨਤੀਜੇ ’ਤੇ ਪਹੁੰਚੇ। ਜੋ ਬੱਚੇ ਘੰਟਿਆਂ ਤੱਕ ਟੀ. ਵੀ. ਨਾਲ ਚਿਪਕੇ ਰਹਿੰਦੇ ਹਨ, ਉਨ੍ਹਾਂ ਦੀਆਂ ਅੱਖਾਂ ਖ਼ੂਨ ਨਾਲ ਸੁੰਗੜ ਜਾਂਦੀਆਂ ਹਨ। ਇਹ ਸਥਿਤੀ ਆਪਣੇ ਆਪ ’ਚ ਸ਼ੁਰੂਆਤੀ ਵਾਰਨਿੰਗ ਹੈ ਕਿ ਬੱਚੇ ਨੂੰ ਅੱਗੇ ਜਾ ਕੇ ਦਿਲ ਦੀ ਬਿਮਾਰੀ ਅਤੇ ਹਾਈ ਬਲੱਡ ਪ੍ਰੈਸ਼ਰ ਹੋਣ ਦਾ ਖ਼ਤਰਾ ਰਹੇਗਾ। ਹਾਲਾਂਕਿ ਜਿਨ੍ਹਾਂ ਬੱਚਿਆਂ ਨੂੰ ਘੱਟ ਤੋਂ ਘੱਟ ਇਕ




## ਸਿਰ ਦਰਦ ਦੀ ਅਣਦੇਖੀ ਨਾ ਕਰੋ



ਦੁਨੀਆਂ ’ਚ ਲਗਭਗ ਹਰ ਵਿਅਕਤੀ ਸਿਰ ਦਰਦ ਨਾਲ ਪਰੇਸ਼ਾਨ ਹੈ। ਇਸ ਦਾ ਕਾਰਨ ਇਹ ਹੈ ਕਿ ਜਾਂ ਤਾਂ ਇਸ ਸਮੱਸਿਆ ’ਤੇ ਧਿਆਨ ਨਹੀਂ ਦਿੱਤਾ ਜਾਂਦਾ ਜਾਂ ਫਿਰ ਇਸਦੇ ਇਲਾਜ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ। “ਸਿਰ ਦਰਦ ਦੀ ਸਮੱਸਿਆ ਸਾਨੂੰ ਹਰ ਥਾਂ ਦੇਖਣ ਨੂੰ ਮਿਲਦੀ ਹੈ ਪਰ ਫਿਰ ਵੀ ਇਸ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਅਤੇ ਇਸਦਾ ਠੀਕ ਤਰ੍ਹਾਂ ਨਾਲ ਇਲਾਜ ਨਹੀਂ ਕਰਵਾਇਆ ਜਾਂਦਾ।” ਪਰ ਇਸਦੇ ਕਾਰਨ ਸਮਾਜ ਨੂੰ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਕਿਉਂਕਿ ਸਿਰ ਦਰਦ ਰਚਨਾਤਮਕਤਾ ਅਤੇ ਉਤਪਾਦਕਤਾ ’ਤੇ ਸਿੱਧਾ ਅਸਰ ਪਾਉਂਦਾ ਹੈ।

ਸਿਰ ਦਰਦ ਦੀ ਬਿਮਾਰੀ ਲੋਕਾਂ ਵਿੱਚ ਕਿਸ਼ੋਰ ਅਵਸਥਾ ਤੋਂ ਲੈ ਕੇ 60 ਸਾਲ ਦੀ ਉਮਰ ਤੱਕ ਹੁੰਦੀ ਹੈ। ਇਸਦੇ ਨਾਲ ਲੋਕਾਂ ’ਚ ਕੰਮ ਕਰਨ ਦੀ ਸ਼ਕਤੀ ’ਤੇ ਪ੍ਰਭਾਵ ਪੈਂਦਾ ਹੈ। ਮਿਸਾਲ ਦੇ ਤੌਰ ’ਤੇ ਬ੍ਰਿਟੇਨ ’ਚ ਹਰ ਸਾਲ ਮਾਈਗ੍ਰੇਨ ਦੀ ਵਜ੍ਹਾ ਨਾਲ ਲਗਭਗ ਢਾਈ ਕਰੋੜ ਕੰਮਕਾਜੀ ਜਾਂ ਫਿਰ ਸਕੂਲ ਜਾਣ ਵਾਲੇ ਲੋਕ ਬੇਧਿਆਨੀ ’ਚ ਖੋਅ ਜਾਂਦੇ ਹਨ। ਕਿਉਂਕਿ ਸਿਰ ਦਰਦ ਕਿਸੇ ਵੀ ਗੰਭੀਰ ਬਿਮਾਰੀ ਦਾ ਕਾਰਨ ਸ਼ਾਇਦ ਘੱਟ ਹੀ ਬਣਦਾ ਹੈ, ਇਸ ਲਈ ਉਸਨੂੰ ਕਸ਼ਟ, ਕੰਮ ਕਰਨ ਦੇ ਬੋਝ, ਜੀਵਨ ਦੀ ਵਿਗੜਦੀ ਗੁਣਵਤਾ ਅਤੇ ਵਿੱਤੀ ਸਥਿਤੀ ਨਾਲ ਜੋੜ ਦਿੱਤਾ ਜਾਂਦਾ ਹੈ, ਪਰ ਕਿਸੇ ਵੀ ਦੇਸ਼ ’ਚ ਉਚਿਤ ਇਲਾਜ ’ਤੇ ਖਰਚ ਕੀਤੀ ਜਾਣ ਵਾਲੀ ਰਕਮ ਦੁਖਦੇ ਸਿਰ ਦੀ ਵਜ੍ਹਾ ਨਾਲ ਹੋਣ ਵਾਲੇ ਘਾਟੇ ਦੀ ਤੁਲਨਾ ’ਚ ਬੇਹੱਦ ਘੱਟ ਹੋਵੇਗੀ।

ਇਕ ਅਧਿਐਨ ’ਚ ਇਹ ਦੱਸਿਆ ਗਿਆ ਹੈ ਕਿ 50 ਪ੍ਰਤੀਸ਼ਤ ਲੋਕ ਡਾਕਟਰ ਦੇ ਕੋਲ ਜਾਣ ਦੀ ਬਜਾਏ ਖ਼ੁਦ ਹੀ ਆਪਣੇ ਸਿਰ ਦਾ ਇਲਾਜ ਕਰ ਲੈਂਦੇ ਹਨ। ਇਸ ਰਿਪੋਰਟ ਦੇ ਮੁਤਾਬਿਕ ਸਿਰ ਦਰਦ ਦੇ ਉਚਿਤ ਇਲਾਜ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਗਿਆ ਹੈ। ਇਸਦੇ ਮੁਤਾਬਿਕ, “ਸਭ ਤੋਂ ਜ਼ਰੂਰੀ ਇਹ ਹੈ ਕਿ ਸਿਹਤ ਸੇਵਾਵਾਂ ਦੇਣ ਵਾਲਿਆਂ ਨੂੰ ਸਿਰ ਦਰਦ ਦੀ ਸਮੱਸਿਆ ਨਾਲ ਜੁੜੀ ਵਧੀਆ ਜਾਣਕਾਰੀ ਦਿੱਤੀ ਜਾਵੇ ਅਤੇ ਸਿਰ ਦਰਦ ਨਾਲ ਸਬੰਧਿਤ ਉਨ੍ਹਾਂ ਗੱਲਾਂ ’ਤੇ ਧਿਆਨ ਦਿੱਤਾ ਜਾਵੇ ਜਿਨ੍ਹਾਂ ਦੀ ਵਜ੍ਹਾ ਨਾਲ ਸਰਵਜਨਿਕ ਤੌਰ ’ਤੇ ਸਿਹਤ ਖਰਾਬ ਹੋ ਰਹੀ ਹੈ।

ਘੰਟਾ ਕਸਰਤ ਕਰਵਾਈ ਗਈ। ਉਹ ਜ਼ਿਆਦਾ ਸਿਹਤਮੰਦ ਦਿਖਾਈ ਦਿੱਤੇ। ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗਲਤ ਜੀਵਨਸ਼ੈਲੀ ਸਰੀਰ ਦੇ ਮਾਈਕਰੋ ਸੈਕੁਲੇਸ਼ਨ ਸਿਸਟਮ 'ਤੇ ਬਚਪਨ 'ਚ ਹੀ ਅਸਰ ਪਾਉਣ ਲੱਗਦੀ ਹੈ।

ਇਸ ਅਧਿਐਨ ਤੋਂ ਇਹ ਪਤਾ ਚੱਲਿਆ ਹੈ ਕਿ ਬੱਚੇ ਟੀ. ਵੀ. ਦੇਖਣ ਜਾਂ ਕੰਪਿਊਟਰ 'ਤੇ ਗੇਮ ਖੇਡਣ 'ਚ ਰੋਜ਼ਾਨਾ ਔਸਤਨ 1.9 ਘੰਟੇ ਬਿਤਾਉਂਦੇ ਹਨ। ਜਦੋਂਕਿ ਸਰੀਰਕ ਗਤੀਵਿਧੀਆਂ 36 ਮਿੰਟ ਹੀ ਕਰਦੇ ਹਨ।

## ☐ ਹਿਮਾਲਿਆ ਨੇ ਹੈਪੇਟਾਈਟਸ-ਬੀ ਲਈ ਹਰਬਲ ਦਵਾਈ ਪੇਸ਼ ਕੀਤੀ

ਮੁੰਬਈ - ਸਿਹਤ ਅਤੇ ਸੁੰਦਰਤਾ ਵਿਭਾਗ ਨੇ ਹਰਬਲ ਉਤਪਾਦ ਬਣਾਉਣ ਵਾਲੀ ਕੰਪਨੀ ਹਿਮਾਲਿਆ ਡਰੱਗ ਨੇ ਲਿਵ-52 ਐਸ. ਬੀ. ਪੇਸ਼ ਕੀਤੀ ਹੈ। ਇਸ ਦਵਾਈ ਦਾ ਪ੍ਰਯੋਗ ਹੈਪੇਟਾਈਟਸ ਬੀ. ਸੰਕਰਣ ਦੇ ਇਲਾਜ 'ਚ ਕੀਤਾ ਜਾਂਦਾ ਹੈ। ਕੰਪਨੀ ਦੇ ਚੀਫ਼ ਐਗਜੈਕਟਿਵ ਅਫ਼ਿਸਰ ਫਿਲਿਪ ਹਾਅਡਨ ਨੇ ਦੱਸਿਆ ਕਿ ਲਿਵ-52 ਐਚ. ਬੀ. ਹੈਪੇਟਾਈਟਿਸ-ਬੀ ਦੀ ਅਸਰਦਾਇਕ ਦਵਾਈ ਹੈ ਅਤੇ ਇਸਨੂੰ 14 ਸਾਲ ਦੇ ਸੋਧ ਤੋਂ ਬਾਅਦ ਵਿਕਸਤ ਕੀਤਾ ਗਿਆ ਹੈ। ਇਹ ਬਹੁਤ ਅਸਰਦਾਰ ਹੈ। ਇਸਦੇ ਇਕ ਕੈਪਸੂਲ ਦਾ ਮੁੱਲ 6.50 ਰੁਪਏ ਦੇ ਕਰੀਬ ਹੈ।

## ☐ ਕੰਮ 'ਤੇ ਵਾਪਸੀ : ਕੈਂਸਰ ਰੋਗੀਆਂ ਦੀਆਂ ਮੁਸ਼ਕਿਲਾਂ

ਕੈਂਸਰ ਰੋਗੀਆਂ ਦੇ ਵਿਚਕਾਰ ਕਰਵਾਏ ਗਏ ਇਕ ਅਧਿਐਨ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਆਪਣੇ ਕੰਮ 'ਚ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੋਸਮਾਜ ਸ਼ਾਸਤਰੀ ਮੋਨਿਕ ਸੇਵੇਲੇਕ ਦੇ ਅਨੁਸਾਰ ਕੁਝ ਵੀ ਪਹਿਲਾਂ ਵਰਗਾ ਨਹੀਂ ਰਿਹਾ। ਥਕਾਨ ਆਤਮਵਿਸ਼ਵਾਸ ਦੀ ਕਮੀ, ਫਿਰ ਤੋਂ ਬਿਮਾਰ ਹੋਣ ਦਾ ਡਰ ਅਤੇ ਬਿਮਾਰੀ ਦੇ ਲਈ ਸਜ਼ਾ ਭੁਗਤਣ ਦਾ ਡਰ ਵਿਗਿਆਨਕਾਂ ਦੇ ਅਨੁਸਾਰ ਇਹ ਸਾਰੀਆਂ ਮੁਸ਼ਕਿਲਾਂ ਹਨ ਜਿਨ੍ਹਾਂ ਦਾ ਸਾਹਮਣਾ ਕੈਂਸਰ ਦੇ ਰੋਗੀਆਂ ਨੂੰ ਨੌਕਰੀ ਤੋਂ ਵਾਪਸ ਆਉਣ ਬਾਅਦ ਕਰਨਾ ਪੈਂਦਾ ਹੈ। ਇਕ ਅਧਿਐਨ ਦੇ ਲਈ ਦੁਆਰਾ ਕੈਂਸਰ ਰੋਗੀ ਦਾ ਕਹਿਣਾ ਹੈ ਕਿ, "ਮੈਂ ਸੋਚਿਆ ਸੀ ਕਿ ਜਦੋਂ ਮੈਂ ਕੰਮ 'ਤੇ ਵਾਪਸ ਜਾਵਾਂਗਾ ਤਾਂ ਸਭ ਕੁਝ ਪਹਿਲਾਂ ਵਰਗਾ ਹੀ ਹੋਵੇਗਾ। ਪਰ ਮਨੋ ਸਮਾਜ ਸ਼ਾਸਤਰੀ ਮੋਨਿਕ ਦਾ ਕਹਿਣਾ ਹੈ, "ਕੁਝ ਵੀ ਪਹਿਲਾਂ ਵਰਗਾ ਨਹੀਂ ਰਹਿੰਦਾ।" ਥਕਾਨ ਅਤੇ ਨੀਂਦ : ਕੈਂਸਰ ਦੇ ਇਲਾਜ ਤੋਂ ਬਾਅਦ ਕੰਮ ਤੋਂ ਵਾਪਸ ਆਉਣ 'ਤੇ 61 ਫੀਸਦੀ ਲੋਕ ਜਲਦੀ ਥੱਕ ਜਾਂਦੇ ਹਨ। ਇਸ ਰਿਪੋਰਟ ਦੇ ਅਨੁਸਾਰ ਜ਼ਿਆਦਾਤਰ ਨੀਂਦ ਦੀ ਕਮੀ ਦੇ ਸ਼ਿਕਾਰ ਹੁੰਦੇ ਹਨ। ਜਦੋਂਕਿ 33 ਪ੍ਰਤੀਸ਼ਤ ਲੋਕਾਂ ਨੂੰ ਇਕਾਗਰਤਾ ਅਤੇ ਕਮਜ਼ੋਰ ਯਾਦਾਸ਼ਤ ਦੀ ਸਮੱਸਿਆ ਹੁੰਦੀ ਹੈ। ਫਿਰ ਕੰਮ ਤੋਂ ਵਾਪਸ ਆਉਣ ਵਾਲੇ ਰੋਗੀਆਂ 'ਚ 14 ਫੀਸਦੀ ਦਰਦ ਦੇ ਸ਼ਿਕਾਰ ਹੁੰਦੇ ਹਨ ਅਤੇ ਛੇ ਫੀਸਦੀ ਗੰਭੀਰ ਬਿਮਾਰੀ ਨਾਲ ਪੀੜਿਤ ਹੁੰਦੇ ਹਨ।

**ਹਾਲਾਤ ਸਮਝਣਾ ਜ਼ਰੂਰੀ :** ਜ਼ਿਆਦਾਤਰ ਅਧਿਕਾਰੀ ਇਹ ਸੋਚਦੇ ਹਨ ਕਿ ਉਨ੍ਹਾਂ ਦੇ ਵਰਕਰ ਪਹਿਲਾਂ ਦੀ ਤਰ੍ਹਾਂ ਕੰਮ ਕਰਨ, ਜਿਸ ਤਰ੍ਹਾਂ ਕਿ ਉਹ ਕੈਂਸਰ ਨਾਲ ਪੀੜਿਤ ਹੋਣ ਤੋਂ ਪਹਿਲਾਂ ਕਰਦੇ ਸਨ। ਕੈਂਸਰ ਰੋਗੀਆਂ ਦੇ ਸਹਿਯੋਗੀ ਉਨ੍ਹਾਂ ਦੇ ਹਲਾਤਾਂ ਨੂੰ ਸਮਝ ਨਹੀਂ ਸਕਦੇ। ਅਸੇਲਾ ਦਾ ਕਹਿਣਾ ਹੈ ਕਿ ਕੰਮ 'ਤੇ ਜਿੰਨੀ ਜਲਦੀ ਵਾਪਸੀ ਹੋਵੇ ਉਨਾ ਹੀ ਚੰਗਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੈਂਸਰ ਰੋਗੀਆਂ ਨੂੰ ਕੰਮ ਤੋਂ ਵਾਪਸ ਆਉਣ 'ਤੇ ਹੋਣ ਵਾਲੀ ਰੁਕਾਵਟ ਬਾਰੇ ਡਾਕਟਰਾਂ ਨਾਲ ਵਿਸ਼ੇਸ ਤੌਰ 'ਤੇ ਗੱਲ ਕਰਨੀ ਚਾਹੀਦੀ ਹੈ।

# ਉਬਾਮਾ ਜੋੜੀ ਬਨਾਮ ਅੰਧ ਵਿਸ਼ਵਾਸ਼

ਦੁਨੀਆਂ ਦੇ ਨਕਸ਼ੇ ਤੇ ਅੱਜ (ਅਮਰੀਕਾ) ਇੱਕ ਅਜਿਹਾ ਦੇਸ਼ ਹੈ। ਜੋ ਕਿਸੇ ਵੇਲੇ ਸਾਡੇ ਦੇਸ਼ ਵਾਂਗ ਹੀ ਇੰਗਲੈਂਡ ਦਾ ਗੁਲਾਮ ਦੇਸ਼ ਸੀ ਪਰ ਆਜ਼ਾਦੀ ਹਾਸਿਲ ਕਰਨ ਤੋਂ ਬਾਅਦ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਦੁਨੀਆਂ ਦਾ ਅਤਿ ਆਧੁਨਿਕ ਦੇਸ਼ ਬਣ ਗਿਆ। ਅੱਜ ਉਹ ਦੇਸ਼ ਵਿਗਿਆਨ ਤੇ ਆਧਾਰਿਤ ਟੈਕਨੋਲੋਜੀ ਵਿੱਚ ਸਾਰੇ ਦੇਸ਼ਾਂ ਤੋਂ ਅੱਗ ਲੰਘ ਗਿਆ ਹੈ। 1907 ਤੱਕ ਅਮਰੀਕਾ ਵਿੱਚ ਘੋੜਿਆਂ ਨਾਲ ਵਾਹੀ-ਖੇਤੀ ਹੁੰਦੀ ਸੀ, 1907 ਵਿੱਚ ਦੁਨੀਆਂ ਦਾ ਪਹਿਲਾ ਟਰੈਕਟਰ ਜੋ ਕਿ ਫੋਰਡ ਦ ਨਾਮ ਨਾਲ ਜਾਣਿਆ ਜਾਂਦਾ ਹੈ। ਉਥੋਂ ਦੇ ਇੱਕ ਕਿਸਾਨ ਨੇ ਤਿਆਰ ਕੀਤਾ ਸੀ ਜਿਸਦਾ ਨਾਮ ਹੈਨਰੀ ਫੋਰਡ ਸੀ। ਉਹ ਟਰੈਕਟਰ ਇੱਕ ਪਰੋਟੋ ਟਾਇਪ ਟਰੈਕਟਰ ਸੀ ਅਤੇ ਭਾਫ ਨਾਲ ਚੱਲਦਾ ਸੀ ਪਰ ਉਹ ਖੇਤਾਂ ਵਿੱਚ-ਕਾਮਯਾਬ ਨਹੀਂ ਸੀ ਹੋਇਆ। ਉਸਦਾ ਮੁੱਖ ਕਾਰਨ ਸੀ ਅਗਲੇ ਅਤੇ ਪਿਛਲੇ ਪਹੀਏ ਜੋ ਉਸ ਵੇਲੇ ਲੋਹੇ ਦੇ ਹੀ ਬਣੇ ਸਨ ਅਤੇ ਰੇਲ ਗੱਡੀ ਵਾਂਗ ਚੌੜਾਈ ਤੋਂ ਵੀ ਘੱਟ ਸਨ। ਇੱਕ ਟਰੈਕਟਰ ਦੇ ਪਹੀਏ ਨੂੰ ਪਿਛਲੇ ਟਾਇਰਾਂ ਨੂੰ ਖੇਤ ਵਿੱਚ ਚੱਲਣ ਵਾਸਤੇ ਗੁਟੀਆਂ ਦਾ ਹੋਣਾ ਜਰੂਰੀ ਹੈ। 1907 ਤੱਕ ਅਮਰੀਕਾ ਕੋਲ ਰੰਗੀਨ ਕੇਮਰਾ ਵੀ ਨਹੀਂ ਸੀ। ਬਾਅਦ 1917 ਵਿੱਚ ਜੋ ਟਰੈਕਟਰ ਦਾ ਦੂਸਰਾ ਮਾਡਲ ਬਣਾਇਆ ਗਿਆ ਉਹ ਪੈਟਰੋਲ ਨਾਲ ਚੱਲਦਾ ਸੀ। ਉਹ ਖੇਤੀ ਵਿੱਚ ਕੰਮ ਵੀ ਕਰਦਾ ਸੀ ਪਰ ਪਹੀਏ ਉਸਦੇ ਵੀ ਲੋਹੇ ਦੇ ਹੀ ਸਨ, ਕਿਉਂਕਿ ਉਦੋਂ ਤੱਕ ਅਮਰੀਕਾ ਵਿੱਚ ਰਬੜ ਦੀ ਕਾਢ ਨਹੀਂ ਸੀ ਨਿਕਲੀ। ਪਰ ਰੰਗੀਨ ਕੈਮਰਾ ਤਿਆਰ ਹੋ ਚੁੱਕਾ ਸੀ। 1938 ਵਿੱਚ ਪਹਿਲਾ ਰਬੜ ਦੇ ਟਾਇਰਾਂ ਵਾਲਾ ਟਰੈਕਟਰ ਫਿਰ ਸੋਖ ਕਰ ਕੇ 1948 ਵਿੱਚ ਟਰੈਕਟਰ ਦਾ ਮਾਡਲ-ਬਦਲਿਆ ਗਿਆ। ਪਰ ਉਦੋਂ ਤੱਕ ਨਾਂ ਤਾਂ ਕੋਈ ਟਰੈਕਟਰ ਸੈਲਫ ਸਟਾਰਟ ਸੀ ਅਤੇ ਨਾਂ ਹੀ ਲਾਇਟਾਂ ਸਨ। ਉਹ ਸਿਰਫ ਦਿਨ ਵੇਲੇ ਹੀ ਕੰਮ ਕਰ ਸਕਦਾ ਸੀ। ਬਾਅਦ ਵਿੱਚ 1950 ਵਿੱਚ ਜੋ ਮਾਡਲ ਤਿਆਰ ਕੀਤਾ ਗਿਆ ਜੋ ਪੂਰੀ ਤਰ੍ਹਾਂ ਸੈਲਫ ਸਟਾਰਟ ਵੀ ਸੀ। ਬੈਟਰੀ ਵਗੈਰਾ ਹੋਣ ਕਰ ਕੇ ਲਾਇਟਾਂ ਵੀ ਸਨ। ਉਥੋਂ ਹੀ ਅਮਰੀਕਾ ਵਿੱਚ ਸ਼ੁਰੂ ਹੋਇਆ ਤਰੱਕੀ ਦਾ ਸਫਰ 1950 ਵਾਲੇ ਦੇ ਮਾਡਲ ਟਰੈਕਟਰ ਦੇ ਸਨ। ਜਿੰਨਾਂ ਦਾ ਕੰਮ ਆਪਣੇ ਹੱਥੀਂ ਵੀ ਕੀਤਾ ਹੋਇਆ, ਉਹ ਸੀ SOHP ਮੇਜ਼ਰ ਫੋਰਡ ਸਨ। 35 HP ਫੋਰਡ ਸਨ ਤੇ ਕਸਟਾ ਨਾਮੀ ਟਰੈਕਟਰ FORD ਨਾਮ 1971 ਵਾਲੇ ਫੋਰਡ 3000 ਟਰੈਕਟਰ ਤੋਂ ਸ਼ੁਰੂ ਹੋਇਆ।

ਅੱਜ ਅਮਰੀਕਾ ਆਪਣੀ ਟੈਕਨੋਲੋਜ਼ੀ ਸਦਕਾ ਸਾਰੀ ਦੁਨੀਆਂ ਤੇ ਰਾਜ ਕਰਨ ਦੇ ਸੁਪਨੇ ਲੈਣ ਲੱਗ ਪਿਆ ਹੈ। ਭਾਵੇਂ ਹਰ ਇੱਕ ਚੇਤਨ ਦਿਮਾਗ ਵਿਅਕਤੀ ਨੂੰ ਇਹ ਪਤਾ ਹੈ ਕਿ ਇਹ ਸੁਪਨੇ ਕਦੇ ਵੀ ਨਹੀਂ ਪੂਰੇ ਹੋਣੇ। ਪਰ ਚੀਨ ਦੀ ਫੌਜੀ ਤਾਕਤ ਤੋਂ ਡਰੇ ਹੋਏ ਅਮਰੀਕਾ ਦੇ ਰਾਸ਼ਟਰਪਤੀ ਉਬਾਮਾ ਨੇ ਪਿਛੇ ਜਿਹੇ ਇਹ ਐਲਾਨ ਕਰ ਦਿੱਤਾ ਕਿ ਅਮਰੀਕਾ 100 ਹਾਪਨਿਕਸ ਜਹਾਜ਼ ਬਣਾ ਕੇ ਦੁਨੀਆਂ ਦਾ ਅਜਿੱਤ ਦੇਸ਼ ਬਣ ਜਾਵੇਗਾ। ਕਦੇ ਅਮਰੀਕਾ ਦਾ ਸਾਬਕਾ ਰਾਸ਼ਟਰਪਤੀ ਜ਼ਾਰਜ਼ ਬੁੱਸ਼ ਕਹਿੰਦਾ ਹੁੰਦਾ ਸੀ ਕਿ ਅਮਰੀਕਾ ਸਟਾਰ ਵਾਰ ਦੀ ਤਿਆਰੀ ਕਰ ਰਿਹਾ ਹੈ। ਪਰ ਮੈਨੂੰ ਉਸ ਵਕਤ ਬੜੀ ਹੈਰਾਨੀ ਹੋਈ ਜਦੋਂ ਇੱਕ ਅਤਿ ਆਧੁਨਿਕ ਟੈਕਨੋਲੋਜ਼ੀ ਵਾਲੇ ਦੇਸ਼ ਦਾ ਰਾਸ਼ਟਰਪਤੀ ਉਬਾਮਾ ਅਤੇ ਉਸਦੀ ਪਤਨੀ ਮਿਸੇਲ ਉਬਾਮਾ ਜਦੋਂ ਭਾਰਤ ਦੇ ਦੌਰੇ ਤੇ ਆਏ ਹੋਏ ਸਨ ਤਾਂ ਉਬਾਮਾ ਜੋੜੀ ਦੋਵੇਂ ਪਤੀ-ਪਤਨੀ ਉਬਾਮਾ ਨੇ ਅਜਮੇਰ ਜਾ ਕੇ ਹਜ਼ਰਤ-ਨਜ਼ਾਮਦੀਨ ਚਿਸਤੀ ਦੀ ਦਰਗਾਹ ਤੇ ਚਾਦਰ ਚੜ੍ਹਾ ਕੇ ਪੁੱਤਰ ਦੀ ਦਾਤ ਲਈ ਦੁਆ ਕੀਤੀ। ਇਥੇ ਇਹ ਗੱਲ ਨੋਟ ਕਰਲ ਵਾਲੀ ਹੈ ਕਿ ਜਦੋਂ ਅਮਰੀਕਾ ਵਰਗੇ ਦੇਸ਼ ਵਿੱਚ ਪੁੱਤਰ ਅਤੇ ਧੀ ਵਿੱਚ ਕੋਈ ਫਰਕ ਨਹੀਂ ਸਮਝਿਆ ਜਾਂਦਾ। ਇਸ ਜੋੜੀ ਦੀਆਂ ਪਹਿਲਾਂ ਦੋ ਲੜਕੀਆਂ ਹਨ।

ਜਦੋਂ (ਅਮਰੀਕਾ) ਵਰਗੇ ਅਤਿ ਆਧੁਨਿਕ ਦੇਸ਼ ਦਾ ਰਾਸ਼ਟਰਪਤੀ ਅਤੇ ਉਸਦੀ ਪਤਨੀ ਇਹ ਕੰਮ ਕਰਦੇ ਹਨ ਤਾਂ ਕੀ ਮੰਨਿਆ ਜਾਵੇਗਾ? ਬੱਸ ਇਹੀ ਮੰਨਿਆ ਜਾਵੇਗਾ ਕਿ ਅਤਿ ਆਧੁਨਿਕ ਦੇਸ਼ ਦਾ ਰਾਸ਼ਟਰਪਤੀ ਵੀ ਅੰਧਵਿਸ਼ਵਾਸੀ ਹੈ।

- **ਸਵਰਨ ਸਿੰਘ ਭੁੱਲਰ ਪੱਟੀ** (ਤਰਨ-ਤਾਰਨ), ਮੋ : 99156-13498

# ਮੈਂ ਤਰਕਸ਼ੀਲ ਕਿਵੇਂ ਬਣੀ

ਮੇਰਾ ਜਨਮ ਵੀ ਇਕ ਪੇਂਡੂ ਤੇ ਅੰਧ-ਵਿਸ਼ਵਾਸ ਵਿੱਚ ਫਸੇ ਪਰਿਵਾਰ ਵਿੱਚ ਹੋਇਆ, ਜਿੱਥੇ ਹਰ ਤਰ੍ਹਾਂ ਦੇ ਵਹਿਮ ਭਰਮ ਤੇ ਦੇਵਤਿਆਂ ਨੂੰ ਖੁਸ਼ ਕਰਨ ਲਈ ਬਲੀਆਂ ਬੱਕਰੇ ਦੇਣਾ ਸਾਡੇ ਪਰਿਵਾਰ ਵਿੱਚ ਆਮ ਰੀਤੀ ਰਿਵਾਜ ਸੀ। ਬਚਪਨ ਵਿੱਚ ਹੀ ਸਾਡੇ ਘਰ ਵਿੱਚ ਪਾਲੇ ਜਾਂਦੇ ਛੋਟੇ-ਛੋਟੇ ਮੇਮਨਿਆਂ ਨਾਲ ਸਾਡਾ ਮੋਹ ਜੁੜ ਜਾਂਦਾ ਸੀ ਤੇ ਅਸੀਂ ਛੋਟੇ-ਛੋਟੇ ਮੇਮਨਿਆਂ ਨਾਲ ਖੇਡਦੇ ਹੁੰਦੇ ਸੀ ਪਰ ਅੰਧ-ਵਿਸ਼ਵਾਸ ਦੇ ਕਾਰਨ ਸਾਡੀਆਂ ਅੱਖਾਂ ਦੇ ਸਾਹਮਣੇ ਹੀ ਝੱਟਕਾ ਦਿੱਤਾ ਜਾਂਦਾ ਸੀ। ਉਦੋਂ ਸਾਡੇ ਮਨ ਨੂੰ ਬਹੁਤ ਠੇਸ ਪਹੁੰਚਦੀ ਸੀ ਤੇ ਫਿਰ ਬਾਬੇ ਦਾ ਪ੍ਰਸ਼ਾਦ ਕਹਿ ਕੇ ਖਾਣ ਨੂੰ ਕਿਹਾ ਜਾਂਦਾ ਸੀ ਪਰ ਸਾਡਾ ਮਨ ਉਦੋਂ ਬਹੁਤ ਉਦਾਸ ਹੋ ਜਾਂਦਾ ਸੀ। ਸਾਡੇ ਆਲੇ-ਦੁਆਲੇ ਵਿੱਚ ਇਹ ਘਟਨਾਵਾਂ ਆਮ ਹੀ ਵੇਖਣ ਨੂੰ ਮਿਲਦੀਆਂ ਸੀ।

ਇਨ੍ਹਾਂ ਅੰਧ-ਵਿਸ਼ਵਾਸਾਂ ਦੇ ਕਾਰਨ ਹੀ ਕਿਸੇ ਪਾਖੰਡੀ ਬਾਬੇ ਨੇ ਸਾਡੇ ਨੇੜੇ ਦੇ ਖੂਨ ਵਿੱਚ ਏਡੀ ਵੱਡੀ ਤਰੇੜ ਪਾ ਦਿੱਤੀ, ਜਿਸ ਦਾ ਸਾਨੂੰ ਬਹੁਤ ਸੰਤਾਪ ਭੁਗਤਣਾ ਪਿਆ। ਕਿਸੇ ਬਿਮਾਰੀ ਦੇ ਕਾਰਨ ਸਾਡੀ ਜਵਾਨ ਤਾਈ ਦੀ ਮੌਤ ਹੋ ਗਈ ਤਾਂ ਮੇਰਾ ਤਾਇਆ ਜੋ ਪਾਖੰਡੀਆਂ ਤੇ ਬਹੁਤ ਵਿਸ਼ਵਾਸ ਕਰਦਾ ਸੀ, ਉਸ ਨੂੰ ਕਿਸੇ ਪਾਖੰਡੀ ਬਾਬੇ ਨੇ ਕਹਿ ਦਿੱਤਾ ਕਿ ਤੇਰੀ ਘਰਵਾਲੀ ਨੂੰ ਤੇਰੀ ਭਰਜਾਈ ਨੇ ਟੂਣਾ ਕਰਕੇ ਮਾਰ ਦਿੱਤਾ ਹੈ, ਜਿਸ ਕਰਕੇ ਮੇਰੇ ਤਾਏ ਦਾ ਪਰਿਵਾਰ ਸਾਡੇ ਨਾਲ ਬਹੁਤ ਈਰਖਾ ਕਰਦਾ ਤੇ ਸਾਡੇ ਖੂਨ ਦੇ ਪਿਆਸੇ ਬਣ ਚੁੱਕੇ ਸੀ, ਜਿਸ ਦਾ ਸਾਨੂੰ ਬਹੁਤ ਭਾਰੀ ਸੰਤਾਪ ਭੋਗਣਾ ਪਿਆ। ਉਸ ਦਿਨ ਤੋਂ ਲੈ ਕੇ ਮੇਰੇ ਤਾਏ ਦਾ ਪਰਿਵਾਰ ਸਾਡੇ ਪਰਿਵਾਰ ਨੂੰ ਮਾਰਨ ਤੱਕ ਦੀਆਂ ਸਕੀਮਾਂ ਘੜਦਾ ਰਹਿੰਦਾ ਸੀ। ਆਖਿਰ ਇਕ ਦਿਨ ਉਨ੍ਹਾਂ ਨੇ ਸਾਡੇ ਤੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਕਰਕੇ ਸਾਡਾ ਸਾਰਾ ਪਰਿਵਾਰ ਜ਼ਖ਼ਮੀ ਹੋ ਗਿਆ ਤੇ ਸਾਨੂੰ ਆਪਣਾ ਘਰ ਬਾਰ ਵੇਚ ਕੇ ਕਿਸੇ ਹੋਰ ਪਿੰਡ ਰਹਿਣ ਲਈ ਮਜਬੂਰ ਹੋਣਾ ਪਿਆ। ਅਸੀਂ ਚਾਰ ਭੈਣ ਭਰਾ ਸੀ। ਇਕ ਭਰਾ ਤੇ ਦੋ ਭੈਣਾਂ ਸੀ, ਅਸੀਂ ਸਭ ਤੋਂ ਛੋਟੇ ਸੀ ਪਰ ਜਿਵੇਂ ਕਿ ਸਮਾਜ ਵਿੱਚ ਮੁੰਡਿਆਂ ਨੂੰ ਲੜਕੀਆਂ ਤੋਂ ਵੱਧ ਪਿਆਰ ਦਿੱਤਾ ਜਾਂਦਾ ਹੈ, ਇਸੇ ਤਰ੍ਹਾਂ ਸਾਡੇ ਘਰ ਵਿੱਚ ਵੀ ਵੀਰੇ ਨੂੰ ਹੀ ਪੜ੍ਹਨ ਲਾਇਆ ਸੀ। ਉਹ ਇਕੱਲਾ ਸਕੂਲ ਨਹੀਂ ਸੀ ਜਾਂਦਾ ਤੇ ਉਸਨੂੰ ਬਹੁਤ ਸਾਰੇ ਲਾਲਚ ਦਿੱਤੇ ਜਾਂਦੇ ਸੀ। ਸਕੂਲ ਛੱਡਣ ਦੀ ਖਾਤਿਰ ਮੈਨੂੰ ਵੀ ਉਸ ਦੇ ਨਾਲ ਸਕੂਲ ਭੇਜਣਾ ਸ਼ੁਰੂ ਕਰ ਦਿੱਤਾ ਸੀ ਪਰ ਵੀਰਾ ਫਿਰ ਵੀ ਵਧੀਆ ਨਹੀਂ ਪੜ੍ਹ ਸਕਿਆ ਸੀ ਤੇ ਮੈਂ ਪੜ੍ਹਾਈ ਵਿੱਚ ਵਧੀਆ ਹੁਸ਼ਿਆਰ ਸੀ ਪਰ ਮੈਨੂੰ ਸਕੂਲੋਂ ਵਾਰ-ਵਾਰ



ਹਟਾਉਣ ਦੀ ਕੋਸ਼ਿਸ਼ ਹੁੰਦੀ ਰਹੀ ਤੇ ਵੀਰੇ ਨੂੰ ਧੱਕੇ ਨਾਲ ਬਹੁਤ ਪੜ੍ਹਾਉਣ ਦੀ ਕੋਸ਼ਿਸ਼ ਕੀਤੀ ਗਈ ਤੇ ਫਿਰ ਵੀ ਉਸਨੇ ਆਪਣੀ ਪੜ੍ਹਾਈ ਵਿਚਕਾਰ ਹੀ ਛੱਡ ਦਿੱਤੀ। ਮੈਂ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਹੋਣ ਕਰਕੇ ਮੇਰੇ ਅਧਿਆਪਕ ਮੇਰੀ ਬਹੁਤ ਮਦਦ ਕਰਦੇ ਸੀ। ਇਨ੍ਹਾਂ ਸੰਘਰਸ਼ਾਂ ਵਿੱਚੋਂ ਲੰਘਦੇ ਹੋਏ ਮੈਂ ਫਿਰ ਵੀ ਚੰਗੇ ਨੰਬਰ ਲੈ ਕੇ ਮੈਟਰਿਕ ਤੱਕ ਪੜ੍ਹਾਈ ਕਰ ਸਕੀ। ਮੇਰੀ ਅੱਗੇ ਪੜ੍ਹਨ ਦੀ ਵੀ ਇੱਛਾ ਸੀ ਪਰ ਇਸ ਵਕਤ ਮੇਰੇ ਵੀਰੇ ਦਾ ਵਿਆਹ ਹੋਇਆ ਤਾਂ ਮੇਰੀ ਭਰਜਾਈ ਦਾ ਧਰਮ ਸਾਡੇ ਪਰਿਵਾਰ ਤੋਂ ਵੱਖਰਾ ਸੀ। ਇਸ ਧਰਮਾਂ ਦੇ ਬਖੇੜੇ ਕਾਰਨ ਸਾਡੇ ਘਰ ਵਿੱਚ ਹਮੇਸ਼ਾ ਕਲੇਸ਼ ਰਹਿਣ ਲੱਗਾ। ਧਰਮਾਂ ਦੇ ਅੰਧ-ਵਿਸ਼ਵਾਸ ਕਾਰਨ ਲੜਾਈ ਝਗੜੇ ਵਧਦੇ ਹੀ ਜਾ ਰਹੇ ਸੀ। ਮੈਂ ਇਕ ਦਿਨ ਅਖ਼ਬਾਰ ਵਿੱਚੋਂ ਲੁਧਿਆਣਾ ਦੇ ਕਿਸੇ ਪਾਖੰਡੀ ਜੋਤਸ਼ੀ ਦਾ ਇਸ਼ਤਿਹਾਰ ਪੜ੍ਹਕੇ ਘਰਦਿਆਂ ਨੂੰ ਦੱਸਿਆ ਤਾਂ ਪਰਿਵਾਰ ਨੇ ਆਪਣੀ ਖੂਨ ਪਸੀਨੇ ਦੀ ਕਮਾਈ ਦੇ ਪੈਸੇ ਲੈ ਕੇ ਪਾਖੰਡੀ ਕੋਲ ਗਏ ਤਾਂ ਉਸਨੇ ਇਕ ਲਾਲ ਕੱਪੜੇ ਨਾਲ ਬੰਨੀ ਕੁੱਝੀ ਦਾ ਟਰਿੱਕਾਂ ਕਰਕੇ ਸਾਥੋਂ 5100 ਰੁ: ਲਏ ਤੇ ਸਾਨੂੰ ਕਿਹਾ ਕਿ ਕਾਲੀ ਮਾਈ ਮੇਰੇ ਸਾਹਮਣੇ ਹਾਜ਼ਿਰ ਹੈ। ਇਹ ਦੋ ਕਾਲੇ ਬੱਕਰਿਆਂ ਦੀ ਮੰਗ ਕਰ ਰਹੀ ਹੈ। ਮੰਗ ਪੂਰੀ ਕਰਨ ਲਈ ਜਾਂ ਦੋ ਕਾਲੇ ਬੱਕਰੇ ਦੇ ਦੋ ਜਾਂ 7500 ਰੁ: ਮੈਨੂੰ ਦੇ ਦੇਵੋਂ, ਮੈਂ ਆਪੇ ਚੜ੍ਹਾਵਾਂ ਚੜ੍ਹਾ ਦੇਵਾਂਗਾ। 7500 ਰੁ: ਦੀ ਗੱਲ ਸੁਣ ਕੇ ਹੋਸ਼ ਗੁੰਮ ਹੋ ਗਏ ਤਾਂ ਅਸੀਂ ਪੂਰੀ ਤਰ੍ਹਾਂ ਹਾਮੀ ਨਹੀਂ ਭਰੀ ਤਾਂ ਫਿਰ ਲਾਲਚੀ ਬਾਬੇ ਨੇ ਸਾਨੂੰ ਆਪ ਦੇ ਮੋਬਾਇਲ ਦਾ ਨੰਬਰ ਦੇ ਦਿੱਤਾ ਤੇ ਕਿਹਾ ਕਿ ਮੇਰੇ ਫੋਨ ਵਿੱਚ 500 ਰੁ: ਪਵਾ ਦੇਣਾ। ਫਿਰ ਸਾਡਾ ਮਨ ਬਾਬੇ ਦੀ ਕਲਾਕਾਰੀ ਵੇਖ ਕੇ ਇਕਦਮ ਬਦਲ ਗਿਆ। ਜਦੋਂ ਅਸੀਂ ਆਪਣਾ ਕੁਝ ਭੁੱਲਿਆ ਹੋਇਆ ਸਮਾਨ ਵਾਪਸ ਫਿਰ ਚੁੱਕਣ ਗਏ ਤਾਂ ਬਾਬਾ ਆਪਣਾ ਮੇਕਅੱਪ ਉਤਾਰਕੇ ਕਾਲਜੀਏਟ ਰੂਪ ਵਿੱਚ ਬੈਠਾ ਸੀ। ਅਸੀਂ ਉਸ ਦੇ ਪਾਖੰਡ ਨੂੰ ਸਮਝ ਚੁੱਕੇ ਸੀ। ਏਨੇ ਪੈਸੇ ਲੁਟਾਉਣ ਦੇ ਬਾਵਜੂਦ ਵੀ ਸਾਡੇ ਘਰ ਵਿੱਚ ਲੜਾਈ ਕਲੇਸ਼ ਵੱਧਦਾ ਹੀ ਜਾ ਰਿਹਾ ਸੀ ਤੇ ਮੇਰਾ ਭਰਾ ਵੀ ਮਾਨਸਿਕ ਤੌਰ ’ਤੇ ਬਿਲਕੁਲ ਕਮਜ਼ੋਰ ਹੋ ਚੁੱਕਾ ਸੀ। ਅੰਧ-ਵਿਸ਼ਵਾਸ ਦੇ ਕਾਰਨ ਮੇਰੇ ਭਰਾ ਨੇ ਆਤਮ ਹੱਤਿਆ ਕਰ ਲਈ। ਉਸ ਤੋਂ ਬਾਅਦ ਸਾਡੇ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ ਤੇ ਮੈਂ ਵੀ ਮਾਨਸਿਕ ਤੌਰ ’ਤੇ ਕਮਜ਼ੋਰ ਹੋ ਕੇ ਆਤਮ ਹੱਤਿਆ ਕਰਨ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਤਾਂ ਉਸ ਸਮੇਂ ਅਚਾਨਕ ਸਾਡਾ ਮਿਲਾਪ ਤਰਕਸ਼ੀਲ ਸੁਸਾਇਟੀ ਦੇ ਆਗੂ ਜਗਮੋਹਨ ਸਿੰਘ ਝੱਤਰਾ ਨਾਲ ਹੋਇਆ। ਉਨ੍ਹਾਂ ਨੇ ਸਾਨੂੰ ਮਾਨਸਿਕ ਤੌਰ ’ਤੇ ਤਕੜੇ ਕੀਤਾ ਤੇ ਪੜ੍ਹਨ ਲਈ ਤਰਕਸ਼ੀਲ ਕਿਤਾਬਾਂ ਦਿੱਤੀਆਂ। ਮੈਂ ਕਿਤਾਬਾਂ ਪੜ੍ਹਨ ਤੋਂ ਬਾਅਦ ਮਾਨਸਿਕ ਤੌਰ ’ਤੇ ਤਕੜੀ ਹੋ ਗਈ ਤੇ ਮੈਂ ਫਿਰ ਆਪਣੇ ਪਰਿਵਾਰ ਤੇ ਆਲੇ-ਦੁਆਲੇ ਦੀਆਂ ਔਰਤਾਂ ਨੂੰ ਪਾਖੰਡੀਆਂ ਦੇ ਕਾਰਨਾਮਿਆਂ ਤੇ ਵਹਿਮਾਂ-ਭਰਮਾਂ ਤੋਂ ਜਾਣੂ ਕਰਵਾਇਆ ਤੇ ਅੱਜ ਮੈਂ ਸਿਲਾਈ ਕਢਾਈ ਦੇ ਕੰਮ ਨਾਲ-ਨਾਲ ਵਹਿਮਾਂ-ਭਰਮਾਂ ਵਿੱਚ ਫਸੇ ਲੋਕਾਂ ਨੂੰ ਜਾਗਰੂਕ ਕਰਦੀ ਹਾਂ। ਹਾਂ ਮੈਂ ‘ਤਰਕਸ਼ੀਲ’ ਮੈਗਜ਼ੀਨ ਤੇ ‘ਵਿਗਿਆਨ ਜੋਤ’ ਆਪ ਪੜ੍ਹਦੀ ਹਾਂ ਤੇ ਦੂਜਿਆਂ ਨੂੰ ਵੀ ਪੜ੍ਹਨ ਲਈ ਪ੍ਰੇਰਦੀ ਹਾਂ। ਸਾਡਾ ਪਰਿਵਾਰ ਅੱਜ ਖੁਸ਼ ਤੇ ਆਜ਼ਾਦ ਜ਼ਿੰਦਗੀ ਜੀਅ ਰਿਹਾ ਹੈ।

*- ਨਿਹਾਲਜੀਤ ਕੌਰ*


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ ‘ਵਿਗਿਆਨ ਜੋਤ’ ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ ‘ਵਿਗਿਆਨ ਜੋਤ’ ਮੁਫ਼ਤ ਭੇਜਿਆ ਜਾਵੇਗਾ।

# ਪਿੜ ਦੀ ਸੱਥ ਤੋਂ . . .

ਮਾ. ਗੁਰਪ੍ਰੀਤ ਮੱਲੋਕੇ ਮੋਬਾ : 98554-61726

**ਬਚਨਾ** : ਬਈ ਰਾਤ ਟੀ. ਵੀ. ਤੇ ਦੇਖਿਆ ਤੁਸੀਂ? ਕਿਵੇਂ ਜਪਾਨ 'ਚ ਪਾਣੀ ਵਿੱਚ ਕਾਰਾਂ, ਜਹਾਜ਼, ਘਰ ਤੇ ਹੋਰ ਬੜਾ ਕੁਝ ਐਵੇਂ ਰੁੜੇ ਜਾਂਦੇ ਸੀ ਜਿਵੇਂ ਪਾਣੀ 'ਚ ਕੂੜਾ ਰੁੜਿਆ ਜਾਂਦਾ, ਦੱਸਦੇ ਥੋੜ੍ਹੇ ਐ...ਪਰ ਲੋਕ ਮਰੇ ਬਹੁਤ ਹੋਣਗੇ।

**ਕਾਲਾ** : ਚਾਚਾ ਕੁਦਰਤ ਬੜੀ ਬਲਵਾਨ ਐ, ਇਹਦਾ ਪਤਾ ਨਹੀਂ ਕਦੋਂ ਹੇਠਲੀ ਉੱਤੇ ਕਰ ਦੇਣੀ ਆਂ, ਰੱਬ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ।

**ਬਚਨਾ** : ਅਹੁ ਤਰਕਸ਼ੀਲੀਆ ਤੁਰਿਆ ਆਉਂਦਾ - ਏਹਨੂੰ ਪੁੱਛਦੇ ਐਂ ਅੱਜ, ਇਹ ਬੜਾ ਵਿਗਿਆਨ-ਵਿਗਿਆਨ ਕਰਦਾ ਹੁੰਦਾ। ਕਿਉਂ ਬਈ ਜੰਟਿਆ ਕਿੱਧਰ ਗਏ ਸੀ ਕੱਲ੍ਹ ਫੇਰ ਤੇਰੇ ਵਿਗਿਆਨੀ ਵਿਗਿਉਨੀ?

**ਕਾਲਾ** : ਹਾਂ.....ਹੁਣ ਦੱਸ ਬਈ ਜੰਟਿਆ ਕੁਦਰਤ ਵੱਡੀ ਐ ਕਿ ਵਿਗਿਆਨ? ਨਾਲੇ ਹੁਣ ਦੱਸ ਰੱਬ ਹੁੰਦਾ ਹੈ ਕਿ ਨਹੀਂ.....?

**ਜੰਟਾ** : ਅਫ਼ਸੋਸ ਤਾਂ ਏਸੇ ਗੱਲ ਦਾ ਪਤੰਦਰੋ ਨਾ ਰੱਬ ਬਾਰੇ ਤੁਹਾਨੂੰ ਕੁਝ ਪਤਾ, ਨਾ ਕੁਦਰਤ ਬਾਰੇ ਤੇ ਨਾ ਤੁਹਾਨੂੰ ਵਿਗਿਆਨ ਬਾਰੇ ਵੀ ਡੱਕਾ ਪਤਾ.....ਚਲੋ ਪਹਿਲਾਂ ਮੇਰੀ ਇੱਕ ਗੱਲ ਦਾ ਜਵਾਬ ਦਿਉ ਕਿ ਕੱਲ੍ਹ ਜੋ ਤਬਾਹੀ ਜਪਾਨ 'ਚ ਹੋਈ ਹੈ ਉਹ ਰੱਬ ਨੇ ਕੀਤੀ ਹੈ ਜਾਂ ਕੁਦਰਤ ਨੇ?

**ਬਚਨਾ** : ਉਏ ਭਤੀਜ ਰੱਬ ਨੇ ਕੀਤੀ ਕਹਿ ਲੈ ਜਾਂ ਕੁਦਰਤ ਨੇ ਕੀਤੀ ਕਹਿ ਲੈ ਗੱਲ ਤਾਂ ਇੱਕ ਹੀ ਐ.....

**ਜੰਟਾ** : ਆ ਹੀ ਗੱਲ ਤਾਂ ਚਾਚਾ ਲੋਕਾਂ ਨੂੰ ਸਮਝਾਉਣ ਤੇ ਸਮਝਣ ਲਈ ਹੈ ਕਿ ਰੱਬ ਤੇ ਕੁਦਰਤ ਵਿੱਚ ਬੜਾ ਫਰਕ ਹੈ, ਪਰ ਕੁਦਰਤ ਤੇ ਵਿਗਿਆਨ ਇੱਕੋ ਸਿੱਕੇ ਦੇ ਦੋ ਪਹਿਲੂ ਨੇ.....

**ਕਾਲਾ** : ਨਾ ਨਾਲੇ ਤਾਂ ਤੁਸੀਂ ਕਹਿਨੇ ਆਂ ਬਈ ਰੱਬ ਹੈ ਹੀ ਨਹੀਂ?

**ਜੰਟਾ** : ਇਹ ਗੱਲ ਤਾਂ ਪੱਕੀ ਹੈ ਬਈ ਰੱਬ ਹੈ ਨਹੀਂ ਪਰ ਤੁਹਾਡੇ ਵਰਗੇ ਅਣਜਾਣ ਲੋਕਾਂ ਨੂੰ ਸਮਝਾਉਣ ਲਈ ਸਾਨੂੰ ਰੱਬ ਦੀ ਹੋਂਦ ਮੰਨ ਕੇ ਹੀ ਕਈ ਵਾਰੀ ਗੱਲ ਕਰਨੀ ਪੈਂਦੀ ਐ.....ਜਿਵੇਂ ਹੁਣ ਮੈਂ ਜੇ ਤੁਹਾਨੂੰ ਰੱਬ ਤੇ ਕੁਦਰਤ ਵਿੱਚ ਜਦੋਂ ਫਰਕ ਸਮਝਾਉਣ 'ਚ ਸਫ਼ਲ ਹੋ ਗਿਆ ਤਾਂ ਰੱਬ ਤੁਹਾਡੇ ਮਨਾਂ 'ਚੋਂ ਇੱਕ ਭਰਮ ਵਾਂਗ ਖ਼ਤਮ ਹੋ ਜਾਣਾ ਕਾਲਾ ਸਿਹਾਂ.....

**ਬਚਨਾ** : 'ਚੱਲ ਦੱਸ ਖਾਂ ਭਲਾ ਪੁੱਤ ਕੀ ਫਰਕ ਦੱਸਦਾਂ ਤੂੰ.....?

**ਜੰਟਾ** : ਚਲੋ ਚਾਚਾ ਜੀ ਪਹਿਲਾਂ ਆਪਾ ਰੱਬ ਬਾਰੇ ਹੀ ਗੱਲ ਕਰਦੇ ਆਂ। ਇਹ ਤਾਂ ਤੁਸੀਂ ਸੁਣਿਆ ਹੀ ਹੋਣਾ ਕਿ ਸਾਰੇ ਧਾਰਮਿਕ ਗ੍ਰੰਥ ਕਹਿੰਦੇ ਹਨ ਕਿ ਸਾਰਾ ਸੰਸਾਰ, ਧਰਤੀ, ਚੰਦ, ਸੂਰਜ ਆਦਿ ਰੱਬ ਨੇ ਸਿਰਜਿਆ ਹੈ ਅਤੇ ਇਸੇ ਲਈ ਉਹ ਜਿਵੇਂ ਚਾਹੇ ਇਸ ਨੂੰ ਚਲਾ ਸਕਦਾ ਹੈ, ਜਦੋਂ ਚਾਹੇ ਬਦਲ ਸਕਦਾ, ਤਹਿਸ ਨਹਿਸ ਕਰ ਸਕਦਾ ਹੈ। ਯਾਨਿ ਕਿ ਉਹ ਚੇਤੰਨ ਚੀਜ਼ ਹੈ, ਉਹ ਇਕੱਲੇ-ਇਕੱਲੇ ਜੀਵ ਨਾਲ ਜਦੋਂ ਚਾਹੇ, ਜਿਹੋ-ਜਿਹਾ ਚਾਹੇ ਸਲੂਕ ਕਰ ਸਕਦਾ ਹੈ.....ਠੀਕ ਹੈ ਨਾ ਚਾਚਾ ਮੈਂ ਰੱਬ ਬਾਰੇ ਕੁਝ ਗਲਤ ਤਾਂ ਨਹੀਂ ਬੋਲਿਆ।

**ਬਚਨਾ** : ਨਹੀਂ ਪੁੱਤ ਠੀਕ ਕਿਹਾ ਉਹ ਸਰਵ ਸ਼ਕਤੀਮਾਨ ਹੈ, ਉਹ ਆਪਣੀ ਮਰਜ਼ੀ ਨਾਲ ਕੁਝ ਵੀ ਕਰ ਸਕਦਾ ਹੈ ਉਹਨੂੰ ਕੌਣ ਰੋਕ ਲਊ।

**ਜੰਟਾ** : ਤੇ ਚਾਚਾ ਜੀ ਜੇ ਰੱਬ ਵਾਕੇਈ ਏਦਾਂ ਦਾ ਹੁੰਦਾ ਤਾਂ ਉਹ ਏਨਾ ਮਾੜਾ, ਨਿਰਦਈ ਤੇ ਜ਼ਾਲਮ ਨਾ ਹੁੰਦਾ, ਉਹਨੇ ਜਪਾਨ ਵਰਗੀਆਂ ਹੋਰ ਵੀ ਬਹੁਤ ਸਾਰੀਆਂ ਕਰੋਪੀਆਂ ਨਾਲ ਹਜ਼ਾਰਾਂ-ਕਰੋੜ ਜੀਵ-ਜੰਤੂਆਂ ਨੂੰ ਤਬਾਹ ਨਹੀਂ ਸੀ ਹੋਣ ਦੇਣਾ, ਉਹਨੇ ਆਪਣੀ ਬਣਾਈ ਇਸ ਸੁੰਦਰ ਕਾਇਨਾਤ ਨੂੰ ਬਚਾ ਕੇ, ਸੰਭਾਲ ਕੇ ਰੱਖਣਾ ਸੀ ਅਤੇ ਆਪਣੇ ਦਯਾਵਾਨ ਅਤੇ ਸਰਵ ਸ਼ਕਤੀਮਾਨ ਹੋਣ ਦਾ ਸਬੂਤ ਦੇਣਾ ਸੀ।

**ਕਾਲਾ** : ਇਹ ਤਾਂ ਉਸ ਕਰਤਾ-ਧਰਤਾ ਦੀ ਲੀਲਾ ਐ ਬਾਈ.....

**ਜੰਟਾ** : ਤੇ ਲੀਲਾ ਦਾ ਮਤਲਬ ਆਪੇ ਦੁਨੀਆ ਬਣਾ ਕੇ, ਆਪੇ ਤੰਗ ਕਰਕੇ ਤਮਾਸ਼ਾ ਦੇਖਣਾ ਤੇ ਆਪਣਾ ਮਨੋਰੰਜਨ ਕਰਨਾ ਹੈ ਤਾਂ ਸਾਨੂੰ ਅਜਿਹੇ ਘਟੀਆ ਤਮਾਸ਼ਬੀਨ ਤੇ ਹੰਕਾਰੀ ਰਾਜੇ ਵਰਗੇ ਸਰਵ ਸ਼ਕਤੀਮਾਨ ਨੂੰ ਪੂਜਣ ਦੀ ਬਜਾਏ, ਉਹਦੀ ਸ਼ਰਨ 'ਚ ਜਾਣ ਲਈ ਤਰਲੋ ਮੱਛੀ ਹੋਣ ਦੀ ਬਜਾਏ ਸਾਨੂੰ ਅਜਿਹੀਆਂ ਰੰਗ-ਰਲੀਆਂ ਤੇ ਲੀਲ੍ਹਾ ਰਚਣ ਵਾਲੇ ਵਿਰੁੱਧ ਬਗਾਵਤ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਭਗਤ ਪਰਲਾਹਦ ਨੇ ਆਪਣੇ ਪੈਦਾ ਕਰਨ ਵਾਲੇ ਪਿਉ ਵੱਲੋਂ ਆਪਣਾ ਨਾਮ ਜਪਾਉਣ ਤੇ ਬਗ਼ਾਵਤ ਕੀਤੀ ਸੀ ਤੇ ਫਿਰ ਪ੍ਰਲਾਹਦ ਦੇ ਪਿਉ ਵਾਲਾ ਕੰਮ ਜੇ ਰੱਬ ਕਰਵਾਉਂਦਾ ਹੈ ਤਾਂ ਇਹ ਜਾਇਜ਼ ਕਿਵੇਂ ਹੈ? ਇਸ ਲਈ ਰੱਬ ਦੀਆਂ ਇਨ੍ਹਾਂ ਲੀਲਾਵਾਂ ਦਾ ਵੀ ਸਾਨੂੰ ਵਿਰੋਧ ਕਰਨਾ ਬਣਦਾ ਹੈ, ਸਾਨੂੰ ਸੱਚ ਨੂੰ ਸੱਚ ਕਹਿਣ ਦੀ ਅਤੇ ਸੱਚ ਨਾਲ ਡੱਟ ਕੇ ਖੜ੍ਹਨ ਦੀ ਜ਼ਰੂਰਤ ਹੈ, ਇਸ ਲਈ ਭਾਵੇਂ ਸਾਨੂੰ ਕੋਈ ਵੀ ਸਜ਼ਾ ਮਿਲੇ।

**ਬਚਨਾ** : ਗੱਲਾਂ ਤਾਂ ਤੇਰੀਆਂ ਵੀ ਠੀਕ ਐ ਭਤੀਜ, ਕਹਿੰਦੇ ਐ ਉਹਦਾ ਵੀ ਤਾਂ ਕਿਸੇ ਨੇ ਭੇਦ ਨਹੀਂ ਪਾਇਆ ਕੀ ਪਤਾ ਕੀ ਸੱਚ ਐ ਤੇ ਕੀ ਝੂਠ?

**ਜੰਟਾ** : ਤੇ ਚਾਚਾ ਜੀ ਜੇ ਕਿਸੇ ਨੇ ਉਹਦਾ ਭੇਦ ਨਹੀਂ ਪਾਇਆ ਤਾਂ ਏਨੇ ਗ੍ਰੰਥ ਕਾਹਦੇ ਨਾਲ ਭਰੇ ਪਏ ਆ? ਜੇ ਕਿਸੇ ਨੇ ਉਹਦਾ ਭੇਦ ਨਹੀਂ ਪਾਇਆ ਤਾਂ ਏਹਨੀ ਕਾਵਾਂ-ਰਾਉਲੀ ਉਹਦੇ ਨਾਂ ਦੀ ਕਿਉਂ ਪੈਂਦੀ ਰਹਿੰਦੀ ਐ? ਜਦੋਂ ਭੇਦ ਪੈ ਗਿਆ ਵੇਖੀ ਜਾਊ, ਪਰ ਜਿਹੜੀ ਕੁਦਰਤ ਦਾ ਸਾਨੂੰ ਜਿਨ੍ਹਾਂ ਕੁ ਭੇਦ ਹੈ, ਜੇਕਰ ਵਿਗਿਆਨੀ ਉਹਨੂੰ ਮਨੁੱਖੀ ਸਮਾਜ ਦੇ ਭਲੇ ਲਈ ਵਰਤਦੇ ਐ ਤਾਂ ਸਾਨੂੰ ਉਨ੍ਹਾਂ ਦੀ ਪ੍ਰਸ਼ੰਸਾ ਤਾਂ ਕਰਨੀ ਚਾਹੀਦੀ ਹੈ। ਰੱਬ ਅਤੇ ਉਹਦੇ ਨਿਯਮ ਅਸੂਲ ਤਾਂ ਭੰਬਲਭੂਸੇ 'ਚ ਨੇ ਪਰ ਜਿਹੜੀ ਕੁਦਰਤ ਦੇ ਨਿਯਮ ਸਾਨੂੰ ਪਤਾ ਐ, ਉਹਨਾਂ ਬਾਰੇ ਤਾਂ ਜਾਣਕਾਰੀ ਹੋਣੀ ਚਾਹੀਦੀ ਹੈ ਤੇ ਹੁਣ ਮੈਂ ਤੁਹਾਨੂੰ ਦੱਸਦਾ ਕਿ ਕੁਦਰਤ ਕੀ ਹੈ?

**ਕਾਲਾ** : ਚਾਚਾ ਜ਼ਰਾ ਕੁ ਪਰਾਂ ਹੋਈ ਮੈਨੂੰ ਠੀਕ ਹੋ ਕੇ ਬੈਠਣ ਦੇ.....ਚੱਲ ਹੁਣ ਦੱਸ ਕੁਦਰਤ ਕੀਹਨੂੰ ਕਹਿੰਦੇ ਆ.....?

**ਜੰਟਾ** : ਕੁਦਰਤ ਬਹੁਤ ਸਾਰੇ ਨਿਯਮਾਂ ਦੀ ਹੋਂਦ ਦਾ ਹੀ ਪ੍ਰਮਾਣ ਹੁੰਦੀ ਹੈ। ਸਾਰੇ ਬ੍ਰਹਿਮੰਡ ਵਿੱਚ ਜੋ ਕੋਈ ਵੀ ਘਟਨਾ ਜਾਂ ਦੁਰਘਟਨਾ ਵਾਪਰਦੀ ਹੈ ਤਾਂ ਉਹ ਨਿਯਮਾਂ ਦੇ ਤਹਿਤ ਹੀ ਵਾਪਰਦੀ ਹੈ। ਵਿਗਿਆਨੀ ਇਨ੍ਹਾਂ ਨਿਯਮਾਂ ਨੂੰ ਹੀ ਚੰਗੀ ਤਰ੍ਹਾਂ ਜਾਂਚ ਪਰਖ ਕੇ ਕੁਦਰਤ ਦੇ ਹੋਰ ਨਿਯਮਾਂ ਨੂੰ ਹੀ ਵਰਤ ਕੇ ਕੁਦਰਤ ਨੂੰ ਕਾਫ਼ੀ ਹੱਦ ਤੱਕ ਆਪਣੀ ਕਾਢ ਦਾ ਹਿੱਸਾ ਬਣਾਉਂਦੇ ਹਨ, ਕੁਦਰਤ ਅੰਨੀ ਹੁੰਦੀ ਹੈ, ਇਹ ਚੇਤੰਨ ਨਹੀਂ ਹੁੰਦੀ ਇਹ ਕੋਈ ਵੀ ਘਟਨਾ ਕਰਨ ਤੋਂ ਪਹਿਲਾ ਦੇਖ ਤੇ ਸੋਚ ਨਹੀਂ ਸਕਦੀ ਇਸ ਦੀ ਘਟਨਾ ਵਾਪਰਨ ਪਿੱਛੋਂ ਕੋਈ ਵੀ ਮਰਜ਼ੀ ਨਹੀਂ ਹੁੰਦੀ, ਇਹ ਤਾਂ ਕੇਵਲ ਨਿਯਮਾਂ ਮੁਤਾਬਕ, ਹਾਲਾਤਾਂ-ਮੁਤਾਬਕ, ਸਥਾਨ ਤੇ ਵਾਤਾਵਰਣ

ਅਨੁਸਾਰ ਕੋਈ ਵੀ ਕਿਰਿਆ ਕਰਦੀ ਹੈ, ਇਸਨੂੰ ਨਹੀਂ ਪਤਾ ਹੁੰਦਾ ਕਿ ਕੀ ਹੋਣ ਜਾ ਰਿਹਾ ਹੈ, ਚੰਗਾ ਹੋਣ ਜਾ ਰਿਹਾ ਹੈ ਜਾਂ ਮਾੜਾ ਹੋਣ ਜਾ ਰਿਹਾ ਹੈ ਇਹਦੀ ਕੋਈ ਚੇਤੰਨ ਸੋਚ ਨਹੀਂ ਹੋ ਸਕਦੀ ਕਿ ਮੈਂ ਕਦੋਂ, ਕਿੱਥੇ, ਕੀ ਕਰਨਾ ਹੈ? ਇੱਥੇ ਹਾਲਾਤਾਂ ਮੁਤਾਬਕ ਹੀ ਹੜ੍ਹਾਂ ਵਾਲੇ ਥਾਂ ਤੇ ਹੋਰ ਮੀਂਹ ਪੈਂਦਾ ਰਹਿੰਦਾ ਹੈ ਅਤੇ ਮੀਂਹ ਲਈ ਢੁੱਕਵਾਂ ਵਾਤਾਵਰਨ ਨਾ ਹੋਣ 'ਤੇ ਸੋਕਾ ਪੈਂਦਾ ਹੈ ਅਤੇ ਜਦ ਤੱਕ ਮੀਹ ਦੇ ਹਾਲਾਤ ਨਹੀਂ ਬਣਦੇ ਸੋਕਾ ਵੱਧਦਾ ਰਹਿੰਦਾ ਹੈ, ਏਸ ਸਮੇਂ ਕੁਦਰਤ ਨੂੰ ਨਹੀਂ ਪਤਾ ਹੁੰਦਾ ਕਿ ਹੜ੍ਹਾਂ ਨਾਲ ਲੋਕ ਡੁੱਬਕੇ ਮਰ ਰਹੇ ਹਨ ਤੇ ਸੋਕੇ ਨਾਲ ਪਿਆਸੇ ਮਰ ਰਹੇ ਹਨ ਤੇ ਏਸੇ ਲਈ ਮੀਂਹ ਪਵਾਉਣ ਲਈ ਯੱਗ, ਪੂਜਾ ਅਤੇ ਹੋਰ ਟੂਣੇ ਟਮਾਣੇ ਕੁਦਰਤ ਨੂੰ ਦਿੱਸਦੇ ਤੇ ਸੁਣਦੇ ਨਹੀਂ ਅਜਿਹਾ ਕਰਨਾ ਮੂਰਖਤਾ ਤੋਂ ਵੱਧ ਕੁਝ ਨਹੀਂ ਹੁੰਦਾ, ਜੋ ਕੁਝ ਵੀ ਵਾਪਰਦਾ ਹੈ ਕੁਦਰਤ ਦੇ ਅਟੱਲ ਤੇ ਨਿਸ਼ਚਿਤ ਨਿਯਮਾਂ ਤੋਂ ਬਾਹਰ ਨਹੀਂ ਵਾਪਰ ਸਕਦਾ, ਮਤਲਬ ਕਿ ਕੁਦਰਤੀ ਨਿਯਮਾਂ ਦੇ ਉਲਟ ਚਮਤਕਾਰ ਜਾਂ ਕਰਾਮਾਤ ਨਹੀਂ ਵਾਪਰ ਸਕਦਾ।

**ਬਚਨਾ** : ਨਾ ਕਦੇ ਫਿਰ ਜਿਹੜੇ ਦੁਨੀਆਂ ਤੇ ਏਨੇ ਚਮਤਕਾਰ ਹੋਏ ਸੁਣਦੇ ਆਂ ਉਹ ਸਭ ਝੂਠ ਈ ਆਂ ਕਿਤੇ?

**ਜੰਟਾ** : ਬਿਲਕੁੱਲ ਝੂਠ ਐ ਚਾਚਾ ਜੀ, ਹੁਣ ਹੀ ਤਾਂ ਮੈਂ ਤੁਹਾਨੂੰ ਰੱਬ ਤੇ ਕੁਦਰਤ ਦਾ ਫਰਕ ਦੱਸਦਾਂ, ਹੁਣ ਕੁਦਰਤ ਦਾ ਨਿਯਮ ਕਹਿੰਦਾ ਐ ਕਿ ਮੇਰੇ ਹੱਥ ਵਿਚਲੀ ਕਿਤਾਬ ਨੂੰ ਜੇਕਰ ਮੈਂ ਇਸ ਥੜ੍ਹੇ 'ਤੇ ਰੱਖ ਦੇਵਾਂ ਤਾਂ ਜਦੋਂ ਇਸ ਉੱਪਰ ਬਲ ਯਾਨਿ ਕਿ ਕਿਸੇ ਜੀਵ-ਮਸ਼ੀਨ ਜਾਂ ਹਵਾ ਦੀ ਤਾਕਤ ਲੱਗੂ ਤਾਂ ਹੀ ਕਿਤਾਬ ਹਿਲ-ਜੁਲ ਸਕਦੀ ਹੈ, ਪਰ ਜੇਕਰ ਸਾਰੇ ਜਹਾਨ ਦੇ ਸਾਰੇ ਧਰਮਾਂ ਦੇ ਗ੍ਰੰਥ ਦੀ ਪਾਠ ਪੂਜਾ ਮੰਤਰਾਂ-ਤੰਤਰਾਂ ਦੀਆਂ ਗੈਬੀ ਸ਼ਕਤੀਆਂ ਅਤੇ ਤੁਹਾਡਾ ਸਰਵ ਸ਼ਕਤੀਮਾਨ ਰੱਬ ਵੀ ਇਕੱਠੇ ਹੋ ਕੇ ਇਸ ਭੋਰਾ-ਭਰ ਕਿਤਾਬ ਨੂੰ ਕੁਦਰਤੀ ਨਿਯਮਾਂ ਨੂੰ ਸਿੱਕੇ ਟੰਗ ਕੇ ਚਮਤਕਾਰੀ ਢੰਗ ਨਾਲ ਹਿਲਾ ਵੀ ਨਹੀਂ ਸਕਦੇ

**ਕਾਲਾ** : ਬਈ ਸਾਰਾ ਫ਼ਰਕ ਸਮਝ ਪੈ ਗਿਆ ਮੇਰੇ ਤਾਂ.....

**ਜੰਟਾ** : ਇਸੇ ਲਈ ਤਰਕਸ਼ੀਲ ਕਹਿੰਦੇ ਹਨ ਕਿ ਪਾਠ-ਪੂਜਾ, ਮੰਤਰਾਂ ਦੇ ਮੱਕੜਜਾਲ ਵਿੱਚੋਂ ਨਿਕਲੋ ਅਤੇ ਕੁਦਰਤੀ ਨਿਯਮਾਂ ਨੂੰ ਸਮਝ ਕੇ ਕੁਦਰਤ ਦੇ ਹੀ ਹੋਰ ਨਿਯਮ ਵਰਤਕੇ ਮਨੁੱਖੀ ਸਮਾਜ ਨੂੰ ਹੋਰ ਵੀ ਸੁੰਦਰ ਅਤੇ ਅਨੰਦਮਈ ਬਣਾਉਣ ਲਈ ਤਰਕਸ਼ੀਲ ਬਣੋ, ਤਰਕ ਪੜ੍ਹੋ, ਤਰੱਕੀ ਕਰੋ ਦਾ ਨਾਹਰਾ ਬੁਲੰਦ ਕਰੋ।

✪✪

# ਮੇਰਾ ਭਾਰਤ ਮਹਾਨ ਬਨਾਮ ਕੈਨੇਡਾ

ਜ਼ਿੰਦਗੀ ਦੇ ਕਾਫ਼ੀ ਵਰ੍ਹੇ ਮੈਂ ਮੇਰਾ ਭਾਰਤ ਮਹਾਨ ਦੀ ਮੂਲ ਪਰਿਭਾਸ਼ਾ ਸਮਝਣ ਤੋਂ ਅਸਮਰੱਥ ਰਿਹਾ। ਜਦ ਸਾਹਿਤਕ ਵਿਸ਼ਲੇਸ਼ਣ ਦਾ ਦੌਰ ਜ਼ਿੰਦਗੀ 'ਚ ਸ਼ੁਰੂ ਹੋਇਆ ਤਾਂ ਗਿਆਨ ਹੋਇਆ ਕਿ ਅਜਿਹਾ ਕਿਹੜਾ ਕਾਰਨ ਹੈ ਕਿ ਭਾਰਤ ਦੀ ਮਹਾਨਤਾ ਦਾ ਅਖੌਤੀ ਰਾਗ ਕਿਉਂ ਅਲਾਪਿਆ ਜਾ ਰਿਹਾ ਹੈ? ਦੁਨੀਆਂ ਦੇ ਕਿਸੇ ਵੀ ਮੁਲਕ ਕੋਲ ਤੇਤੀ ਕਰੋੜ ਦੇਵੀ ਦੇਵਤਿਆਂ ਦੀ ਫੌਜ ਜਾਂ ਪਾਖੰਡੀ ਸਾਧਾਂ ਸੰਤਾਂ ਦੀਆਂ ਹੇੜਾਂ ਹੈ ਹੀ ਨਹੀਂ। ਭ੍ਰਿਸ਼ਟਾਚਾਰ ਦੀ ਗੱਡੀ ਫੁਲ ਸਪੀਡਾਂ ਤੇ ਜਾ ਰਹੀ ਹੈ, ਜਿਸਦੇ ਬਰੇਕ ਫੇਲ੍ਹ ਹੋ ਚੁੱਕੇ ਹਨ। ਬੇਰੁਜ਼ਗਾਰੀ ਗਰੀਬੀ, ਫਿਰਕਾਪ੍ਰਸ਼ੀ, ਧਰਮਾਂ, ਮਜਬਾਂ ਅਤੇ ਜਾਤਾਂ-ਪਾਤਾਂ ਦੇ ਕਿੱਸੇ ਵੀ ਦਿਨ-ਬ-ਦਿਨ ਸਾਡੇ ਹੀ ਮੁਲਕ 'ਚ ਪ੍ਰਫੁਲਿਤ ਹੋ ਰਹੇ ਹਨ। ਪਿਛਲੇ ਵਰ੍ਹੇ ਮੈਨੂੰ ਦੁਨੀਆ ਦੇ ਅਤਿ ਵਿਸ਼ਾਲ ਮੁਲਕ ਕਨੇਡਾ ਜਾਣ ਦਾ ਮੌਕਾ ਪ੍ਰਾਪਤ ਹੋਇਆ, ਉਥੇ ਅਤੇ ਇਥੇ ਆਪਣੀ ਜਨਮ ਭੋਇ ਦੇ ਸਿਸਟਮ ਨੂੰ ਦੇਖ ਕੇ ਮੈਂ ਦੰਗ ਰਹਿ ਗਿਆ। ਸਰਕਾਰੀ ਅਤੇ ਗੈਰ ਸਰਕਾਰੀ ਨਿਯਮਾਂ 'ਚ ਬੱਝੀ ਦੁਨੀਆਂ, ਸੜਕਾਂ ਤੇ ਤੇਜ਼ ਦੌੜਦੀ ਜ਼ਿੰਦਗੀ ਕਿਰਤ ਸੱਭਿਆਚਾਰ ਨਾਲ ਲਬਰੇਜ ਮਨੁੱਖਤਾ, ਸ਼ੁੱਧ ਹਵਾ ਪਾਣੀ, ਪ੍ਰਕਿਰਤੀ ਨਾਲ ਮੋਹ ਆਦਿ ਵਿਸ਼ਿਆਂ ਨੂੰ ਵਾਚਣ ਦਾ ਵੀ ਮੈਨੂੰ ਸੁਭਾਗ ਪ੍ਰਾਪਤ ਹੋਇਆ। ਮੈਨੂੰ ਟਰਾਂਟੋ ਤੋਂ ਹਜ਼ਾਰਾਂ ਕਿਲੋਮੀਟਰ ਇੱਧਰ ਉੱਧਰ ਸੜਕੀ ਰਸਤੇ ਜਾਣ ਦਾ ਵੀ ਸਮਾਂ ਮਿਲਿਆ ਕੋਈ ਮੁਸ਼ਕਲ ਨਹੀਂ ਆਈ। ਸਾਡੇ ਮੁਲਕ 'ਚ ਸਿਵਲ ਅਤੇ ਪੁਲਿਸ ਪ੍ਰਸ਼ਾਸਨ 'ਤੇ ਕਸਿਆ ਰਾਜਨੀਤੀ ਦਾ ਘਾਤਕ ਕੁੰਡਾ ਹੀ ਸਾਡੇ ਮੁਲਕ ਦੀ ਤਰਾਸਦੀ ਬਣਦਾ ਜਾ ਰਿਹਾ ਹੈ। ਸਾਡੇ ਇਥੇ ਧਾਰਮਿਕ ਕੱਟੜਤਾ ਨੇ ਵੀ ਮਨੁੱਖਤਾ ਨੂੰ ਲਹੂ ਲੁਹਾਨ ਕਰਕੇ ਰੱਖ ਦਿੱਤਾ ਹੈ। ਪਰ ਉਥੇ ਕਿਸੇ ਤਰ੍ਹਾਂ ਦੇ ਧਾਰਮਿਕ ਚੀਕ ਚਿਹਾੜੇ ਦਾ ਬੋਲਬਾਲਾ ਨਹੀਂ, ਸਗੋਂ ਹਰ ਚੀਜ਼ ਸੀਮਤ ਦੌਰ 'ਚੋਂ ਗੁਜ਼ਰ ਰਹੀ ਹੈ। ਸਾਡੇ ਨਾਲੋਂ ਖੇਤਰਫ਼ਲ 'ਚ ਕਾਫ਼ੀ ਵੱਡੇ ਪਰ ਅਬਾਦੀ ਕਾਫ਼ੀ ਜ਼ਿਆਦਾ ਛੋਟੇ ਕੈਨੇਡਾ 'ਚ ਹਰ ਵਿਅਕਤੀ ਦਾ ਜਾਣ ਨੂੰ ਜੀਅ ਲਲਚਾਉਂਦਾ। ਮੈਂ ਹੈਰਾਨ ਹਾਂ ਕਿ ਲੋਕ ਕਿਉਂ ਦੇਵੀ ਦੇਵਤਿਆਂ, ਰਿਸ਼ੀਆ, ਮੁਨੀਆਂ, ਪੀਰਾਂ ਪਾਖੰਡੀ ਸਾਧਾਂ-ਸੰਤਾਂ ਦਾ ਮੁਲਕ ਛੱਡ ਕੇ ਭੱਜ ਰਹੇ ਹਨ? ਜਵਾਬ ਇਹੀ ਹੈ ਕਿ ਇਥੇ ਲੋਕ ਜ਼ਿੰਦਗੀ ਬਤੀਤ ਨਹੀਂ, ਸਗੋਂ ਦਿਨ ਕਟੀ ਕਰ ਰਹੇ ਹਨ। ਸਦੀਆਂ ਤੋਂ ਜਹਾਲਤ ਦੀ ਜ਼ਿੰਦਗੀ ਬਤੀਤ ਕਰਦੇ ਲੋਕ ਹੁਣ ਮੁਕਤੀ ਲੋਚਦੇ ਹਨ। ਕੈਨੇਡਾ ਵਰਗੇ ਮੁਲਕਾਂ 'ਚ ਮਨੁੱਖ ਨੂੰ ਹਰ ਤਰ੍ਹਾਂ ਦੀ ਅਜ਼ਾਦੀ ਹੈ, ਲੋਕ ਹਫ਼ਤਾ ਭਰ ਸਖ਼ਤ ਮਿਹਨਤ ਕਰਕੇ ਮਾਨਸਿਕ ਸੰਤੁਸ਼ਟੀ ਲਈ ਵੀਕ ਐਂਡ ਤੇ ਰੱਜਵਾਂ ਮਨੋਰੰਜਨ ਕਰਦੇ ਹਨ। ਉਥੇ ਦਾ ਤਾਣਾ-ਬਾਣਾ ਭ੍ਰਿਸ਼ਟਾਚਾਰ ਤੋਂ ਮੁਕਤ ਹੈ। ਟਰੈਫਿਕ ਸਿਸਟਮ ਬਹੁਤ ਹੀ ਸੁਰੱਖਿਅਤ ਹੈ। ਸਾਡੇ ਮੁਲਕ ਵਾਂਗ ਉਥੇ ਸੜਕਾਂ ਤੇ ਧਾਰਮਿਕ ਹਜੂਮ ਖੜਦੁੱਬ ਨਹੀਂ ਮਚਾਉਂਦੇ। ਉਥੇ ਇਕ ਦੂਸਰੇ ਦੇ ਖੂਨ ਦੀ ਪਿਆਸੀ ਮਨੁੱਖਤਾ ਆਦਮ-ਬੋ-ਆਦਮ ਨਹੀਂ ਕਰਦੀ। ਫਿਰ ਅਜਿਹੀਆਂ ਜ਼ਮੀਨ ਅਸਮਾਨ ਦੇ ਫਰਕ ਵਾਲੀਆਂ ਹਾਲਤਾਂ ਦੌਰਾਨ ਅਕਸਰ ਹੀ ਭਾਰਤ ਦੀ ਮਹਾਨਤਾ ਤੇ ਸ਼ੱਕ ਹੁੰਦਾ ਹੈ। ਹੁਣ ਤਾਂ ਇਹ ਸ਼ੱਕ ਵੀ ਯਕੀਨ 'ਚ ਬਦਲ ਗਿਆ ਹੈ ਕਿ ਭਾਰਤ ਮਹਾਨ ਨਹੀਂ ਸਗੋਂ ਵੈਰਾਨ ਹੈ। ਇਹ ਤਾਂ ਭਾਰਤੀ ਹਾਕਮਾਂ ਵਲੋਂ ਕਰੋੜਾਂ ਭਾਰਤੀਆਂ ਨੂੰ ਦਿੱਤੀ ਮਿੱਠੀ ਜ਼ਹਿਰ ਦੀ ਗੋਲੀ ਹੈ, ਜੋ ਅੱਜ ਨਹੀਂ ਤਾਂ ਕੱਲ੍ਹ ਲਾਜ਼ਮੀ ਬੇੜਾ ਗਰਕ ਕਰੇਗੀ।

**– ਰਣਜੀਤ ਝਨੇਰ**




*ਕੈਨੇਡਾ ਦੀ ਵਾਟਰਲੂ ਯੂਨੀਵਰਸਿਟੀ ਕੋਲ ਖੜ੍ਹਾ ਲੇਖਕ*

# ਕੀ ਤੁਸੀਂ ਜਾਣਦੇ ਹੋ



1. ਚੂਹਾ, ਊਠ ਨਾਲੋਂ ਜ਼ਿਆਦਾ ਦੇਰ ਤੱਕ ਪਾਣੀ ਤੋਂ ਬਿਨ੍ਹਾਂ ਰਹਿ ਸਕਦਾ ਹੈ।

2. ਅਗਰ ਕਿਸੇ ਵਿਅਕਤੀ ਦਾ ਜਿਗਰ ਕੰਮ ਕਰਨਾ ਬੰਦ ਕਰ ਦੇਵੇ ਤਾਂ ਉਸ ਵਿਅਕਤੀ ਦੀ ਮੌਤ ਅੱਠ ਤੋਂ ਚੋਵੀਂ ਘੰਟਿਆਂ ਵਿੱਚ ਹੋ ਸਕਦੀ ਹੈ।

3. 15 ਸਾਲਾਂ ਦੀ ਉਮਰ ਤੋਂ ਬਾਅਦ ਸਾਡੇ ਦਿਮਾਗ ਦਾ ਵਾਧਾ ਰੁੱਕ ਜਾਂਦਾ ਹੈ।

4. ਘੋਗਾ (Snail) ਰੇਜਰ ਬਲੇਡ ਦੇ ਉਪਰ ਬਿਨ੍ਹਾਂ ਕੱਟੇ ਚੱਲ ਸਕਦਾ ਹੈ।

5. ਧਰਤੀ ਦਾ ਚੁੰਬਕੀ ਉਤਰ, ਉੱਤਰੀ ਧਰੁਵ ਤੋਂ 1500 ਮੀਲ ਪਰ੍ਹੇ (ਦੂਰ) ਹੈ।

6. ਲਾਲ ਸਮੁੰਦਰ ਸਭ ਤੋਂ ਗਰਮ ਅਤੇ ਲੂਣਾ ਸਮੁੰਦਰ ਹੈ। ਇਸ ਵਿੱਚ ਲੂਣ ਦੀ ਮਾਤਰਾ 43 ਤੋਂ 46 ਗ੍ਰਾਮ ਪ੍ਰਤੀ ਲੀਟਰ ਪਾਣੀ ਵਿਚ ਮਿਲਦੀ ਹੈ।

7. ਮੁਰਗੀਆਂ ਇੰਦਰ ਧਨੁਸ਼ (Rainbow) ਦੇ ਸਾਰੇ ਰੰਗਾਂ ਵਿਚਕਾਰ ਫ਼ਰਕ ਕੱਢ ਸਕਦੀਆਂ ਹਨ।

8. ਰੇਸ਼ਮ ਦਾ ਕੀੜਾ ਆਪਣੇ ਭਾਰ ਨਾਲੋਂ 86000 ਗੁਣਾ ਜ਼ਿਆਦਾ ਭੋਜਨ, 56 ਦਿਨਾਂ ਵਿੱਚ ਖਾ ਸਕਦਾ ਹੈ।

9. ਕੰਗਾਰੂ ਦੇ ਮੀਟ ਵਿਚ ਕਲਸਟਰੋਲ ਨਹੀਂ ਹੁੰਦੀ।

10. ਤਾਰਾ ਮੱਛੀ (Starfish) ਦੀ ਹਰ ਬਾਜੂ ਦੇ ਅੰਤ 'ਚ ਇੱਕ ਅੱਖ ਹੁੰਦੀ ਹੈ।



11. ਸਭ ਤੋਂ ਜ਼ਿਆਦਾ ਧਰਤੀ ਉਤੇ ਕੀੜਿਆਂ ਦੀਆਂ ਕਿਸਮਾਂ ਹਨ। ਧਰਤੀ ਉਤੇ ਇਨ੍ਹਾਂ ਦੀਆਂ 9,50,000 ਜਾਤੀਆਂ ਉਪਲੱਬਧ ਹਨ।

12. ਪਾਣੀ ਦੀ ਇਕ ਬੂੰਦ ਵਿਚ ਲਗਭਗ 100 ਬਿਲੀਅਨ ਪ੍ਰਮਾਣੂ ਹੁੰਦੇ ਹਨ।

13. $40^0$ ਸੈਲਸੀਅਸ ਤਾਪਮਾਨ, $-40^0$F ਦੇ ਬਰਾਬਰ ਹੁੰਦਾ ਹੈ।

14. ਮਨੁੱਖੀ ਜੁਬਾੜੇ 279 ਕਿਲੋਗ੍ਰਾਮ ਭਾਰ ਚੱਕ ਸਕਦੇ ਹਨ।

15. ਸਾਰੇ ਜਾਨਵਰ ਮਨੁੱਖ ਅਤੇ ਬਾਂਦਰ ਨੂੰ ਛੱਡ ਕੇ ਰੰਗਾਂ ਦੀ ਪਹਿਚਾਨ ਨਹੀਂ ਕਰ ਸਕਦੇ। ਇਹ ਕਲਰ ਬਲਾਇੰਡ (Colorblind) ਹਨ।

16. ਰੇਸ਼ਮ ਦਾ ਕੀੜਾ ਅਸਲ ਵਿਚ ਕੀੜਾ ਨਹੀਂ ਹੈ, ਇਹ ਕੈਟਰਪਿਲਰ (Catterpillar) ਹੈ।

17. ਤਿੱਤਲੀ ਵੇਖਣ ਸਮੇਂ ਆਪਣੀਆਂ 12000 ਅੱਖਾਂ ਦੀ ਵਰਤੋਂ ਕਰਦੀ ਹੈ।

18. ਸੋਡਾ ਪਾਣੀ ਦੀ ਬੋਤਲ ਵਿੱਚ ਸੋਡਾ ਨਹੀਂ ਹੁੰਦਾ।

19. 200 ਤੋਂ ਜ਼ਿਆਦਾ ਤਰ੍ਹਾਂ ਦੇ ਵਾਇਰਸ ਹਨ, ਜੋ ਸਾਡੇ ਜੁਕਾਮ ਪੈਦਾ ਕਰਦੇ ਹਨ।

20. ਹਾਥੀ ਕਦੇ ਕੁੱਦ ਨਹੀਂ ਸਕਦੇ।

21. ਕਰੀਮ ਨਾਲੋਂ ਦੁੱਧ ਭਾਰਾ ਹੁੰਦਾ ਹੈ।

22. ਆਈਸ ਕਰੀਮ ਦੀ ਖੋਜ ਗੀਗਲਡ ਤੀਸੈਨ ਨੇ 1620 ਈਸਵੀ ਵਿਚ ਕੀਤੀ ਸੀ।

23. ਇਕ ਮਾਈਟੋ ਕੋਂਡਰੀਆ 37 ਜੀਨਾਂ ਤੋਂ ਬਣਿਆ ਹੁੰਦਾ ਹੈ।

24. ਗੁਰੁਤਾ ਖਿੱਚ ਦੀ ਖੋਜ, ਸਰ ਆਈਜੈਕ ਨਿਊਟਨ ਨੇ 1666 ਈ. ਵਿਚ ਕੀਤੀ ਸੀ।

25. ਐਂਟੀ ਮੈਟਰ ਦੀ ਖੋਜ ਪਾਲ ਡੀਰੈਕਸਰਨ ਨੇ 1995 ਵਿਚ ਕੀਤੀ। ਇਕ ਮਿਲੀਗ੍ਰਾਮ ਐਂਟੀਮੈਟਰ ਬਣਾਉਣ ਤੇ 150 ਬਿਲੀਅਨ ਅਮਰੀਕੀ ਡਾਲਰ ਖਰਚਾ ਆਉਂਦਾ ਹੈ।

26. ਚਾਲਕ ਵਿਚ ਇਲੈਕਟ੍ਰਾਨ ਦੀ ਰਫ਼ਤਾਰ 0.1 ਮਿਲੀਮੀਟਰ ਪ੍ਰਤੀ ਸਕਿੰਟ ਹੁੰਦੀ ਹੈ।

27. ਚੁੰਬਕੀ ਧਰੁਵ ਦੇ ਪਲਟਨ (ਦਿਸ਼ਾ ਬਦਲਣ) ਦੀ ਰਫ਼ਤਾਰ 40 ਕਿਲੋਮੀਟਰ ਪ੍ਰਤੀ ਸਾਲ ਹੈ।

28. ਊਠ ਦੇ ਪਿੱਤਾ (Gall bladder) ਨਹੀਂ ਹੁੰਦਾ

*- ਅੰਗਰੇਜ ਸਿੰਘ, ਫਾਜ਼ਿਲਕਾ ਮੋਬਾ: 99144-21388*

# ਮਹਾਨ ਵਿਗਿਆਨਕ ਸਟੀਫਨ ਹਾਕਿੰਗ ਨਾਲ ਇੱਕ ਮੁਲਾਕਾਤ

ਇੰਗਲੈਂਡ ਦੇ ਭੌਤਿਕ ਵਿਗਿਆਨੀ ਡਾ. ਸਟੀਫਨ ਹਾਕਿੰਗ ਨੂੰ 21 ਸਾਲ ਦੀ ਉਮਰ ਵਿਚ ਹੀ ਇੱਕ ਅਜਿਹੀ ਦਿਮਾਗੀ ਬਿਮਾਰੀ ਹੋ ਗਈ ਸੀ ਜਿਸਨੂੰ ਮੀਓਟਰੋਟ ਲੇਟਰਲ ਸਕਲੈਰੋਸਿਸ ਕਿਹਾ ਜਾਂਦਾ ਹੈ। ਆਮ ਤੌਰ ’ਤੇ ਇਸ ਬਿਮਾਰੀ ਵਾਲਾ ਰੋਗੀ ਪੰਜ ਸਾਲਾਂ ਵਿੱਚ ਹੀ ਖਤਮ ਹੋ ਜਾਂਦਾ ਹੈ ਪਰ ਹਾਕਿੰਗ ਨੇ ਜ਼ਿੰਦਗੀ ਬਤੀਤ ਹੀ ਨਹੀਂ ਕੀਤੀ ਸਗੋਂ ਅਪੰਗਤਾ ਨੂੰ ਮਖੌਲ ਕੀਤਾ ਹੈ। ਅੱਜ ਉਹ ਦੁਨੀਆਂ ਦੇ ਸਭ ਤੋਂ ਵੱਧ ਪ੍ਰਸਿੱਧ ਵਿਗਿਆਨਕਾਂ ਵਿੱਚੋਂ ਇਕ ਹੈ। 1960 ਵਿੱਚ ਉਸਨੇ ਪੈਨਰੋਜ਼ ਨਾਲ ਮਿਲਕੇ ਬਲੈਕ ਹੋਲਕਾਂ ਦੇ ਰਹੱਸਾਂ ਨੂੰ ਗਣਿਤਕ ਫਾਰਮੂਲਿਆਂ ਰਾਹੀਂ ਹੱਲ ਕਰਨ ਦਾ ਯਤਨ ਕੀਤਾ। 1973 ਵਿੱਚ ਉਸਨੇ ਆਈਨਸਟਾਈਨ ਦੇ ਰੇਲੇਟਵਿਟੀ ਦੇ ਸਿਧਾਂਤ ਨੂੰ ਕੁਆਂਟਮ ਮਕੈਨਿਜ਼ਮ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਸਿੱਧ ਕੀਤਾ ਕਿ ਬਲੈਕ ਹੋਣ ਪੂਰੀ ਤਰ੍ਹਾਂ ਕਾਲੇ ਨਹੀਂ ਹਨ ਸਗੋਂ ਇਨ੍ਹਾਂ ਵਿੱਚੋਂ ਵੀ ਤਾਪ ਕਿਰਨਾਂ ਲੀਕ ਹੋ ਸਕਦੀਆਂ ਹਨ ਆਖਰਕਾਰ ਇਹ ਵੀ ਖ਼ਤਮ ਹੋ ਜਾਂਦੇ ਹਨ। 1988 ਵਿੱਚ ਸਾਧਾਰਣ ਜਨਤਾ ਨੂੰ ਬ੍ਰਹਿਮੰਡ ਬਾਰੇ ਸਮਝਾਉਣ ਲਈ ਉਸਨੇ ਇੱਕ ਕਿਤਾਬ ਲਿਖੀ ਜਿਸਦਾ ਨਾਂ ‘ਸਮੇਂ ਦਾ ਸੰਖੇਪ ਇਤਿਹਾਸ’ ਸੀ। ਇਸ ਕਿਤਾਬ ਦੀਆਂ ਇੱਕ ਕਰੋੜ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ। ਦੋ ਸਾਲ ਇਹ ਦੁਨੀਆਂ ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਰਹੀ।

*ਇੰਗਲੈਂਡ ਦੇ ਭੌਤਿਕ ਵਿਗਿਆਨੀ ਡਾ. ਸਟੀਫਨ ਹਾਕਿੰਗ ਨੂੰ 21 ਸਾਲ ਦੀ ਉਮਰ ਵਿਚ ਹੀ ਇੱਕ ਅਜਿਹੀ ਦਿਮਾਗੀ ਬਿਮਾਰੀ ਹੋ ਗਈ ਸੀ ਜਿਸਨੂੰ ਮੀਓਟਰੋਟ ਲੇਟਰਲ ਸਕਲੈਰੋਸਿਸ ਕਿਹਾ ਜਾਂਦਾ ਹੈ। ਆਮ ਤੌਰ ’ਤੇ ਇਸ ਬਿਮਾਰੀ ਵਾਲਾ ਰੋਗੀ ਪੰਜ ਸਾਲਾਂ ਵਿੱਚ ਹੀ ਖਤਮ ਹੋ ਜਾਂਦਾ ਹੈ ਪਰ ਹਾਕਿੰਗ ਨੇ ਜ਼ਿੰਦਗੀ ਬਤੀਤ ਹੀ ਨਹੀਂ ਕੀਤੀ ਸਗੋਂ ਅਪੰਗਤਾ ਨੂੰ ਮਖੌਲ ਕੀਤਾ ਹੈ। ਅੱਜ ਉਹ ਦੁਨੀਆਂ ਦੇ ਸਭ ਤੋਂ ਵੱਧ ਪ੍ਰਸਿੱਧ ਵਿਗਿਆਨਕਾਂ ਵਿੱਚੋਂ ਇੱਕ ਹੈ।*

69 ਸਾਲਾਂ ਦੀ ਉਮਰ ਵਿੱਚ ਅੱਜ ਉਹ ਆਪਣੇ ਵਾਲੀ ਬਿਮਾਰੀ ਨਾਲ ਜਿਉਂਦੇ ਰਹਿਣ ਵਾਲੇ ਵਿਅਕਤੀਆਂ ਵਿੱਚੋਂ ਸਭ ਤੋਂ ਲੰਬੀ ਉਮਰ ਦਾ ਹੈ। ਅੱਜ ਵੀ ਉਹ ਆਪਣੇ ਕੰਪਿਊਟਰ ਦੀ ਸਹਾਇਤਾ ਨਾਲ ਹੀ ਬੋਲ ਸਕਦਾ ਹੈ,

ਲੂਸੀ ਹਾਕਿੰਗ ਉਸਦੀ 40 ਸਾਲਾਂ ਧੀ ਹੈ। ਦਸ ਸੁਆਲ ਉਸਨੂੰ ਭੇਜੇ ਗਏ। ਉਸਨੇ ਇਹ ਸੁਆਲ ਆਪਣੇ ਪਿਤਾ ਨੂੰ ਪੜ ਕੇ ਸੁਣਾਏ। ਹਾਕਿੰਗ ਨੇ ਉਨ੍ਹਾਂ ਦਾ ਜੁਆਬ ਦਿੱਤਾ।

**ਪੈਨ ਸਟਾਕਿੰਗ** : ਡਾ. ਹਾਕਿੰਗ, ਤੁਹਾਡਾ ਧੰਨਵਾਦ ਤੁਸੀਂ ਟਾਈਮਜ ਮੈਗਜ਼ੀਨ ਲਈ ਸਮਾਂ ਕੱਢਿਆ। ਤੁਸੀਂ ਆਪਣਾ ਸਮਾਂ ਕਿਵੇਂ ਬਤੀਤ ਕਰਦੇ ਹੋ?

**ਸਟੀਫਨ** : ਮੈਂ ਸਵੇਰੇ ਸੰਦੇਹਾ ਉੱਠਦਾ ਹਾਂ ਅਤੇ ਆਪਣੇ ਦਫ਼ਤਰ ਜਾਂਦਾ ਹੈ ਉੱਥੇ ਮੈਂ ਆਪਣੇ ਸਾਥੀਆਂ ਅਤੇ ਕੈਂਬਰਿਜ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਕੰਮ ਕਰਦਾ ਹਾਂ। ਈ ਮੇਲ ਰਾਹੀਂ ਮੈਂ ਪੂਰੀ ਦੁਨੀਆਂ ਦੇ ਵਿਗਿਆਨਕਾਂ ਨਾਲ ਸੰਪਰਕ ਕਰਦਾ ਹਾਂ।

ਬੇਸ਼ੱਕ ਮੇਰੀ ਅਪਾਹਜਤਾ ਕਾਰਨ ਮੈਨੂੰ ਸਹਿਯੋਗੀ ਦੀ ਲੋੜ ਹੁੰਦੀ ਹੈ। ਪਰੰਤੂ ਮੈਂ ਆਪਣੀਆਂ ਸੀਮਤਾਈਆਂ ਦੇ ਬਾਵਜੂਦ ਇੱਕ ਭਰਪੂਰ ਜ਼ਿੰਦਗੀ ਜਿਉਣ ਦਾ ਯਤਨ ਕੀਤਾ ਹੈ। ਮੈਂ ਐਂਟਰਾਟਿਕਾ ਤੋਂ ਲੈ ਕੇ ਜੀਰੋ ਗੁਰੂਤਾ ਤੱਕ ਸਾਰੀ ਦੁਨੀਆ ਘੁੰਮੀ ਹੈ। ਸ਼ਾਇਦ ਕਿਸੇ ਦਿਨ ਮੈਂ ਪੁਲਾੜ ਵਿੱਚ ਵੀ ਜਾਵਾਂਗਾ।

**ਪ੍ਰਸ਼ਨ** : ਪੁਲਾੜ ਦੀ ਗੱਲ ਚੱਲੀ ਹੈ। ਇਸੇ ਹਫ਼ਤੇ ਦੇ ਸ਼ੁਰੂ ਵਿਚ ਤੁਹਾਡੀ ਧੀ ਲੂਸੀ ਅਤੇ ਐਰੀਜੋਨਾ ਯੂਨੀਵਰਸਿਟੀ ਦੇ ਭੌਤਿਕ ਵਿਗਿਆਨੀ ਪਾਲ ਡੇਵੀਜ ਨੇ ਕਿਹਾ ਕਿ ਬਾਹਰਲੀਆਂ ਸਭਿਆਤਾਵਾਂ ਨਾਲ ਸੰਪਰਕ ਕਰਨਾ ਮਨੁੱਖ ਜਾਤੀ ਲਈ ਚੰਗਾ ਨਹੀਂ। ਕੀ ਤੁਸੀਂ ਲੂਸੀ ਨੂੰ ਇਹ ਨਹੀਂ ਸੀ ਕਿਹਾ?

**ਸਟੀਫਨ** : ਪਹਿਲਾ ਮੈਂ ਇਹ ਕਿਹਾ ਸੀ ਕਿ ਐਲੀਅਨਜ ਨਾਲ ਸੰਪਰਕ ਕਰਨਾ ਨੁਕਸਾਨਦਾਇਕ



**ਮੇਘ ਰਾਜ ਮਿੱਤਰ**
*tarksheel@yahoo.com*

ਹੋ ਸਕਦਾ ਹੈ ਕਿਉਂਕਿ ਉਹ ਪਤਾ ਨਹੀਂ ਸਾਥੋਂ ਕਿੰਨਾ ਕੁ ਜ਼ਿਆਦਾ ਐਡਵਾਂਸ ਹੋਣਗੇ। ਸਾਡੀ ਸਭਿਅਤਾ ਉਨ੍ਹਾਂ ਦੇ ਮੁਕਾਬਲੇ ਟਿਕ ਨਹੀਂ ਸਕੇਗੀ। ਕਲਪਨਾ ਕਰੋ ਕਿ ਐਲੀਅਨਜ ਪਹਿਲਾ ਹੀ ਸਾਡੇ ਨਾਲ ਸੰਪਰਕ ਕਰ ਚੁੱਕੇ ਹਨ ਅਤੇ ਅਸੀਂ ਜੁਆਬ ਦੇਣਾ ਹੈ।

ਮੈਂ ਸਮਝਦਾ ਹਾਂ ਕਿ ਅਜਿਹੇ ਸੁਆਲ ਵਿਦਿਆਰਥੀਆਂ ਨੂੰ ਕਰਨੇ ਚਾਹੀਦੇ ਹਨ। ਇਸਦਾ ਮਤਲਬ ਹੈ ਕਿ ਵਿਦਿਆਰਥੀ ਇਹ ਜਾਣਨ ਕਿ ਅਸੀਂ ਕੌਣ ਹਾਂ ਅਤੇ ਅਸੀਂ ਕੀ ਕੀਤਾ ਹੈ?

**ਪੇਨ ਸਟਾਕਿੰਗ** : ਮੇਰੇ ਇਹ ਸੁਆਲ ਪੁੱਛਣ ਦਾ ਮਤਲਬ ਤੁਹਾਡੀ ਬੇਇੱਜ਼ਤੀ ਕਰਨਾ ਨਹੀਂ। ਏ. ਐਲ. ਐਸ. ਬਿਮਾਰੀ ਦੇ ਕੁਝ ਮਾਹਰਾਂ ਦਾ ਖਿਆਲ ਹੈ ਕਿ ਤੁਹਾਨੂੰ ਇਹ ਬਿਮਾਰੀ ਨਹੀਂ। ਨਹੀਂ ਤਾਂ ਤੁਸੀਂ ਹੁਣ ਤੱਕ ਐਨਾ ਚੰਗਾ ਜੀਵਨ ਬਤੀਤ ਨਹੀਂ ਸੀ ਕਰ ਸਕਦੇ। ਤੁਸੀਂ ਇਸ ਕਿਸਮ ਦੇ ਵਿਚਾਰਾਂ ਨਾਲ ਕਿਵੇਂ ਨਜਿੱਠਦੇ ਹੋ?

ਹੋ ਸਕਦਾ ਹੈ ਮੈਨੂੰ ਉਹ ਮੋਟਰ ਨਿਊਰਾਨ ਡਿਜੀਜ ਨਾ ਹੋਵੇ ਜੋ ਦੋ ਤਿੰਨ ਸਾਲਾਂ ਵਿੱਚ ਬੰਦੇ ਨੂੰ ਖਤਮ ਕਰ ਦਿੰਦੀ ਹੈ। ਇੱਕ ਗੱਲ ਜ਼ਰੂਰ ਹੈ ਕਿ ਮੈਂ ਚੰਗੀ ਨੌਕਰੀ ਕਰਦਾ ਹਾਂ ਤੇ ਮੇਰੀ ਦੇਖਭਾਲ ਵੀ ਬਹੁਤ ਵਧੀਆ ਢੰਗ ਨਾਲ ਹੋ ਰਹੀ ਹੈ। ਬੀਮਾਰੀ ਬਾਰੇ ਮੈਂ ਕੋਈ ਚੰਗਾ ਰਵੱਈਆ ਨਹੀਂ ਰੱਖਦਾ ਪਰ ਮੈਨੂੰ ਇਸ ਨੇ ਆਪਣੇ ਆਪ ਨੂੰ ਤਰਸਯੋਗ ਬਣਾਉਣਾ ਨਹੀਂ ਸਿਖਾਇਆ। ਮੈਂ ਇਹ ਬਿਮਾਰੀ ਹੋਣ ਤੋਂ ਪਹਿਲਾ ਵਾਲੀਆਂ ਹਾਲਤਾਂ ਨਾਲੋਂ ਜ਼ਿਆਦਾ ਖੁਸ਼ ਹਾਂ ਕਿਉਂਕਿ ਮੈਂ ਸਿਧਾਂਤਕ ਭੌਤਿਕ ਵਿਗਿਆਨ ਤੇ ਕੰਮ ਕਰ ਰਿਹਾ ਹਾਂ ਜਿਸ ਲਈ ਇਹ ਬਿਮਾਰੀ ਵੱਡੀ ਰੁਕਾਵਟ ਨਹੀਂ।

**ਪੇਨ ਸਟਾਕਿੰਗ** : ਜਿਨ੍ਹਾਂ ਨੂੰ ਇਹ ਬਿਮਾਰੀ ਹੋ ਚੁੱਕੀ ਹੈ ਉਨ੍ਹਾਂ ਨੂੰ ਤੁਸੀਂ ਕੀ ਕਹਿਣਾ ਚਾਹੋਗੇ?

**ਸਟੀਫਨ** : ਉਨ੍ਹਾਂ ਅਪਾਹਜ ਲੋਕਾਂ ਨੂੰ ਮੈਂ ਕਹਿਣਾ ਚਾਹਾਂਗਾ ਕਿ ਉਹ ਕੰਮ ਕਰਨ ਜਿਸ ਵਿੱਚ ਉਨ੍ਹਾਂ ਦੀ ਅਪਾਹਜਤਾ ਕੋਈ ਅੜਿੱਕਾ ਨਾ ਬਣਦੀ ਹੋਵੇ। ਉਨ੍ਹਾਂ ਅੰਕੜਿਆਂ ਤੇ ਅਫਸੋਸ ਨਾ ਕਰੋ ਜੋ ਇਸ ਵਿਚ ਰੁਕਾਵਟ ਬਣਦੇ ਹਨ। ਸੋਚ ਤੋਂ ਤੇ ਸਰੀਰ ਤੋਂ ਅਪਾਹਜ ਨਾ ਬਣੋ।

**ਪੇਨ ਸਟਾਕਿੰਗ** : ਸਵਿੱਟਜ਼ਰਲੈਂਡ ਵਿੱਚ ਚੱਲ ਰਹੇ ਮਹਾਂ ਪ੍ਰਯੋਗਾਂ ਦੇ ਨਤੀਜਿਆਂ ਤੋਂ ਕੀ ਤੁਸੀਂ ਨਿਰਾਸ਼ ਹੋ?

ਇਸ ਮਹਾਂ ਪ੍ਰਯੋਗ ਦੇ ਨਤੀਜਿਆਂ ਬਾਰੇ ਸਮੇਂ ਤੋਂ ਪਹਿਲਾ ਕੁਝ ਕਹਿਣਾ ਠੀਕ ਨਹੀਂ। ਅਜੇ ਪੂਰੀ ਸ਼ਕਤੀ ਨਾਲ ਚੱਲਣ ਲਈ ਇਸਨੂੰ ਦੋ ਸਾਲ ਹੋਰ ਲੱਗਣੇ ਹਨ। ਜਦੋਂ ਇਹ ਚੱਲ ਪਵੇਗੀ ਇਸ ਵਿੱਚ ਕਣ ਹੁਣ ਨਾਲੋਂ ਪੰਜ ਗੁਣਾਂ ਤੇਜ਼ ਗਤੀ ਨਾਲ ਦੌੜਨਗੇ।

ਅੱਜ ਅਸੀਂ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹਾਂ ਕਿ ਇਸਦੇ ਨਤੀਜੇ ਕੀ ਹੋਣਗੇ। ਅਸੀਂ ਨਵੇਂ ਪ੍ਰਯੋਗ ਰਾਹੀਂ ਨਵੀਆਂ ਨਿਰੀਖਣਾਂ ਪ੍ਰਾਪਤ ਕਰਾਂਗੇ। ਅਕਸਰ ਕਈ ਵਾਰ ਸਾਨੂੰ ਅਜਿਹੀਆਂ ਚੀਜ਼ਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਦੀ ਸਾਨੂੰ ਕੋਈ ਆਸ ਨਹੀਂ ਹੁੰਦੀ। ਇਸ ਲਈ ਹੀ ਭੌਤਿਕੀ ਸੱਚੀਓਂ ਹੀ ਦਿਲਚਸਪ ਹੋ ਜਾਂਦੀ ਹੈ ਕਿਉਂਕਿ ਅਸੀਂ ਬ੍ਰਹਿਮੰਡ ਬਾਰੇ ਨਵਾਂ ਕੁਝ ਜਾਣ ਰਹੇ ਹਾਂ।

**ਪੇਨ ਸਟਾਕਿੰਗ** : ਤੁਹਾਡੀ ਕਿਤਾਬ "ਸਮੇਂ ਦੇ ਸੰਖੇਪ ਇਤਿਹਾਸ" ਦੀ ਸਫਲਤਾ ਬਾਰੇ ਤੁਸੀਂ ਦੱਸਿਆ ਹੀ ਹੈ। ਕੀ ਤੁਸੀਂ ਇਸਦੀ ਸਫਲਤਾ ਤੇ ਹੈਰਾਨ ਹੋ? ਕੀ ਇਹ ਤੁਹਾਡੇ ਬਹੁਤੇ ਪਾਠਕਾਂ ਨੂੰ ਸਮਝ ਵਿੱਚ ਆ ਗਈ ਹੈ? ਇਸ ਕਿਤਾਬ ਦੀ ਵਿਗਿਆਨਕ ਪੜ੍ਹਾਈ ਨੂੰ ਕੀ ਦੇਣ ਹੈ?

ਸਟੀਫਨ ਹਾਕਿੰਗ : ਮੈਨੂੰ ਇਸ ਗੱਲ ਦੀ ਉਮੀਦ ਨਹੀਂ ਸੀ ਕਿ "ਸਮੇਂ ਦਾ ਸੰਖੇਪ ਇਤਿਹਾਸ" ਐਨੀ ਵਿਕੇਗੀ। ਇਹ ਮੇਰੀ ਪਹਿਲੀ ਪਾਪੂਲਰ ਕਿਤਾਬ ਸੀ।

ਇਸ ਵਿਚ ਮੇਰੀ ਦਿਲਚਸਪੀ ਵੀ ਵਧੀ। ਪਹਿਲਾ ਇਹ ਬਹੁਤ ਸਾਰੇ ਲੋਕਾਂ ਦੀ ਸਮਝ ਤੋਂ ਬਾਹਰ ਸੀ। ਫਿਰ ਮੈਂ ਇੱਕ ਹੋਰ ਸੁਖਾਲੀ ਕਿਤਾਬ ਲਿਖਣ ਦਾ ਮਨ ਬਣਾਇਆ। ਮੈਂ ਪਹਿਲੀ ਕਿਤਾਬ ਵਿੱਚ ਨਵੀਆਂ ਖੋਜਾਂ ਪਾਉਣ ਦਾ ਯਤਨ ਕੀਤਾ ਅਤੇ ਔਖੀਆਂ ਗੱਲਾਂ ਕੱਢੀਆਂ ਵੀ। ਇਸ ਤਰ੍ਹਾਂ ਇੱਕ ਨਵੀਂ ਕਿਤਾਬ "ਸਮੇਂ ਦਾ ਹੋਰ ਸੰਖੇਪ ਇਤਿਹਾਸ" ਤਿਆਰ ਹੋ ਗਈ।

**ਪੇਨ ਸਟਾਕਿੰਗ** : ਭਾਵੇਂ ਤੁਸੀਂ ਆਪਣੇ ਸਿਆਸੀ ਵਿਚਾਰਾਂ ਨੂੰ ਪ੍ਰਗਟ ਕਰਨ ਤੋਂ ਬਚਦੇ ਹੋ? ਤੁਸੀਂ ਪਿਛਲੇ ਸਾਲ ਅਮਰੀਕਾ ਵਿੱਚ "ਸਿਹਤ ਦੀ ਦੇਖਭਾਲ" ਸੰਬੰਧੀ ਬਹਿਸ ਵਿੱਚ ਭਾਗ ਲਿਆ। ਤੁਸੀਂ ਅਜਿਹਾ ਕਿਉਂ ਕੀਤਾ?

**ਸਟੀਫਨ ਹਾਕਿੰਗ** : ਅਮਰੀਕਾ ਦੀ ਪ੍ਰੈਸ ਵਿੱਚ ਇਹ ਪ੍ਰਚਾਰ ਹੋਇਆ ਸੀ ਕਿ ਬ੍ਰਿਟਿਸ਼ ਦੀ ਨੈਸ਼ਨਲ ਹੈਲਥ ਸਰਵਿਸ ਨੇ ਮੈਨੂੰ ਮਾਰ ਦੇਣਾ ਸੀ। ਮੈਂ ਇੰਗਲੈਂਡ ਦਾ ਨਾਗਰਿਕ ਹਾਂ ਇਸ ਲਈ ਮੇਰੇ ਵਾਸਤੇ ਇਸ ਸਬੰਧੀ ਇੱਕ ਬਿਆਨ ਜਾਰੀ ਕਰਨਾ ਜ਼ਰੂਰੀ ਹੋ ਗਿਆ ਸੀ।

ਮੈਂ ਇੰਗਲੈਂਡ ਦਾ ਨਾਗਰਿਕ ਹਾਂ। ਪਿਛਲੇ 40 ਸਾਲ ਤੋਂ ਨੈਸ਼ਨਲ ਹੈਲਥ ਸਰਵਿਸ ਇੰਗਲੈਂਡ ਨੇ ਮੇਰੀ ਬਹੁਤ ਦੇਖਭਾਲ ਕੀਤੀ ਹੈ। ਮੈਂ ਸਮੁੱਚੀ ਦੁਨੀਆਂ ਦੀ ਹੈਲਥ ਕੇਅਰ ਵਿੱਚ ਵੀ ਯਕੀਨ ਰੱਖਦਾ ਹਾਂ। ਇਹ ਕਹਿਣ ਵਿੱਚ ਮੈਨੂੰ ਕੋਈ ਡਰ ਨਹੀਂ।

**ਪੇਨ ਸਟਾਕਿੰਗ** : ਪਿਛਲੇ ਕੁਝ ਮਹੀਨਿਆਂ ਵਿੱਚ ਧਰਤੀ ਤੇ ਵੱਡੀਆਂ ਤਬਾਹੀਆਂ ਹੋਈਆਂ ਹਨ। ਜਦੋਂ ਤੁਸੀਂ ਭੂਚਾਲਾਂ, ਇਨਕਲਾਬਾਂ, ਕਾਊਂਟਰ ਇਨਕਲਾਬਾਂ ਅਤੇ ਪ੍ਰਮਾਣੂ ਵਿਕਾਸ ਬਾਰੇ ਪੜ੍ਹਦੇ ਹੋ ਤਾਂ ਤੁਹਾਡੇ 'ਤੇ ਕੀ ਅਸਰ ਹੁੰਦਾ ਹੈ? ਕੀ ਤੁਸੀਂ ਵੀ ਸਾਡੀ ਤਰ੍ਹਾਂ ਹਿੱਲ ਜਾਂਦੇ ਹੋ?

**ਸਟੀਫਨ** : ਮੈਂ ਕਈ ਵਾਰ ਜਾਪਾਨ ਗਿਆ ਹਾਂ ਅਤੇ ਮੇਰਾ ਭਰਪੂਰ ਸੁਆਗਤ ਹੋਇਆ ਹੈ। ਮੈਨੂੰ ਆਪਣੇ ਜਾਪਾਨੀ ਸਾਥੀਆਂ ਲਈ ਡੂੰਘੀ ਹਮਦਰਦੀ ਹੈ ਜੋ ਇਸ ਕੁਦਰਤੀ ਬਿਪਤਾ ਦਾ ਸ਼ਿਕਾਰ ਹੋਏ ਹਨ। ਮੈਨੂੰ ਉਮੀਦ ਹੈ ਸੰਸਾਰ ਭਾਈਚਾਰਾ ਉਨ੍ਹਾਂ ਨੂੰ ਇਸ ਸੰਕਟ ਵਿੱਚ ਬਾਹਰ ਕੱਢਣ ਲਈ ਭਰਪੂਰ ਸਹਿਯੋਗ ਕਰੇਗਾ। ਮਾਨਵ ਜਾਤੀ ਅਜਿਹੀਆਂ ਕੁਦਰਤੀ ਬਿਪਤਾਵਾਂ ਅਤੇ ਔਖੀਆਂ ਹਾਲਤਾਂ ਵਿੱਚੋਂ ਸੁਰੱਖਿਅਤ ਨਿਕਲੀ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਮਾਨਵ ਜਾਤੀ ਭਿਆਨਕ ਔਖਿਆਈਆਂ ਨੂੰ ਸਰ ਕਰਨ ਦੇ ਸਮਰੱਥ ਹੈ।

**ਪੇਨ ਸਟਾਕਿੰਗ** : ਜੇ ਸਮੇਂ ਵਿੱਚ ਵਾਪਸ ਜਾਣਾ ਸੰਭਵ ਹੋਵੇ ਜਿਵੇਂ ਕਿ ਕਈ ਭੌਤਿਕ ਵਿਗਿਆਨੀ ਸੋਚਦੇ ਹਨ। ਤੁਸੀਂ ਅਜਿਹੇ ਕਿਸ ਪਲ ਵਿੱਚ ਵਾਪਸ ਜਾਣਾ ਚਾਹੋਗੇ? ਇਸ ਦਾ ਮਤਲਬ ਹੈ ਕਿ ਤੁਹਾਡੀ ਜ਼ਿੰਦਗੀ ਦਾ ਸਭ ਤੋਂ ਆਨੰਦਦਾਇਕ ਪਲ ਕਿਹੜਾ ਸੀ?

**ਸਟੀਫਨ ਹਾਕਿੰਗ** : ਮੈਂ 1967 ਵਿੱਚ ਵਾਪਸ ਜਾਣਾ ਚਾਹਾਂਗਾ ਕਿਉਂਕਿ ਉਸ ਸਮੇਂ ਮੇਰੀ ਪਹਿਲੀ ਸੰਤਾਨ ਰਾਬਰਟ ਪੈਦਾ ਹੋਇਆ ਸੀ। ਮੇਰੇ ਤਿੰਨ ਬੱਚਿਆਂ ਨੇ ਮੈਨੂੰ ਅਥਾਹ ਖੁਸ਼ੀ ਦਿੱਤੀ ਹੈ।

**ਪੇਨ ਸਟਾਕਿੰਗ** : ਫਰਮੀ ਲੈਬ ਦੇ ਵਿਗਿਆਨਕਾਂ ਨੇ ਇਹ ਘੋਸ਼ਣਾ ਕੀਤੀ ਹੈ ਕਿ ਉਨ੍ਹਾਂ ਨੇ ਕੁਦਰਤ ਦੀ ਨਵੀਂ ਸ਼ਕਤੀ ਹਿੱਗ ਨੂੰ ਲੱਭ ਲਿਆ ਹੈ। ਤੁਸੀਂ ਇਸ ਬਾਰੇ ਕੀ ਸੋਚਦੇ ਹੋ?

**ਸਟੀਫਨ ਹਾਕਿੰਗ** : ਸਮੇਂ ਤੋਂ ਪਹਿਲਾ ਇਸ ਗੱਲ ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਜੇ ਹਿੱਗ ਬ੍ਰਹਿਮੰਡ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਤਾਂ ਇਹ ਚੰਗੀ ਗੱਲ ਹੈ। ਪਰ ਨਤੀਜਿਆਂ ਨੂੰ ਦੂਸਰੇ ਕਣਾਂ ਦੀ ਗਤੀ ਵਾਲੀਆਂ ਮਸ਼ੀਨਾਂ ਤੇ ਪ੍ਰਖਣਾ ਜ਼ਰੂਰੀ ਹੈ।

**ਪੇਨ ਸਟਾਕਿੰਗ** : ਮੈਂ ਤੁਹਾਨੂੰ ਥਕਾਉਣਾ ਤਾਂ ਨਹੀਂ ਚਾਹੁੰਦਾ। ਪਰ ਪਿਛਲੀ ਰਾਤ ਜੋ ਭਾਸ਼ਣ ਤੁਸੀਂ ਦਿੱਤਾ ਸੀ ਉਹ ਨਿੱਜੀ ਸੀ। ਕੀ ਤੁਸੀਂ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਸੀ ਕਿ ਤੁਸੀਂ ਕੌਣ ਹੋ?

**ਸਟੀਫਨ** : ਮੈਨੂੰ ਉਮੀਦ ਹੈ ਕਿ ਮੇਰੇ ਤਜਰਬੇ ਮੇਰੇ ਲੋਕਾਂ ਲਈ ਮੱਦਦਗਾਰ ਹੋਣਗੇ।

*ਅਨੁਵਾਦਕ ਤੇ ਪੇਸ਼ਕਰਤਾ:* ***ਮੇਘ ਰਾਜ ਮਿੱਤਰ***

## ਕਾਵਿ ਕਿਆਰੀ

# ਇਹ ਲਾਦੇਨ ਕਦੇ ਨਹੀਂ ਮਰਦਾ.....

*- ਅਮਰਜੀਤ ਢਿੱਲੋਂ*

ਇਕ ਅਤਿਵਾਦੀ ਦੇ ਮਰਨ ਨਾਲ ਅਤਿਵਾਦ ਨਹੀਂ ਮਰਿਆ ਕਰਦਾ।
ਅਤਿਵਾਦ ਨੂੰ ਜੰਮਣ ਵਾਲਾ ਮਾਪਾ ਸੇਕ ਵੀ ਉਸਦਾ ਜਰਿਆ ਕਰਦਾ।
ਇਕ ਲਾਦੇਨ ਦੇ ਮਰ ਜਾਵਣ ਨਾਲ ਅੱਜ ਅਮਰੀਕਾ ਵਿਚ ਜਸ਼ਨ ਹੈ
ਕਈ ਲਾਦੇਨਾਂ ਦੇ ਘਰ ਹਥਿਆਰਾਂ ਨਾਲ ਇਹੋ ਹੀ ਰਿਹਾ ਹੈ ਭਰਦਾ।
ਦਸੋ ਕਿਸ ਮਨੁੱਖ ਦੇ ਮਨ ਵਿਚ ਇਹਨਾਂ ਲਾਦੇਨਾ ਦਾ ਵਾਸਾ ਨਹੀਂ ਹੈ
ਇਹਨਾ ਤੋਂ ਹੀ ਡਰਦਾ ਰਹਿੰਦਾ ਹੈ ਬੰਦਾ ਸੱਪਾਂ, ਸ਼ੇਰਾਂ ਤੋਂ ਨਹੀਂ ਡਰਦਾ।
ਜਦ ਤਕ ਕਾਣੀ ਵੰਡ, ਬੇਇਨਸਾਫੀ ਅਤੇ ਨਾ ਬਰਾਬਰੀ ਹੈ ਧਰਤੀ 'ਤੇ
ਇਹ ਲਾਦੇਨ ਹਨ ਜੰਮਦੇ ਰਹਿਣੇ ਇਹਨਾ ਬਿਨਾ ਨਹੀ ਸਰਿਆ ਕਰਦਾ।
ਭਾਣਾ ਮੰਨਣ, ਅੰਧਵਿਸ਼ਵਾਸ਼, ਕਿਸਮਤਵਾਦ ਦੇ ਉਪਦੇਸ਼ਕ ਸਾਰੇ ਹੀ
ਕੀ ਕਿਸੇ ਲਾਦੇਨ ਤੋਂ ਘੱਟ ਹੈ ਉਹ ਸੋਚ ਜੋ ਸਾਡੀ ਖੁੰਢੀ ਹੈ ਕਰਦਾ।
ਗੋਲਕ ਦੇ ਚੜ੍ਹਾਵੇ, ਮੰਦਰ ਅਤੇ ਮਸੀਤਾਂ ਦੇ ਜੋ ਝਗੜੇ ਹੁੰਦੇ ਰਹਿੰਦੇ
ਆਮ ਆਦਮੀ ਇਹਨਾ ਲਾਦੇਨਾ ਦੇ ਜ਼ੁਲਮ ਨਿੱਤ ਮਨ 'ਤੇ ਹੈ ਜਰਦਾ।
ਤਰਕ ਅਤੇ ਵਿਗਿਆਨਕ ਸੋਚ ਦੇ ਨਾਲ ਜਦੋਂ ਇਨਸਾਨੀਅਤ ਸਾਰੀ
ਢਿੱਲੋਂ ਹੱਕ, ਸੱਚ ਲਈ ਲੜਨਾ ਸਿਖੂ ਫਿਰ ਲਾਦੇਨ ਤੋਂ ਉਠੂ ਪਰਦਾ।
ਨਹੀਂ ਤਾਂ ਯਾਰੋ ਇਹ ਲਾਦੇਨ ਕਦੇ ਨਹੀਂ ਮਰਦਾ,
ਇਹ ਲਾਦੇਨ ਕਦੇ ਨਹੀਂ ਮਰਦਾ।

# ਪਖੰਡੀ ਬਾਬੇ

*– ਹਰਨੇਕ ਸਿੰਘ, ਨੰਗਲ ਡੈਮ*

ਬਾਬੇ ਕਰਨ ਐਸਾ ਵਿਚ ਡੇਰਿਆ ਦੇ,
ਮਹਿਮਾ ਸੁਣ ਕੇ ਲੋਕ ਢੇਰ ਨੋਟਾਂ ਦੇ ਲਾਈ ਜਾਂਦੇ।
ਲੀਡਰ ਰਗੜਨ ਮੱਥੇ ਤੇ ਮੰਗਣ ਵੋਟਾਂ,
ਗਰਾਟਾਂ ਦੇਣ ਦੇ ਵਾਦੇ ਕਰੀ ਜਾਂਦੇ।
ਰਾਜ ਭਾਗ ਵੀ ਚਰਨਾ ਵਿੱਚ ਆ ਪੁੱਜਾ,
ਦੇ ਕੇ ਜੈੱਡ ਸੁਰੱਖਿਆ ਉਸ ਨੂੰ ਬਚਾਈ ਜਾਂਦੇ।
ਬਲਾਤਕਾਰ ਵੀ ਗੁਫਾ ਦੇ ਵਿੱਚ ਹੁੰਦੇ,
ਉਪਰੋਂ ਚਮਤਕਾਰੀ ਬਾਬੇ ਅਖਵਾਈ ਜਾਂਦੇ।
ਲੋਕਾਂ ਅੰਧਵਿਸ਼ਵਾਸ ਦੇ ਵਿੱਚ ਫਸ ਕੇ ਤੇ,
ਆਪਣੀ ਮਿਹਨਤ ਦੀ ਲੁੱਟ ਕਰਵਾਈ ਜਾਂਦੇ।
ਕੋਠੀਆਂ ਨਵੀਆਂ ਬਣਤੀਆਂ ਰਿਸ਼ਤੇਦਾਰਾਂ ਤਾਈ,
ਡੇਰਾ ਨਵਾਂ ਦੱਸ ਲੋਕਾਂ ਨੂੰ ਭਰਮਾਈ ਜਾਂਦੇ।
ਮੋਹ ਮਾਇਆ ਦਾ ਕਰੋ ਤਿਆਗ ਭਾਈ,
ਆਪ ਕਰੋੜਾਂ ਦੀ ਜ਼ਮੀਨ ਬਣਾਈ ਜਾਂਦੇ।
'ਹਰਨੇਕ' ਕਹੇ ਬਚੋ ਢੌਂਗੀ ਬਾਬਿਆਂ ਤੋਂ,
ਤਰਕਸ਼ੀਲ ਇਹ ਸਭ ਸਮਝਾਈ ਜਾਂਦੇ।

# ਗੀਤ



ਸੋਨੇ ਦੀ ਸਵੇਰ ਜਦੋਂ ਆਊ ਹਾਣੀਆ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆ

ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ 'ਤੇ ਸੁਰਗ ਬਣਾਉਣਾ ਲੋਕਾਂ ਨੇ
ਇੱਕੋ ਜਿੰਨੀ ਖ਼ੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ

ਭੁੱਖਾ ਨੰਗਾ ਸੌਊਂ ਨਾ ਕੋਈ ਫੁੱਟਪਾਥ 'ਤੇ
ਜੀਣ ਦਾ ਸਮਾਨ ਹੋਊ ਸਭ ਵਾਸਤੇ
ਰੋਲੂ ਨਾ ਕੋਈ ਪੈਰੀਂ ਸੱਧਰਾਂ ਕੁਆਰੀਆਂ
ਦਿਲ 'ਤੇ ਗ਼ਰੀਬ ਦੇ ਨਾ ਫੇਰੂ ਆਰੀਆਂ
ਡਰੂ ਨਾ ਕੋਈ ਕਿਸੇ ਨੂੰ ਡਰਾਊਂ ਹਾਣੀਆਂ

ਭੁੱਖਾ ਕਿਸੇ ਮਾਂ ਦਾ ਨਾ ਜਵਾਕ ਰੋਊਗਾ
ਸਾਰਿਆਂ ਦੇ ਨਾਲ਼ ਇਨਸਾਫ਼ ਹੋਊਗਾ
ਜੁੱਗਾਂ ਦੇ ਲਤਾੜੇ ਜ਼ਿੰਦਗੀ 'ਚ ਆਉਣਗੇ
ਜਨਤਾ ਦੇ ਦੋਖੀ ਪੂਰੀ ਸਜ਼ਾ ਪਾਉਣਗੇ
ਤਕੜਾ ਨਾ ਮਾੜੇ ਨੂੰ ਸਤਾਊ ਹਾਣੀਆ

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼੍ਹਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ
ਦੁਨੀਆ 'ਤੇ ਇਕੋ ਹੀ ਜਮਾਤ ਹੋਵੇਗੀ
ਰੋਜ਼ ਹੀ ਦਿਵਾਲੀ ਵਾਲੀ ਰਾਤ ਹੋਏਗੀ
ਰੱਜ ਰੱਜ ਖਾਣਗੇ ਕਮਾਊ ਹਾਣੀਆ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆ

–ਅਵਤਾਰ ਸਿੰਘ ਪਾਸ਼

# ਅਸੀਂ ਨੌਜਵਾਨ ਹਾਂ ਇੱਕੀਵੀਂ ਸਦੀ ਦੇ.....

–ਜਸਪਿੰਦਰ ਬਦੇਸ਼ਾ

ਅਸੀਂ ਨੌਜਵਾਨ ਹਾਂ
ਇੱਕੀਵੀਂ ਸਦੀ ਦੇ
ਝੁਕਾਂਗੇ ਨਹੀਂ ਝੂਠੇ ਧਰਮ ਅੱਗੇ
ਪਵਾਂਗੇ ਨਹੀਂ
ਅੰਧ ਵਿਸ਼ਵਾਸ ਦੇ ਅੰਨ੍ਹੇ ਗੇੜ 'ਚ.....
ਜਾਂ ਕਿਸੇ ਫਿਰਕੂਵਾਦ ਦੇ ਜੰਗਲੀ ਭੇੜ 'ਚ
ਅਸੀਂ ਜਾਏ ਹਾਂ
ਵਿਗਿਆਨਕ ਯੁੱਗ ਦੇ
ਚੱਟਾਂਗੇ ਨਹੀਂ ਸੁਆਹ ਜਾਂ ਰਾਖ਼ ਨੂੰ
ਪਾਵਾਂਗੇ ਨਹੀਂ
ਗਲ਼ 'ਚ ਕਿਸੇ 'ਸਿਆਣੇ' ਦਾ ਤਵੀਤ.....
ਰੋਲ ਦੇਵਾਂਗੇ ਹਰ ਝੂਠੀ ਗੀਤ.....

ਅਸੀਂ ਇਨਕਲਾਬੀ ਹਾਂ
ਨਵੀਨ ਯੁੱਗ ਦੇ
ਲੁਟਾਂਗੇ ਨਹੀਂ ਹੱਕ ਜ਼ਬਰ ਕਰਕੇ
ਪਾਵਾਂਗੇ ਹਰ ਹੀਲੇ
ਮਿਹਨਤ ਅਤੇ ਸੰਘਰਸ਼ ਦਾ ਜਾਮਾ.....
ਸਾਡੇ ਹੱਕ, ਅਧਿਕਾਰ ਨੇ ਸਾਡਾ ਨਿਸ਼ਾਨਾ.....

ਅਸੀਂ ਪਾਂਧੀ ਹਾਂ
ਵੱਖਰੀ ਲੀਹ ਦੇ
ਝੁਕਾ ਦਿਆਂਗੇ ਹਰ ਦੇਭੀ ਪਰਚਮ ਨੂੰ
ਕਰਕੇ ਸੰਘਰਸ਼ ਦਾ ਅਭਿਆਸ.....
ਤਦੇ ਰਹਿਣਗੇ ਇਕਮੁੱਠ ਸਦਾ
ਸਾਡਾ ਮਾਣ, ਤਾਣ, ਸਵੈ-ਵਿਸ਼ਵਾਸ.....

# ਸਰਗਰਮੀ

ਤਰਕਸ਼ੀਲ ਸੁਸਾਇਟੀ ਭਾਰਤ ਦੇ ਸੂਬਾਈ ਸਭਿਆਚਾਰਕ ਵਿਭਾਗ ਦੇ ਮੁਖੀ ਅਤੇ ਲੋਕ ਕਲਾ ਮੰਚ ਜੀਰਾ ਦੇ ਆਗੂ ਮੇਘਰਾਜ ਰੱਲਾ ਵੱਲੋਂ ਆਪਣੀ ਨਾਟਕ ਟੀਮ ਰਾਹੀਂ ਵੇਈਂ ਪੁਈਂ (ਤਰਨਤਾਰਨ), ਨਵਾਂ ਸ਼ਹਿਰ, ਮੂਸਾ (ਮਾਨਸਾ), ਤਰਨਤਾਰਨ, ਮਾੜੀਬਚੀਆ (ਗੁਰਦਾਸਪੁਰ), ਬਾਬਾ ਬਕਾਲਾ, ਕਾਉਂਕੇ, ਜਲਾਲਾਬਾਦ (ਪੱਛਮੀਂ), ਬੋੜੀਵਾਲਾ ਚੌਂਕ ਤਰਨਤਾਰਨ, ਕੋਟਕਪੂਰਾ, ਤਰਕਸ਼ੀਲ ਆਗੂ ਸੁਖਚੈਨ ਥਾਂਦੇਵਾਲ ਦੇ ਬੇਟੇ ਸਿਟੂ ਦੀ ਯਾਦ ਵਿਚ ਪਿੰਡ ਥਾਂਦੇਵਾਲ, ਭੈਣੀ ਬਾਘਾ (ਮਾਨਸਾ), ਬਾਘਾ ਨੇੜੇ ਰਾਮਾਂਮੰਡੀ, ਮੱਲੂਵਾਲੀਆ (ਫਿਰੋਜ਼ਪੁਰ), 22 ਮਾਰਚ ਦੀ ਰਾਤ ਨੂੰ ਖਟਕੜ ਕਲਾਂ, 23 ਮਾਰਚ ਅਮਰਗੜ੍ਹ (ਮਾਲੇਰਕੋਟਲਾ), ਵੇਰਕਾ (ਅੰਮ੍ਰਿਤਸਰ), ਵਲਟੋਹਾ, ਚਾਟੀਵਿੰਡ (ਅੰਮ੍ਰਿਤਸਰ), ਕਾ: ਬਲਦੇਵ ਸਿੰਘ ਮਾਨ ਦੀ ਯਾਦ ਵਿਚ ਪਿੰਡ ਕੁੱਕੜਾਂਵਾਲ, ਦਮਦਮਾ ਸਾਹਿਬ ਅਤੇ ਇਕ ਮਈ ਨੂੰ ਮਜ਼ਦੂਰ ਦਿਵਸ ਤੇ ਐਲਨਾਬਾਦ (ਹਰਿਆਣਾ) ਵਿਖੇ ਨਾਟਕ ਤੇ ਕੋਰੀਓ ਗ੍ਰਾਫੀਆਂ ਪੇਸ਼ ਕੀਤੇ। ਇਨ੍ਹਾਂ ਪ੍ਰੋਗਰਾਮਾਂ 'ਚ ਮੁੱਖ ਬੁਲਾਰੇ ਦੇ ਤੌਰ 'ਤੇ ਮੇਘ ਰਾਜ ਰੱਲਾ, ਪ੍ਰਗਟ ਸਿੰਘ ਜਾਮਾ ਰਾਏ, ਅਜਮੇਰ ਸਿੰਘ ਸਿੱਧੂ, ਗੁਰਸ਼ਰਨ ਸਿੰਘ ਨੰਬਰਦਾਰ, ਮਾ: ਗੁਰਪਿਆਰ ਕੋਟਲੀ, ਰਵਿੰਦਰ ਸਿੰਘ ਰਵੀ, ਕਮਲਪ੍ਰੀਤ ਪੰਨੂ, ਗੋਰਾ ਸਿੰਘ ਭੈਣੀਬਾਘਾ, ਮੰਗਤ ਰਾਮ ਪਾਸਲਾ, ਡਾ. ਪਵਿੱਤਰ, ਅਮਰਜੀਤ ਆਸਲ, ਪ੍ਰੋ. ਬਲਦੇਵ ਸਿੰਘ, ਕਾ. ਬਲਦੇਵ ਸਿੰਘ, ਦਤਾਰ ਸਿੰਘ, ਸੁਖਰਾਜ ਸਿੰਘ ਅਤੇ ਸਵਰਨ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

-o-

ਤਰਕਸ਼ੀਲ ਸੁਸਾਇਟੀ ਭਾਰਤ ਦੀ ਇਕਾਈ ਫਰੀਦਕੋਟ ਨੇ ਜ਼ਿਲ੍ਹਾ ਫਰੀਦਕੋਟ ਦੀਆਂ ਸਮੂਹ ਸਮਾਜ ਸੇਵੀ ਸੰਸਥਾਵਾਂ ਜੋ ਵੀ ਸਮਾਜ ਲਈ ਕੁਝ ਵੀ ਕਰਨਾ ਚਾਹੁਣ, ਉਹ ਤਰਕਸ਼ੀਲ ਸੁਸਾਇਟੀ ਤੋਂ ਮਦਦ ਲੈ ਸਕਦੇ ਹਨ। ਪਰ ਤਰਕਸ਼ੀਲ ਸੁਸਾਇਟੀ ਜਗਰਾਤਿਆਂ ਅਤੇ ਧਾਰਮਿਕ ਕੰਮਾਂ ਵਿੱਚ ਮਦਦ ਨਹੀਂ ਕਰੇਗੀ।

ਸ: ਭਗਤ ਸਿੰਘ ਨੂੰ ਸਰਧਾਜ਼ਲੀ ਦੇਣ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਫਰੀਦਕੋਟ ਅਤੇ ਫਰੀਦਕੋਟ ਦੇ ਨੇੜਲੇ ਪਿੰਡਾਂ ਕਸਬਿਆਂ ਵਿੱਚ ਹੋਏ ਤਾਂ ਤਰਕਸ਼ੀਲ ਸੁਸਾਇਟੀ ਭਾਰਤ ਦੀ ਇਕਾਈ ਫਰੀਦਕੋਟ ਦੇ ਪ੍ਰਧਾਨ ਲਖਵਿੰਦਰ ਹਾਲੀ ਨੇ ਉਥੇ ਪਹੁੰਚ ਕੇ ਜਾਦੂ ਦੇ ਟਰਿੱਕ ਕੀਤੇ ਜਾਦੂ ਦੇ ਟਰਿੱਕਾਂ ਦੀ ਸਮਝ ਨੂੰ ਲੋਕਾਂ ਤੱਕ ਪਹੁੰਚਾਇਆ ਤੇ ਦੱਸਿਆ ਕਿ ਇਹ ਹੱਥ ਦੀ ਸਫਾਈ ਹੈ। ਲੋਕਾਂ ਨੂੰ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ ਤੇ ਵਿਗਿਆਨ ਜੋਤ ਮੈਗਜ਼ੀਨ ਪੜ੍ਹਨ ਬਾਰੇ ਕਿਹਾ ਇਹ ਪ੍ਰੋਗਰਾਮ ਸੁਖਣਵਾਲਾ, ਸਭਿਆਚਾਰ ਕੇਂਦਰ ਫਰੀਦਕੋਟ, ਜੰਡ ਸਾਹਿਬ ਅਤੇ ਸਾਦਿਕ ਵਿਖੇ ਹੋਏ।

ਤਰਕਸ਼ੀਲ ਆਗੂ ਸੁਖਚੈਨ ਥਾਂਦੇਵਾਲਾ ਦੇ ਬੇਟੇ ਬਲਜੋਤ ਪਾਲ ਸਿੰਘ ਅਤੇ ਨਗਰ ਵਿੱਚ ਹੋਰ ਹੋਈਆਂ ਗੈਰ ਕੁਦਰਤੀ ਮੌਤਾਂ ਨੂੰ ਇਕ ਸ਼ਰਧਾਂਜਲੀ ਦੇਣ ਲਈ ਇਕ ਤਰਕਸ਼ੀਲ ਨਾਟਕ ਮੇਲਾ ਥਾਂਦੇਵਾਲਾ ਵਿਖੇ ਰੱਖਿਆ ਗਿਆ। ਵਿਛੜਿਆਂ ਲਈ 2 ਮਿੰਟ ਦਾ ਮੌਨ ਧਾਰਿਆ ਗਿਆ। 11 ਵਜੇ ਤੋਂ ਲੈ ਕੇ ਚਲੇ ਇਸ ਨਾਟਕ ਮੇਲੇ ਵਿੱਚ ਲੋਕਾਂ ਨੇ ਭਰਵੀ ਸ਼ਮੂਲੀਅਤ ਕੀਤੀ। ਸ੍ਰੀ ਮੇਘ ਰਾਜ ਰੱਲਾ ਨੇ ਨਾਟਕਾਂ ਰਾਹੀਂ ਬਾਹਰਲੇ ਮੁਲਕਾਂ ਵਿੱਚ ਜੋ ਬਗੈਰ ਪੜਤਾਲ ਕੀਤਿਆਂ ਆਪਣੀਆਂ ਲੜਕੀਆਂ ਨੂੰ ਵਿਆਹੁੰਦੇ ਹਨ ਤੇ ਕਿਸ ਤਰ੍ਹਾਂ ਉਨ੍ਹਾਂ ਨਾਲ ਧੋਖਾ ਹੁੰਦਾ ਹੈ। ਤਰਕਸ਼ੀਲ ਲਹਿਰ ਦੇ ਬਾਨੀ ਸ੍ਰੀ ਮੇਘ ਰਾਜ ਮਿੱਤਰ ਨੇ ਇਕ ਭਾਵੁਕ ਤਕਰੀਰ ਰਾਹੀਂ ਅੰਧ ਵਿਸ਼ਵਾਸ ਛੱਡਣ ਅਤੇ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ ਇਕਾਈ ਮੁਕਤਸਰ ਦੇ ਤਰਕਸ਼ੀਲ ਮੈਂਬਰ ਪ੍ਰੇਮਜੀਤ, ਜਸਵੀਰ ਜੱਸੀ ਸਾਰੇ ਹਾਜ਼ਰ ਸਨ। ਮੰਚ ਦਾ ਸੰਚਾਲਣ ਸਰਪ੍ਰਸਤ ਤਰਕਸ਼ੀਲ ਸੁਸਾਇਟੀ ਇਕਾਈ ਫਰੀਦਕੋਟ ਦੇ ਜਗਪਾਲ ਸਿੰਘ ਬਰਾੜ ਨੇ ਕੀਤਾ। ਇਕਾਈ ਫਰੀਦਕੋਟ ਦੇ ਆਗੂ ਲਖਵਿੰਦਰ ਹਾਲੀ, ਬਲਕਾਰ ਮੰਡ, ਕੁਲਵੰਤ ਸਿੰਘ ਮਾਨ ਵਿਜੀਲੈਂਸ ਫਰੀਦਕੋਟ ਵੀ ਵਿਸ਼ੇਸ਼ ਤੌਰ 'ਤੇ ਉਥੇ ਪੁੱਜੇ ਸਨ।

***- ਲਖਵਿੰਦਰ ਹਾਲੀ***

*ਮੋਬਾ: 98761-63421*

-o-

ਤਰਕਸ਼ੀਲ ਸੁਸਾਇਟੀ ਭਾਰਤ ਇਕਾਈ ਮਾਲੇਰਕੋਟਲਾ ਵਲੋਂ ਰਣਜੀਤ ਝੁਨੇਰ ਅਤੇ ਡਾ. ਪਵਿੱਤਰ ਸਿੰਘ ਦੀ ਅਗਵਾਈ ਹੇਠ 20 ਮਾਰਚ ਨੂੰ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਮਰਪਿਤ ਇੱਕ ਵਿਸ਼ੇਸ਼ ਸ਼ੈਮੀਨਾਰ ਦਾ ਆਯੋਜਨ ਕੀਤਾ ਗਿਆ। ਕੌਰਨਟ ਕੈਫੇ ਵਿਚ ਕੀਤੇ ਗਏ ਇਸ ਪ੍ਰੋਗਰਾਮ ਦਾ ਮੁੱਖ ਵਿਸ਼ਾ 'ਤਰਕਸ਼ੀਲ ਲਹਿਰ ਦੀਆਂ ਪ੍ਰਾਪਤੀਆਂ' ਸੀ। ਪ੍ਰੋਗਰਾਮ ਨੂੰ ਤਰਕਸ਼ੀਲ ਆਗੂ ਰਾਜਾ ਰਾਮ ਹੰਢਿਆਇਆ, ਡਾ. ਅਮਰਜੀਤ ਮਾਨ ਅਤੇ ਮੇਘ ਰਾਜ ਮਿੱਤਰ ਨੇ ਸੰਬੋਧਨ ਕੀਤਾ। ਇਸ ਮੌਕੇ ਤਰਕਸ਼ੀਲ ਪੁਸਤਕਾਂ 'ਜੋਤਿਸ਼ ਤੇ ਵਿਗਿਆਨ' ਅਤੇ 'ਝਮੇਲਾ ਰੱਬ ਦਾ' ਵੀ ਰਿਲੀਜ਼ ਕੀਤੀਆਂ ਗਈਆਂ। ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਅਮਰੀਕਾ ਤੋਂ ਆਏ ਤਰਕਸ਼ੀਲ ਆਗੂ ਭਗਵਾਨ ਸਿੰਘ ਖਹਿਰਾ ਸਨ।



# ਜਾਣ ਬੁਝ ਕੇ ਕਰਦੇ ਨੇ ਬੱਚੇ, ਓਪਰੀ ਕਸਰ ਦਾ ਵਿਖਾਵਾ



ਤਰਕਸ਼ੀਲ ਸੁਸਾਇਟੀ ਭਾਰਤ ਦੀ ਇਕਾਈ ਫਰੀਦਕੋਟ ਨੇ ਓਪਰੀ ਕਸਰ ਦਾ ਵਿਖਾਵਾ ਕਰਦੇ ਸੈਂਕੜੇ ਕੇਸ ਹੱਲ ਕੀਤੇ ਨੇ। ਸੈਂਕੜੇ ਪਰਿਵਾਰਾਂ ਨੂੰ ਅੰਧ ਵਿਸ਼ਵਾਸ ਦੀ ਦਲਦਲ ਵਿਚੋਂ ਕੱਢਿਆ ਹੈ ਤੇ ਸੈਂਕੜੇ ਪਰਿਵਾਰਾਂ ਨੂੰ ਅੰਧ ਵਿਸ਼ਵਾਸ ਦੀ ਦਲ ਦਲ ਵਿੱਚ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਸਮਝਾ ਬੁਝਾ ਕੇ ਰੋਕਿਆ ਹੈ। ਤਰਕਸ਼ੀਲ ਸੁਸਾਇਟੀ ਦੇ ਵਿਚ ਕੰਮ ਕਰਦੇ ਪਿਛਲੇ 15 (ਪੰਦਰਾਂ) ਸਾਲਾਂ ਤੋਂ ਕੁਝ ਅਜਿਹੇ ਕੇਸ ਸਾਹਮਣੇ ਆਏ ਜੋ ਬੱਚੇ ਆਪਣੇ ਮਾਤਾ ਪਿਤਾ ਨੂੰ ਤੰਗ ਕਰਨ ਲਈ ਤੇ ਆਪਣੀ ਗੱਲ ਮਨਾਉਣ ਲਈ ਜੋ ਓਪਰੀ ਕਸਰ, ਦੰਦਲ ਪਾ ਲੈਣਾ, ਡਿੱਗ ਪੈਣਾ, ਗਰਮੀਆਂ ਵਿੱਚ ਵੀ ਖੇਸ ਜਾਂ ਮੋਟਾ ਕੱਪੜਾ ਲੈ ਕੇ ਪੈ ਜਾਣਾ, ਬਲਾਉਣ ਤੇ ਕਿਸੇ ਨਾਲ ਨਾ ਬੋਲਣਾ ਜਾਂ ਪਏ ਪਏ ਹੂੰਗਣਾ ਇਸ ਤਰ੍ਹਾਂ ਦੇ ਕੁਝ ਕੇਸ ਹੱਲ ਕਰੇ ਇਸ ਤਰ੍ਹਾਂ ਕਰਨ ਵਾਲਿਆਂ ਨੂੰ ਭਰੋਸ਼ੇ ਵਿਚ ਲੈ ਕੇ ਮਨਾਉਣਾ ਇਨ੍ਹਾਂ ਕੇਸਾਂ ਵਿੱਚ ਸਮਾਂ ਲੱਗਦਾ, ਪਰ ਜੋ ਜ਼ਿਆਦਾ ਕੇਸ ਮੇਰੇ ਕੋਲ ਆਏ ਉਹ ਤਕਰੀਬਨ ਦਵਾਈ ਵਾਲੇ, ਮਨ ਤੇ ਬੋਝ ਵਾਲੇ, ਟੈਨਸ਼ਨ ਵਾਲੇ ਹੀ ਸਨ। ਉਨ੍ਹਾਂ ਨੂੰ ਸਮਝਾ ਬੁਝਾਕੇ ਤੇ ਡਾਕਟਰ ਮਾਨਸਿਕ ਰੋਗੀਆਂ ਤੋਂ ਦਵਾ ਨਾਲ ਹੱਲ ਹੋਏ ਹਨ। ਜੋ ਜਾਣ ਬੁਝਕੇ ਕਰਦੇ ਸਨ ਉਨ੍ਹਾਂ ਵਿਚ ਵਿਸ਼ੇਸ਼ ਕੇਸ ਇਸ ਪ੍ਰਕਾਰ ਸੀ। ਮੇਰਾ ਇਕ ਦੋਸਤ ਸੀ ਜੋ ਮੇਰੀ ਹਰ ਗੱਲ ਨਾਲ ਸਹਿਮਤ ਸੀ। ਅਮ੍ਰਿਤ ਛਕਿਆ ਹੋਇਆ ਸੀ। ਇਕ ਦਿਨ ਉਸ ਦੀ 16 ਸਾਲ ਦੀ ਧੀ ਨੇ ਆਪਣਾ ਗਲ਼ ਫੜ ਲਿਆ ਤੇ ਇਸ ਤਰ੍ਹਾਂ ਕਰਨ ਲੱਗੀ ਜਿਸ ਤਰ੍ਹਾਂ ਸਾਹ ਰੁਕਦਾ ਹੋਵੇ ਤੇ ਮੰਜੇ ਉਪਰ ਉਛਲ ਵੱਟੇ ਲੈਣ ਲੱਗੀ। ਸਾਰਾ ਪਰਿਵਾਰ ਘਬਰਾ ਗਿਆ ਤੇ ਉਸ ਨੂੰ ਚੁੱਕ ਕੇ ਜੀਪ ਵਿੱਚ ਸ਼ਹਿਰ ਫਰੀਦਕੋਟ ਲੈ ਆਏ। ਡਾਕਟਰ ਸਾਹਿਬ ਨੇ ਸਾਰੀ ਚੈਕਅੱਪ ਕੀਤੀ ਸਭ ਕੁਝ ਨਾਰਮਲ ਸੀ। ਜਦੋਂ ਡਾਕਟਰ ਸਾਹਿਬ ਨੇ ਕਿਹਾ ਇਸ ਨੂੰ ਕੋਈ ਬਿਮਾਰੀ ਨਹੀਂ ਹੈ ਤਾਂ ਮੇਰੇ ਦੋਸਤ ਨੂੰ ਮੇਰਾ ਖਿਆਲ ਆਇਆ ਤਾਂ ਉਹ ਝੱਟ ਮੇਰੇ ਕੋਲ ਆਇਆ ਲੜਕੀ ਨੂੰ ਮੈਂ ਇਕੱਲਿਆ ਪੁੱਛਿਆ ਕਿ ਤੈਨੂੰ ਇਹ ਤਕਲੀਫ਼ ਕਿਉਂ ਆਈ ਤਾਂ ਲੜਕੀ ਨੇ ਕਿਹਾ ਕਿ ਮੇਰੀ ਮਾਂ ਮਤਰੇਈ ਹੈ ਪਰ ਫਿਰ ਵੀ ਮੈਨੂੰ ਪਿਆਰ ਕਰਦੀ ਹੈ ਪਰ ਜਦੋਂ ਮੇਰਾ ਪਿਤਾ ਮੇਰੀ ਮਾਤਾ ਨਾਲ ਝਗੜਦਾ ਹੈ ਤਾਂ ਹੀ ਮੈਂ ਇਸ ਤਰ੍ਹਾਂ ਹੁੰਦੀ ਹਾਂ। ਸੋ ਗੱਲ ਸਾਫ਼ ਹੋ ਗਈ ਕਿ ਉਹ ਜਦ ਦੋਵੇਂ ਜੀ ਝਗੜਦੇ ਸਨ ਲੜਕੀ ਨੂੰ ਉਦੋਂ ਹੀ ਕਸਰ ਹੁੰਦੀ ਸੀ। ਉਨ੍ਹਾਂ ਦੇ ਮਾਂ ਬਾਪ ਨੂੰ ਵੀ ਸਮਝਾਇਆ ਗਿਆ ਤੇ ਲੜਕੀ ਨੂੰ ਇਹ ਕਿਹਾ ਗਿਆ ਕਿ ਜੇ ਤੂੰ ਇਸ ਤਰ੍ਹਾਂ ਦੁਆਰਾ ਕੀਤਾ ਤਾਂ ਤੇਰੇ ਮਾਂ ਬਾਪ ਨੂੰ ਦੱਸ ਦਿੱਤਾ ਜਾਵੇਗਾ ਕਿ ਤੂੰ ਜਾਣ ਬੁਝ ਕੇ ਕਰਦੀ ਹੈ ਤਾਂ ਉਸ ਤੋਂ ਬਾਅਦ ਉਹ ਇਸ ਤਰ੍ਹਾਂ ਕਦੇ ਵੀ ਨਹੀਂ ਹੋਈ।

2. ਆਪਣੇ ਮਨ ਪਸੰਦ ਸਕੂਲ ਵਿਚ ਨਾ ਭੇਜਣ ਕਰਕੇ ਫਰੀਦਕੋਟ ਸ਼ਹਿਰ ਦੀ ਇਕ ਲੜਕੀ ਇਸ ਤਰ੍ਹਾਂ ਕਹਿਣ ਲੱਗੀ ਕਿ ਸਕੂਲ ਵਿੱਚ ਇਕ ਚਿੱਟੀ ਦਾਹੜੀ ਵਾਲਾ ਪ੍ਰੇਤ ਹੈ, ਜੋ ਮੈਨੂੰ ਇਕੱਲੀ ਨੂੰ ਦਿਸਦਾ ਹੈ ਉਹ ਕਹਿੰਦਾ ਹੈ ਕਿ ਤੈਨੂੰ ਮਾਰ ਦੇਣਾ ਹੈ ਜੇ ਤੂੰ ਸਕੂਲ ਆਈ ਪਰਿਵਾਰ ਨੇ ਬਹੁਤ ਬਾਬਿਆਂ ਨੂੰ ਦਿਖਾਇਆ ਕੋਈ ਫ਼ਰਕ ਨਹੀਂ ਪਿਆ ਜਦ ਅਸੀਂ ਗੱਲਬਾਤ ਕੀਤੀ ਤਾਂ ਉਸਨੇ ਦੱਸਿਆ ਕਿ ਮੈਂ ਉਸ ਸਕੂਲ ਨਹੀਂ ਜਾਣਾ। ਅਸੀਂ ਕਿਹਾ ਜੇਕਰ ਤੇਰਾ ਸਕੂਲ ਬਦਲ ਦਿੱਤਾ ਜਾਵੇ ਤਾਂ ਤੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰੇਗੀ ਤਾਂ ਉਸ ਨੇ ਕਿਹਾ ਹਾਂ ਸਕੂਲ ਬਦਲਣ ਤੇ ਹੀ ਸਮੱਸਿਆ ਦਾ ਹੱਲ ਹੋ ਗਿਆ। ਸਕੂਲ ਦੀ ਇਕ ਟੀਚਰ ਦੀ ਉਸ ਨੂੰ ਸਮਝ ਨਹੀਂ ਆਉਂਦੀ ਸੀ।

3. ਸਾਦਿਕ ਦੇ ਨੇੜੇ ਪਿੰਡ ਵਿੱਚ 21 ਸਾਲਾ ਨੌਜਵਾਨ ਚੀਕ ਮਾਰ ਡਿੱਗ ਪੈਂਦਾ ਸੀ। ਬਹੁਤ ਬਾਬਿਆਂ ਨੂੰ ਦਿਖਾਇਆ, ਜਦ ਸਾਡੇ ਕੋਲ ਆਏ ਨੌਜਵਾਨ ਨਾਲ ਇਕੱਲਿਆਂ ਗੱਲਬਾਤ ਕੀਤੀ ਤਾਂ ਕਾਫੀ ਜਦੋ-ਜਹਿਦ ਬਾਅਦ ਉਹ ਮੰਨ ਗਿਆ ਕਿ ਉਹ ਜਾਣ ਬੁਝਕੇ ਕਰਦਾ ਹੈ। ਮੈਨੂੰ ਮੋਟਰ ਸਾਈਕਲ ਚਾਹੀਦਾ ਹੈ। ਮੋਟਰ ਸਾਈਕਲ ਲੈਣ ਤੋਂ ਘਰ ਵਾਲੇ ਅਸਮਰਥ ਸਨ। ਉਸ ਨੂੰ ਉਸਦੇ ਘਰਦਿਆਂ ਨੂੰ ਸਾਰੀ ਸਥਿਤੀ ਸਮਝਾਈ ਤਾਂ ਉਹ ਸਮਝ ਗਿਆ ਤਾਂ ਉਸ ਨੇ ਕਿਹਾ ਕਿ ਪਿਤਾ ਨੇ ਬੈਂਕ ਤੋਂ ਕਰਜ਼ਾ ਚੁੱਕਿਆ ਹੈ ਉਹ ਕਿੱਧਰ ਗਿਆ ਤਾਂ ਉਸ ਨੂੰ ਸਮਝਾਇਆ ਗਿਆ ਕਿ ਬੈਂਕ ਦਾ ਹੀ ਜੋ ਕਰਜ਼ਾ ਦੇਣਾ ਸੀ ਦੇ ਦਿੱਤਾ ਗਿਆ ਤੇ ਉਹ ਸਮਝਦਾ ਸੀ ਪੈਸੇ ਘਰਦਿਆਂ ਕੋਲ ਨੇ। ਸਾਰੀ ਸਮੱਸਿਆ ਜਾਨਣ ਤੋਂ ਬਾਅਦ ਉਸਨੇ ਕਦੇ ਵੀ ਇਸ ਤਰ੍ਹਾਂ ਨਹੀਂ ਕੀਤਾ। ਪਰ ਉਸ ਦੇ ਬਾਪ ਨੇ ਪੈਸੇ ਆਉਣ 'ਤੇ ਮੋਟਰ ਸਾਈਕਲ ਲੈ ਕੇ ਦੇਣ ਦਾ ਵਾਅਦਾ ਕੀਤਾ। ਇਸ ਤਰ੍ਹਾਂ ਸਾਡੀ ਸੋਚ ਜੇਕਰ ਇਨ੍ਹਾਂ ਸਮੱਸਿਆਵਾਂ ਨੂੰ ਸਮਝਣ ਲੱਗੇ ਤਾਂ ਸਾਡਾ ਦਾਅਵਾ ਹੈ ਕਿ ਓਪਰੀ ਕਸਰ ਕਿਸੇ ਨੂੰ ਵੀ ਨਹੀਂ ਹੋਵੇਗੀ।

*- ਲਖਵਿੰਦਰ ਹਾਲੀ*

## ਮਿੰਨੀ ਕਹਾਣੀ / *ਦੀਪ ਸ਼ਿਖਾ ਸੂਦ*

ਇੱਕ ਵਾਰ ਦੀ ਗੱਲ ਹੈ। ਮੈਂ ਸਵੇਰੇ-ਸਵੇਰੇ ਆਪਣੇ ਇਮਤਿਹਾਨ ਦੀ ਤਿਆਰੀ ਕਰ ਰਹੀ ਸੀ ਕਿ ਅਚਾਨਕ ਗਲੀ ਵਿੱਚੋਂ ਬਹੁਤ ਜ਼ੋਰ-ਜ਼ੋਰ ਦੀ ਅਵਾਜ਼ਾਂ ਆਉਣ ਲੱਗੀਆਂ। ਮੈਂ ਫਟਾਫਟ ਉੱਠਕੇ ਬਾਹਰ ਵੱਲ ਦੌੜੀ ਤੇ ਦੇਖਿਆ ਕਿ ਇਹ ਤਾਂ ਪ੍ਰਭਾਤ ਫੇਰੀ ਵਾਲੇ ਸਨ ਜੋ ਜ਼ੋਰ ਦੀ ਢੋਲਕੀਆਂ ਛੈਣੇ ਵਜਾਉਂਦੇ ਹੋਏ ਜਾ ਰਹੇ ਸਨ। ਮੈਂ ਦੇਖਿਆ ਕਿ ਤੀਵੀਆਂ ਅਤੇ ਆਦਮੀ ਘਰੋਂ ਨਿਕਲ-ਨਿਕਲ ਕੇ ਮੱਥੇ ਟੇਕ ਰਹੇ ਸਨ। ਮੈਂ ਫਿਰ ਜਾ ਕੇ ਪੜ੍ਹਨ ਬੈਠ ਗਈ। ਅਚਾਨਕ ਬਾਹਰ ਅਖਬਾਰ ਵਾਲੇ ਨੇ ਘੰਟੀ ਵਜਾਈ ਮੈਂ ਬਾਹਰ ਜਾ ਕੇ ਅਖ਼ਬਾਰ ਚੁੱਕਿਆ ਅਤੇ ਪੜ੍ਹਿਆ ਜਿਸ ਵਿੱਚ ਲਿਖਿਆ ਹੋਇਆ ਸੀ ਕਿ ਬੀਤੇ ਦਿਨ ਇਕ ਗਰੀਬ ਸਬਜ਼ੀ ਵਾਲੇ ਦਾ ਲਾਊਡ ਸਪੀਕਰ ਬੰਦ ਕਰਵਾ ਦਿੱਤਾ "ਕਿਉਂਕਿ ਇਸ ਨਾਲ ਸ਼ੋਰ ਪ੍ਰਦੂਸ਼ਣ ਹੁੰਦਾ ਹੈ" ਅਤੇ ਮੈਂ ਇਹ ਸੋਚਣ ਲਈ ਮਜ਼ਬੂਰ ਹੋਈ ਕਿ ਇਹ ਸਭ ਕੀ ਸੀ.....?

# ਤੂੰ ਸੁੱਤਾ ਕਿਉ ਨਹੀ ਜਾਗਦਾ

ਉਠੋਂ ਮਨੁੱਖ ਆਪਣੀਆਂ ਅੱਖਾਂ ਖੋਲੋ, ਸੂਰਜ ਦੀਆਂ ਕਿਰਨਾਂ ਤੇਰੇ ਮੱਥੇ 'ਤੇ ਵੱਜ ਰਹੀਆਂ ਹਨ। ਤੈਨੂੰ ਸੁੱਤੇ ਪਏ ਨੂੰ ਸਦੀਆਂ ਬੀਤ ਚੁੱਕੀਆਂ ਹਨ, ਕਿੰਨਾ ਕੁ ਚਿਰ ਅੰਧਕਾਰ ਦੀ ਜਹਾਲਤ ਵਿੱਚ ਲੰਮੀਆਂ ਤਾਣਕੇ ਸੁੱਤਾ ਰਹੇਂਗਾ? ਤੂੰ ਆਪਣੇ ਆਲੇ-ਦੁਆਲੇ ਵੇਖ ਕਿਸ ਤਰ੍ਹਾਂ ਆਦਮੀ ਹੀ ਆਦਮੀ ਨੂੰ ਦੋਨਾਂ ਹੱਥਾਂ ਨਾਲ ਲੁੱਟ ਰਹਿਆ ਹੈ। ਸਮੁੱਚੀ ਵਿਗਿਆਨ ਨੇ ਕਰੋੜਾਂ ਸਾਲਾਂ ਦੇ ਜੀਵਨ ਨੂੰ ਸੋਧ ਕੇ ਸਮੇਂ ਦੇ ਨਾਲ ਚੱਲਣਾ ਸਿਖਾਇਆ ਪਰ ਬੜੇ ਦੁੱਖ ਤੇ ਹਿਰਦਾ ਵਲੂੰਧਰ ਦੇਣ ਵਾਲੀ ਗੱਲ ਹੈ ਕਿ ਇਹ ਅੱਜ ਆਪਣੇ ਆਪ ਨੂੰ ਧਰਮਾਂ, ਕਰਮਾਂ, ਮਜ਼ਬਾ ਦੇ ਗੇੜ ਵਿਚ ਦਰੜ ਰਹਿਆ ਹੈ। ਕੀ ਹਿੰਦੂ ਕੀ ਸਿੱਖ ਕੀ ਇਸਾਈ ਕੀ ਮੁਸਲਿਮ ਸਭ ਆਪਣੇ ਆਪ ਨੂੰ ਵੱਖ ਸਮਝਦੇ ਹਨ। ਧਰਮਾਂ ਦੇ ਠੇਕੇਦਾਰ ਮਨੁੱਖ ਨੂੰ ਪਿਆਰ-ਸਨੇਹ ਨਾਲ ਬੁੱਕਲ ਵਿਚ ਲੈਣ ਦੀ ਬਜਾਇ ਇਕ ਦੂਜੇ ਨੂੰ ਮਾਰਨ ਮਰਵਾਉਣ ਤੋਂ ਭੋਰਾ-ਭਰ ਵੀ ਨਹੀਂ ਝਿਜਕਦੇ। ਉਨ੍ਹਾਂ ਨੂੰ ਇਹ ਸਮਝ ਨਹੀਂ ਆਉਂਦਾ ਕਿ ਮਨੁੱਖਤਾ ਤਾਂ ਪਿਆਰ ਦੀ ਅਤਿ-ਸੁਦੈਣ ਹੈ ਤੇ ਧਰਮਾਂ ਦੇ ਦੇਹਧਾਰੀ ਗੁਰੂ ਤੇ ਠੇਕੇਦਾਰ ਇਸ ਦੇ ਡਾਹਡੇ ਵੈਰੀ, ਹਰ ਪਾਸੇ ਪੁੱਟੀਆਂ ਡੂੰਘੀਆਂ ਖਾਈਆਂ ਨੇ ਮਨੁੱਖ ਨੂੰ ਨਾ ਇਧਰ ਜੋਗਾ ਤੇ ਨਾ ਉਧਰ ਜੋਗਾ ਛੱਡਿਆ ਹੈ। ਚਾਰੇ ਦਿਸ਼ਾਵਾਂ ਵੱਲ ਵਹਿਮਾਂ ਭਰਮਾਂ ਦੀਆਂ ਕਾਲੀਆਂ ਘੁੱਪ ਰਾਤਾਂ ਦੇਹਧਾਰੀ ਗੁਰੂ, ਅਖੌਤੀ ਭਗਵਾਨ, ਪਾਖੰਡੀ ਸਾਧ, ਸੰਤਾਂ, ਤਾਂਤਰਿਕਾਂ ਨੇ ਆਦਮੀ ਦੀ ਆਜ਼ਾਦ ਸੋਚ ਨੂੰ ਖੋਹ ਲਿਆ ਹੈ। ਸਾਰੇ ਕਲਪਨਿਕ ਸਵਰਗ ਨਰਕ ਦੇ ਸਹਾਰੇ ਜੀਵਣ ਜਿਉਣ ਦਾ ਮਾਰਗ ਦੱਸ ਰਹੇ ਹਨ। ਬੇਚਾਰਾ ਮਨੁੱਖ ਵੀ ਅੱਖਾਂ ਮੀਟਕੇ ਉਸ ਦੇ ਮਗਰ ਲੱਗਾ ਹੈ। ਉਸ ਕੋਲ ਬੈਠਕੇ ਸੋਚਣ ਦਾ ਸਮਾਂ ਹੀ ਨਹੀਂ ਹੈ, ਉਹ ਚੌਵੀ ਘੰਟੇ ਆਰਤੀਆਂ, ਪ੍ਰੇਰਨਾਵਾਂ, ਦੁਆਵਾਂ, ਮੰਨਤਾਂ ਮੰਗਣ ਵਿਚ ਆਪਣਾ ਕੀਮਤੀ ਵਕਤ ਗੁਆ ਰਹਿਆ ਹੈ। ਮਨੁੱਖੀ ਭਲਾਈ ਲਈ ਕੰਮ ਕਰਨ ਵਾਲੀ ਬੁੱਧੀ ਦਾ ਉਹ ਇਸਤੇਮਾਲ ਹੀ ਨਹੀਂ ਕਰਦਾ। ਜਿਸ ਤਰ੍ਹਾਂ ਕੋਈ ਕਹੀ ਜਾਂਦਾ ਹੈ, ਉਹ ਸਿਰ ਮੱਥੇ ਕਬੂਲ ਕਰੀ ਜਾਂਦਾ ਹੈ।

ਹਕੀਕਤ ਨੇ ਹਮੇਸ਼ਾ ਆਦਮੀ ਨੂੰ ਲਿਸ਼ਕਦਾ ਅਕਸ ਦਿਖਾਇਆ ਹੈ ਪਰ ਅਜੇ ਤੱਕ ਆਦਮੀ ਨੇ ਸੱਚ ਦੀ ਤਹਿ ਤੱਕ ਜਾਣ ਦਾ ਕਦੇ ਉਪਰਾਲਾ ਹੀ ਨਹੀਂ ਕੀਤਾ। ਸੱਚ ਦੀ ਤਲਾਸ਼ ਵਿਚ ਚੱਲਣ ਵਾਲੇ ਦੋ ਚਾਰ ਹੀ ਹੁੰਦੇ ਹਨ ਤੇ ਝੂਠ ਦੇ ਪਿੱਛੇ ਲੱਗਣ ਵਾਲੀਆਂ ਅਨੇਕਾਂ ਮਿਰਗ ਡਾਰਾਂ। ਜਿਸ ਸਮੇਂ ਡਾਰਵਿਨ ਨੇ ਲੋਕਾਂ ਨੂੰ ਜੀਵ ਵਿਕਾਸ ਦੇ ਸਿਧਾਂਤ ਰਾਹੀਂ ਸੱਚ ਦਾ ਰਾਹ ਦਿਖਾਇਆ ਸੀ, ਉਸ ਵਕਤ ਉਸ ਦੇ ਪ੍ਰਸ਼ੰਸਕ ਘੱਟ ਤੇ ਵਿਰੋਧੀ ਬਹੁਤ ਜ਼ਿਆਦਾ ਸਨ ਕਿਉਂਕਿ ਝੂਠ ਨਹੀਂ ਚਾਹੁੰਦਾ ਕਿ ਯਥਾਰਥਵਾਦ ਦਾ ਚੰਦਰਮਾ ਅੰਗੜਾਈਆਂ ਲੈ ਲੈ ਕੇ ਜਵਾਨ ਹੋਕੇ, ਹਰ ਵਿਹੜੇ ਵਿਚ ਚਿੱਟੇ ਚਾਨਣ ਦੀਆਂ ਕਿਰਨਾਂ ਸੁੱਟੇ, ਕਿਉਂਕਿ ਬਦੀ ਵਿਰੁੱਧ ਡਟ ਜਾਣ ਵਾਲਾ ਮਨੁੱਖ ਤੇ ਸੱਚ ਇਤਿਹਾਸ ਦੇ ਦੋ ਬਰਾਬਰ ਦੇ ਸ਼ਰੀਕ ਹਨ। ਸਮੇਂ ਨੇ ਸੱਚ ਨੂੰ ਲੱਪ-ਲੱਪ ਹੁਸਨ ਨਾਜਨੀਨ ਸਰੂਪਣ ਤੇ ਨਾ ਡੋਲਣ ਵਾਲਾ ਫੌਲਾਦੀ ਜੇਰਾ ਦਿੱਤਾ ਹੈ। ਇਸ ਧਰਤੀ 'ਤੇ ਜਿੰਨ੍ਹੀਆਂ ਵੀ ਆਦਮੀ ਨੇ ਇਨਸਾਨੀਅਤ ਦਾ ਖੁਰਾ ਖੋਜ ਮਿਟਾਉਣ ਲਈ ਲੜਾਈਆਂ ਲੜੀਆਂ ਹਨ, ਉਨ੍ਹਾਂ ਲੜਾਈਆਂ ਦੇ ਰਾਜਨੀਤਕ ਕਾਰਨ ਘੱਟ ਤੇ ਧਾਰਮਿਕ ਕਾਰਣ ਜ਼ਿਆਦਾ ਸਨ। ਜਦੋਂ ਮਨੁੱਖ ਜੰਗ ਦੇ ਅਸੂਲਾਂ ਵਿੱਚ ਕੁੱਦ ਪੈਂਦਾ ਹੈ, ਉਹ ਹਿਟਲਰ, ਮੁਸੋਲਿਨੀ, ਨੀਰੋ, ਚੰਗੇਜ ਬਣਕੇ ਗੋਹ ਵਾਂਗ ਫੁੰਕਾਰੇ ਮਾਰਦਾ ਹੈ ਕਿ ਜੰਗ ਵਿਚ ਸਭ ਕੁਝ ਜਾਇਜ਼ ਹੁੰਦਾ ਹੈ। ਹਰ ਪਾਸੇ ਤਬਾਹੀ ਦਾ ਭਿਆਨਕ ਮੰਜ਼ਰ ਮਨੁੱਖਤਾ ਦੀਆਂ ਦਰਦਨਾਕ ਚੀਕਾਂ ਪੁਕਾਰਾਂ ਦਾ ਅਸਰ ਉਸਦੇ ਬੋਲੇ ਹੋਏ ਕੰਨਾਂ 'ਤੇ ਕੋਈ ਅਸਰ ਨਹੀਂ ਕਰਦਾ। ਤਾਕਤ ਦੇ ਨਸ਼ੇ ਵਿਚ ਚੂਰ ਹੋਇਆ ਮਨੁੱਖ ਆਪਣੀ ਔਲਾਦ ਹੱਥ ਤਲਵਾਰਾਂ ਤ੍ਰਿਸੂਲ ਆਦਿ ਫੜਾ ਰਿਹਾ ਹੈ। ਅਬੋਧ ਬੱਚਿਆਂ ਦੇ ਜਿਹਨ ਵਿਚ ਇਹੀ ਭਰਦਾ ਹੈ ਕਿ ਤੁਹਾਡੀ ਕੌਮ ਵਰਗਾ ਕੋਈ ਦੂਸਰਾ ਨਹੀਂ ਹੈ, ਤੁਸੀਂ ਹੀ ਮੋਮਨ ਹੋ ਬਾਕੀ ਦੁਨੀਆ ਕਾਫਿਰਾਂ ਦੀ ਹੈ। ਦੁਨੀਆ 'ਚ ਮਨੁੱਖ ਧਰਤੀ 'ਤੇ ਨੰਗਾ ਆਇਆ ਹੈ, ਸਭ ਕੁਝ ਇਥੇ ਹੀ ਤਿਆਗ ਕੇ ਚਲਾ ਜਾਵੇਗਾ, ਇਹ ਤਾਂ ਸਭ ਨੂੰ ਪਤਾ ਹੈ ਪਰ ਸਮਝਦਾ ਕੋਈ ਨਹੀਂ ਹੈ। ਦੁਨੀਆ ਨੇ ਰੱਬ ਨੇ ਮਨੁੱਖ ਨੂੰ ਅਲੱਗ ਸਰੂਪ ਵਿਚ ਨਹੀਂ ਭੇਜਿਆ। ਧਰਤੀ 'ਤੇ ਜਨਮ ਲੈਣ ਤੋਂ ਬਾਦ ਹੀ ਸਾਰੇ ਧਰਮ ਮਨੁੱਖਾਂ ਨੇ ਹੀ ਬਣਾਏ ਹਨ। ਜੇ ਮਨੁੱਖ ਨੂੰ ਸਰਬਸ਼ਕਤੀਮਾਨ ਨੇ ਬਣਾਇਆ ਹੈ, ਫਿਰ ਉਸਦੀ ਪਛਾਣ ਵੀ ਵੱਖਰੀ ਬਣਾਉਣੀ ਸੀ। ਫਿਰ ਬੋਧੀ, ਪਾਰਸੀ, ਮੁਸਲਿਮ ਬਗੈਰਾ ਬਣਕੇ ਜੀਣ ਦੀ ਕੀ ਲੋੜ ਸੀ, ਅੱਜ ਸਾਰੇ ਧਰਮਾਂ ਦੇ ਲੋਕ ਕਹਿੰਦੇ ਹਨ ਰੱਬ ਇਕ ਹੈ, ਮੰਜਿਲ ਇਕ ਹੈ, ਰਸਤੇ ਵੱਖਰੇ-ਵੱਖਰੇ ਹਨ। ਪਰ ਉਹ ਇਹ ਕਦੇ ਨਹੀਂ ਦੱਸਦੇ ਕਿ ਮੰਜਿਲ 'ਤੇ ਪਹੁੰਚਣ ਲਈ ਉਨ੍ਹਾਂ ਕਿੰਨੀਆਂ ਲੜਾਈਆਂ ਲੜੀਆਂ ਹਨ? ਬੇਦੋਸ਼ਿਆਂ ਦਾ ਖੂਨ ਪਾਣੀ ਵਾਂਗ ਵਹਾਇਆ ਹੈ। ਆਪੋ ਆਪਣੇ ਰੱਬਾਂ ਪ੍ਰਤੀ ਲੜੀ ਜਾਣ ਵਾਲੀ ਲੜਾਈ ਕਦੇ ਵੀ ਖਤਮ ਨਹੀਂ ਹੋਵੇਗੀ।



ਅੱਜ ਮਨੁੱਖ-ਮੋਹੀਆਂ ਅੱਖਾਂ ਜ਼ਿੰਦਗੀ ਦੇ ਨਿਰਮਾਣ ਨੂੰ ਭਸ਼ਮ ਕਰ ਦੇਣ 'ਤੇ ਤੁਲੀਆਂ ਹੋਈਆਂ ਹਨ। ਜਿਹੜਾ ਮਨੁੱਖ ਕਦੇ ਧਰਤੀ ਤੇ ਪਿਆਰ ਭਰੀਆਂ ਪੁਲਾਘਾਂ ਪੁੱਟਦਾ ਸੀ, ਅੱਜ ਉਸ ਦੀ ਚਾਲ ਵਿਚ ਮਗਰੂਰੀ ਦੀ ਸੜਾਂਦ ਮਾਰਦੀ ਹੈ। ਉਸ ਦੇ ਦਿਮਾਗ ਵਿਚ ਇਹੀ ਭਰਿਆ ਰਹਿੰਦਾ ਹੈ ਕਿ ਮੇਰਾ ਹੀ ਧਰਮ ਸਭ ਤੋਂ ਵਧੀਆ ਤੇ ਪਵਿੱਤਰ ਹੈ। ਚਾਰੇ ਦਿਸ਼ਾਵਾਂ ਤੇ ਸਾਡਾ ਹੀ ਅਦਬ ਸਤਿਕਾਰ ਹੋਵੇ।

ਜ਼ੁਲਮ ਤੇ ਅਨਿਆਂ ਦੇ ਖਿਲਾਫ਼ ਮੂਹਰਲੀਆਂ ਕਤਾਰਾਂ ਵਿਚ ਛਾਤੀ ਅੱਡਕੇ ਕੁਰਬਾਨੀਆਂ ਦੇਣ ਵਾਲੇ, ਸੱਚੇ ਮਾਰਗ ਚਲਦਿਆਂ...ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਸੰਦੇਸ਼ ਦੇਣ ਵਾਲਾ, ਨਾ ਵੈਰੀ ਨਾ ਬਿਗਾਨਾ, ਸਰਬੱਤ ਦਾ ਭਲਾ ਮੰਗਣ ਵਾਲਾ ਧਰਮ, ਅੱਜ ਕੁਰਾਹੇ ਪੈ ਰਿਹਾ ਹੈ, ਜਿਸ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਗੁਰੂ ਨਾਨਕ ਨੇ ਸਾਰਾ ਜੀਵਨ ਲਾ ਦਿੱਤਾ, ਅੱਜ ਉਸ ਦੇ ਸਿੱਖ ਅੰਧ ਵਿਸ਼ਵਾਸਾਂ ਵਿਚ ਨੱਕੋ-ਨੱਕ ਤੱਕ ਡੁੱਬੇ ਹੋਏ ਹਨ।

ਇਸਾਈ ਧਰਮ ਨੂੰ ਮੰਨਣ ਵਾਲੇ ਇਹ ਨਹੀਂ ਮੰਨਦੇ ਕਿ ਧਰਤੀ ਗੋਲ ਹੈ ਜਾਂ ਚਪਟੀ ਉਹ ਤਾਂ ਸਿਰਫ਼ ਪਵਿੱਤਰ ਬਾਈਬਲ ਵਿਚ ਲਿਖਿਆ ਹੀ ਮੰਨਦੇ ਹਨ। ਦੁਨੀਆਂ ਭਰ ਵਿਚ ਬਦਨਾਮ ਤਾਨਾਸ਼ਾਹ ਉਡੋਲਫ ਹਿਟਲਰ ਨੇ 60 ਲੱਖ ਯਹੂਦੀਆਂ ਨੂੰ ਗੈਸ ਦੀਆਂ ਭੱਠੀਆਂ ਵਿਚ ਸੁੱਟਕੇ ਮਰਵਾਇਆ, ਉਨ੍ਹਾਂ ਦਾ ਕਸੂਰ ਸਿਰਫ਼

ਯਹੂਦੀ ਹੋਣਾ ਸੀ। ਜੇਕਰ ਯਹੂਦੀ ਹੋਣ ਦੀ ਇੰਨੀ ਵੱਡੀ ਸਜ਼ਾ ਹੈ। ਫਿਰ ਤਾਂ ਇਸਾਈ ਕਹਾਉਣਾ ਵੀ ਮੱਥੇ ਤੇ ਕਲੰਕ ਲਾਉਣ ਦੇ ਬਰਾਬਰ ਹੈ।

ਇਕ ਸੁਲਝਿਆ ਹੋਇਆ ਮਨੁੱਖ ਤਾਂ ਅਜ਼ਾਦ ਖਿਆਲਾਂ ਨੂੰ ਗਲੇ ਲਾਉਂਦਾ ਹੈ। ਸੱਚ ਦੀ ਤਲਾਸ਼ ਕਰਦਾ ਹੈ। ਸੱਚ ਦੀ ਪਰਤ ਤੱਕ ਜਾਣ ਲਈ ਚਾਹੇ ਉਸਨੂੰ ਆਪਣੀ ਜੀਵਨ-ਲੀਲਾ ਹੀ ਸਮਾਪਤ ਕਿਉਂ ਨਾ ਕਰਨੀ ਪਵੇ। ਇਸ ਲਈ ਤਾਂ ਕੌਰਨੀਲ ਆਪਣੇ ਗੁਰੂ ਮੌਜਿਜ ਨੂੰ ਕਹਿੰਦਾ ਹੈ ਕਿ ਮੈਨੂੰ ਸੱਚ ਦੀ ਹੀ ਸਿੱਖਿਆ ਦੇਵੋ, ਜੋ ਸਦੀਵੀ ਸੱਚ ਹੋਵੇ। ਸਾਰੇ ਧਰਮਾਂ ਨੇ ਤਾਂ ਮਨੁੱਖ ਦੇ ਪੱਲੇ ਫਿਰਕੂ-ਫਸਾਦ, ਖੂਨ-ਖ਼ਰਾਬੇ, ਸਵਰਗ-ਨਰਕ ਤੇ ਅੰਧਵਿਸ਼ਵਾਸਾਂ ਦੀ ਖੈਰ ਪਾਈ ਹੈ। ਇਸਦੇ ਉਲਟ ਵਿਗਿਆਨ ਨੇ ਮਨੁੱਖ ਨੂੰ ਸਪੈਂਸਰ, ਕਾਮਤੇ, ਸਪਿਨੋਜ਼ਾ ਤੇ ਕਵੈਨਡਿਸ਼ ਵਰਗੇ ਸੱਚੇ ਵਿਦਵਾਨ ਦਿੱਤੇ ਹਨ। ਪੀਟਨ ਕਰੋਪੋਨਿਕ ਤੇ ਲੂਸੀ ਮਾਈਕਲ ਜਿਹੇ ਮਹਾਂਪੁਰਸ਼। ਸੱਚ ਦੇ ਮੂੰਹ ਨੂੰ ਨੰਗਾ ਕਰਨ ਲਈ ਵਾਨੋਨੀ, ਐਂਟੀਅਸ, ਡੈਲੋਟ ਤੇ ਬਰੂਨੋ ਵਰਗੇ ਵਿਗਿਆਨੀਆਂ ਨੇ ਸ਼ਹਾਦਤਾਂ ਦਿੱਤੀਆਂ।

ਹੇ ਮਨੁੱਖ ਤੂੰ ਫਿਰ ਵੀ ਬੇਫਿਕਰ ਹੋ ਕੇ ਸੁੱਤਾ ਪਿਆ ਏਂ। ਉੱਠ ਉਨ੍ਹਾਂ ਰਾਹਵਾਂ ਵੱਲ ਚੱਲ, ਜੋ ਸੱਚਾਈ ਦੀ ਮੰਜ਼ਿਲ ਤੇ ਜਾਕੇ ਖਤਮ ਹੁੰਦੇ ਹਨ। ਸੱਚ ਨੂੰ ਗਲੇ ਲਾਏ ਬਿਨਾਂ ਤੇਰਾ ਗੁਜ਼ਾਰਾ ਨਹੀਂ ਹੋਵੇਗਾ। ਤੈਨੂੰ ਅਭੌਤਿਕਵਾਦੀ ਸਿਧਾਂਤਾਂ ਨੂੰ ਸਿਰੇ ਤੋਂ ਨਿਕਾਰਨਾ ਪਏਗਾ। ਅੰਧਵਿਸ਼ਵਾਸਾਂ ਤੇ ਧਰਮਾਂ ਨੇ ਸੱਚ ਨੂੰ ਗੰਦੇ ਮੰਦੇ ਪੋਤੜਿਆਂ ਵਿਚ ਲਪੇਟਿਆ ਹੋਇਆ ਹੈ। ਇਸ ਦੇ ਇਕ ਮਾਸ ਦਾ ਲੋਥੜਾ ਢੌਂਗੀ ਬਾਬਿਆਂ ਤੇ ਤਾਂਤਰਿਕਾਂ ਦੀ ਅਥਾਹ ਭੁੱਖ ਦੇ ਅੱਗੇ ਅਰਗ ਚੜ੍ਹਾ ਦਿੱਤਾ ਹੈ। ਅਸਥੂਲਾਂ ਬੇਜ਼ਾਨ ਸੁੱਕੀ ਲੱਕੜੀ ਵਿਚੋਂ ਉਪਜੀਵਕਾ ਲੱਭਕੇ ਜਿਉਂਦਾ ਹੈ। ਮਿੱਟੀ ਘੱਟੇ ਵਿਚ ਆਪਣੇ ਤਨ ਨੂੰ ਸਾੜਕੇ ਮਹਿਲ ਮਾੜੀਆਂ ਉਸਾਰਦੀ ਹੈ। ਦੀਵਾ ਅੱਗ ਨੂੰ ਸਿਰ ਦੀ ਬਲੀ ਦੇਕੇ ਹੀ ਲੋਅ ਵੰਡਦਾ ਹੈ। ਹੇ ਬੰਦਿਆ ਤੂੰ ਮਨੁੱਖਤਾ ਲਈ ਅੱਜ ਤੱਕ ਕੀ ਕੀਤਾ ਹੈ। ਠਾਠਾ ਮਾਰਦਾ ਸਿਦਕ, ਮਿਹਨਤ ਤੇ ਤਾਕਤ ਮਨੁੱਖ ਨੂੰ ਨਰੋਈਆਂ ਆਸਾਵਾਂ ਬਖਸ਼ਦੇ ਹਨ। ਬਦੀ ਦੇ ਵਿਰੁੱਧ ਡਟ ਜਾਣ ਲਈ ਪ੍ਰੇਰਦੇ ਹਨ। ਉਠਾ ਉਸ ਹਥਿਆਰ ਨੂੰ, ਜੋ ਕੋਵੂਰ ਨੇ ਤੇਰੇ ਹੱਥਾਂ ਵਿਚ ਧਰਿਆ ਹੈ, ਇਤਿਹਾਸਕ ਤੇ ਵਰਤਮਾਨ ਸੱਚ ਤੇਰੇ ਨਾਲ ਮੋਢਾ ਜੋੜਕੇ ਖੜ੍ਹੇ ਹਨ।

ਅੱਖਾਂ ਖੋਲ੍ਹ, ਉਨ੍ਹਾਂ ਮਾਰਗਾਂ 'ਤੇ ਤੁਰ, ਜਿਹੜੇ ਸੱਚ ਦੇ ਬੂਹਿਆਂ ਅੱਗੇ ਜਾਕੇ ਦਸਤਕ ਦਿੰਦੇ ਹਨ। ਆਪਣੇ ਵਜੂਦ ਨੂੰ ਤੇ ਸੱਚ ਨੂੰ, ਜਿੰਦਾ ਰੱਖਣ ਵਾਲੇ ਇਤਿਹਾਸ ਨੇ ਹਮੇਸ਼ਾ ਮਰਜੀਵੜਿਆਂ ਦੇ ਗਲ਼ਾਂ ਵਿਚ ਜਿੱਤਾਂ ਦੇ ਹਾਰ ਲਟਕਾਏ ਹਨ। ਧਰਮਾਂ ਕਰਮਾਂ ਸਮਾਜ ਵਿਚ ਫੈਲੀਆਂ ਕੁਰੀਤੀਆਂ ਤੇ ਅੰਧ-ਵਿਸ਼ਵਾਸਾਂ ਵਿਰੁੱਧ ਲੋਹਾ ਲੈਣ ਵਾਲੇ ਉਹੀ ਨਿਸ਼ਕਾਮ ਸੂਰਮੇ ਜੰਗਾਂ ਜਿੱਤਣਗੇ, ਜਿੰਨ੍ਹਾਂ ਦੀਆਂ ਰਗਾਂ ਵਿਚ ਤਰਕਸ਼ੀਲਤਾ ਦਾ ਖੂਨ ਦੌੜਦਾ ਹੈ। ਸੱਚਾਈ ਦੀ ਜਿੱਤ ਨੇ ਉਨ੍ਹਾਂ ਮੱਥਿਆਂ ਨੂੰ ਬੇ-ਸਬਰੀ ਨਾਲ ਚੁੰਮਿਆ ਚੱਟਿਆ ਹੈ, ਜਿਹੜੇ ਮੌਤ ਦੀ ਪ੍ਰਵਾਹ ਨਾ ਕਰਦੇ ਹੋਏ ਪਰਬਤਾਂ ਨਾਲ ਜਾ ਟਕਰਾਉਂਦੇ ਹਨ।

*- ਜਗਤਾਰ ਸਿੰਘ ਭੱਟੀ, ਸਤਨਾਮ ਨਗਰ ਅੰਮ੍ਰਿਤਸਰ*

## ਇੱਕ ਪਾਠਕ ਹੋਰ........

*ਅਦਾਰਾ 'ਵਿਗਿਆਨ ਜੋਤ' ਪਿਛਲੇ ਦਸ ਵਰ੍ਹਿਆਂ ਤੋਂ ਵਿਗਿਆਨਕ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਇਸ ਲੋਕ-ਪੱਖੀ ਉਪਰਾਲੇ ਵਿੱਚ ਤੁਹਾਡੇ ਯੋਗਦਾਨ ਦੀ ਬਹੁਤ ਜ਼ਰੂਰਤ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਵਿਚੋਂ ਘੱਟ-ਘੱਟ ਇੱਕ ਹੋਰ ਵਿਅਕਤੀ ਨੂੰ ਇਸ ਦਾ ਮੈਂਬਰ ਬਣਾਉਣ ਵਿੱਚ ਸਹਾਈ ਹੋਣ।ਸਾਡੇ ਸਮਾਜ ਦਾ ਕਲਿਆਣ ਤਾਹੀਓਂ ਹੋ ਸਕਦਾ ਹੈ ਜੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਵੇਗੀ।*

# ਵਿਗਿਆਨ ਜੋਤ

## *ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।*

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*



**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ*
*ਅਤੇ ਇੱਕ ਪ੍ਰਸ਼ੰਸਾ ਪੱਤਰ*
ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**


**ਅਮਿੱਤ ਮਿੱਤਰ**
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*


**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਕੰਪਿਊਟਰ ਦੀ ਦੁਨੀਆਂ 'ਚੋਂ.....

- ਅਮਿੱਤ ਮਿੱਤਰ

## ● ਬਿਨ ਲਾਦੇਨ ਹੈਕ ਕਰ ਰਿਹਾ ਹੈ ਈਮੇਲ

ਓਸਾਮਾ ਬਿਨ ਲਾਦੇਨ ਦੀ ਮੌਤ ਦੇ ਪ੍ਰਤੀ ਲੋਕਾਂ ਦੀ ਰੁਚੀ ਨੂੰ ਦੇਖਦੇ ਹੋਏ ਕੰਪਿਊਟਰ ਹੈਕਰਜ਼ ਉਸਦੀ ਮੌਤ ਦੀ ਵੀਡਿਓ ਨੂੰ ਵਾਇਰਸ ਫੈਲਾਉਣ 'ਚ ਇਸਤੇਮਾਲ ਕਰ ਰਹੇ ਹਨ। ਈਮੇਲ ਦੇ ਜਰੀਏ ਆਉਣ ਵਾਲਾ ਇਹ ਵਾਇਰਸ ਕੰਪਿਊਟਰ ਹੈਕ ਕਰ ਰਿਹਾ ਹੈ।

ਇਸ ਵਾਇਰਸ ਦਾ ਪਹਿਲਾ ਸ਼ਿਕਾਰ ਫੇਸਬੁਕ ਇਸਤੇਮਾਲ ਕਰਨ ਵਾਲੇ ਲੋਕ ਹੋ ਰਹੇ ਹਨ ਜਿਨ੍ਹਾਂ ਨੂੰ ਆਪਣੇ ਦੋਸਤਾਂ ਦਾ ਈਮੇਲ ਆਉਂਦਾ ਹੈ। ਇਸ 'ਚ ਲਿਖਿਆ ਹੁੰਦਾ ਹੈ ਕਿ ਉਹ ਦਿੱਤੇ ਗਏ ਟੈਕਸਟ ਨੂੰ ਕੱਟ ਪੇਸਟ ਕਰਨ ਤਾਂ ਇਸ 'ਚ ਬਿਨ ਲਾਦੇਨ ਦੀ ਮੌਤ ਦਾ ਵੀਡਿਓ ਦੇਖ ਸਕਣਗੇ।

ਐਂਟੀ ਵਾਇਰਸ ਸਾਫ਼ਟਵੇਅਰ ਇਕ ਸੈਕੂਅਰ ਬਣਾਉਣ ਵਾਲੀ ਕੰਪਨੀ ਦਾ ਮੁੱਖ ਰਿਸਰਚ ਅਫ਼ਸਰ ਮਿਕਕੋ ਹਿਪੋਨਨ ਨੇ ਦੱਸਿਆ ਕਿ ਜਦੋਂ ਇਸ ਤਰੀਕੇ ਦਾ ਇਸਤੇਮਾਲ ਕਰ ਲਿਆ ਜਾਂਦਾ ਹੈ ਤਾਂ ਈਮੇਲ ਅਕਾਊਂਟ ਪੂਰੀ ਤਰ੍ਹਾਂ ਹੈਕਰਜ਼ ਦੇ ਹੱਥ 'ਚ ਆ ਜਾਂਦਾ ਹੈ।

ਹੈਕਰਜ਼ ਇਸ ਅਕਾਊਂਟ ਦੇ ਜਰੀਏ ਵਾਇਰਸ ਅੱਗੇ ਵਧਾਉਂਦੇ ਰਹਿੰਦੇ ਹਨ ਅਤੇ ਫਿਰ ਦੂਸਰੇ ਦੋਸਤਾਂ ਨੂੰ ਇਹ ਸਪੈਮ ਮੇਲ ਜਾਂਦਾ ਹੈ।

ਫਿਸ਼ਿੰਗ ਸਕੀਮ ਨਾਮ ਦੇ ਹਮਲਿਆਂ ਦੀ ਯੋਜਨਾ ਹੈਕਰਜ਼ ਕਈ ਤਰ੍ਹਾਂ ਦੇ ਸਮਾਚਾਰਾਂ ਦਾ ਇਸਤੇਮਾਲ ਕਰਕੇ ਬਣਾ ਸਕਦੇ ਹਨ, ਇਨ੍ਹਾਂ 'ਚ ਬ੍ਰਿਟਿਸ਼ ਸ਼ਾਹੀ ਸ਼ਾਦੀ, ਜਪਾਨ ਦੀ ਸੁਨਾਮੀ ਜਾਂ ਫਿਰ ਫੁਟਬਾਲ ਵਰਲਡ ਕੱਪ 'ਚ ਸ਼ਾਮਿਲ ਹੁੰਦੇ ਹਨ। ਇੰਟਰਨੈਟ ਕਾਰਪੋਰੇਸ਼ਨ ਨੇਮਜ਼ ਐਂਡ ਨੰਬਰਜ਼ ਆਈ. ਸੀ. ਏ. ਐਨ. ਐਨ. ਦੇ ਮੁੱਖ ਸੁਰੱਖਿਆ ਅਧਿਕਾਰੀ ਜੇਫ ਮੋਸ ਕਹਿੰਦੇ ਹਨ, "ਉਨ੍ਹਾਂ ਦੇ ਕੋਲ ਹਮੇਸ਼ਾ ਕੁਝ ਨਾ ਕੁਝ ਤਿਆਰ ਰਹਿੰਦਾ ਹੈ, ਕਿਤੇ ਨਾ ਕਿਤੇ ਸੁਨਾਮੀ ਭੂਚਾਲ, ਭੁੱਖਮਰੀ ਵਰਗਾ ਕੁਝ ਨਾ ਕੁਝ ਹੁੰਦਾ ਰਹਿੰਦਾ ਹੈ।

ਜਪਾਨ 'ਚ ਭੂਚਾਲ ਦੇ ਕੁਝ ਹੀ ਘੰਟਿਆਂ ਬਾਅਦ ਹੈਕਰਜ਼ ਨੇ ਸੁਨਾਮੀ ਦਾ ਇਸਤੇਮਾਲ ਕਰਦੇ ਹੋਏ ਹਮਲੇ ਸ਼ੁਰੂ ਕਰ ਦਿੱਤੇ ਅਤੇ ਸਪੈਮ ਮੇਲਾਂ ਦੀ ਬਾੜ੍ਹ ਆ ਗਈ।

ਐਫ. ਬੀ. ਆਈ. ਦਾ ਕਹਿਣਾ ਹੈ ਕਿ ਵਾਇਰਸ ਦੇ ਕਾਰਨ ਅਜਿਹੇ ਪ੍ਰੋਗਰਾਮ ਕੰਪਿਊਟਰ 'ਤੇ ਆਪਣੇ ਆਪ ਡਾਊਨਲੋਡ ਹੋ ਜਾਂਦੇ ਹਨ ਜੋ ਉਨ੍ਹਾਂ ਦੀ ਨਿੱਜੀ ਜਾਣਕਾਰੀ ਚੋਰੀ ਕਰ ਸਕਦੇ ਹਨ। ਹਿਪਪੋਨਨ ਦਾ ਕਹਿਣਾ ਹੈ ਕਿ ਬਿਨ ਲਾਦੇਨ ਦਾ ਸਪੈਮ ਕਈ ਮਹੀਨਿਆਂ ਤੱਕ ਚਲ ਸਕਦਾ ਹੈ, "ਅਸੀਂ ਜਾਣਦੇ ਹਾਂ ਕਿ ਇਕ ਵੀਡੀਓ ਹੈ, ਅਸੀਂ ਇਹ ਵੀ ਜਾਣਦੇ ਹਾਂ ਕਿ ਇਹ ਰਿਲੀਜ਼ ਨਹੀਂ ਹੋਵੇਗਾ, ਮਤਲਬ ਹੈ ਕਿ ਲੰਬੇ ਸਮੇਂ ਤੱਕ ਲੋਕ ਇਸਦਾ ਇਸਤੇਮਾਲ ਕਰ ਸਕਦੇ ਹਾਂ।

## ● ਮਾਂ-ਬਾਪ ਰੱਖ ਸਕਣਗੇ ਬੱਚਿਆਂ ਦੀ ਫੇਸਬੁਕ ਗਤੀਵਿਧੀਆਂ 'ਤੇ ਨਜ਼ਰ

ਹੁਣ ਮਾਤਾ-ਪਿਤਾ ਓਨਲਾਈਨ ਸੋਸ਼ਲ ਨੈਟਵਰਕ 'ਤੇ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਸਕਣਗੇ।

ਇੰਟਰਨੈੱਟ ਸਕਿਊਰਿਟੀ ਫਰਮ ਚੈਕ ਪੁਆਇੰਟ ਨੇ ਇੱਕ ਸਾਫ਼ਟਵੇਅਰ ਪੇਸ਼ ਕੀਤਾ ਹੈ, ਜਿਸਦੀ ਮੱਦਦ ਨਾਲ ਮਾਤਾ-ਪਿਤਾ ਆਪਣੇ ਬੱਚਿਆਂ ਦੇ ਸੋਸ਼ਲ ਨੈਟਵਰਕਿੰਗ ਦੀਆਂ ਗਤੀਵਿਧੀਆਂ 'ਤੇ ਬਿਨਾਂ ਉਨ੍ਹਾਂ ਨੂੰ ਦੋਸਤਾਂ ਦੀ ਸੂਚੀ 'ਚ ਸ਼ਾਮਿਲ ਹੋਏ ਨਜ਼ਰ ਰੱਖ ਸਕਣਗੇ।

ਜੋਨ ਅਲਾਰਮ ਸੋਸ਼ਲ ਗਾਰਡ, ਮਾਤਾ-ਪਿਤਾ ਬੱਚਿਆਂ ਨੂੰ ਫੇਸਬੁਕ ਅਕਾਊਂਟ 'ਤੇ ਕੀਤੀਆਂ ਜਾਣ ਵਾਲੀਆਂ ਸਾਰੀਆਂ ਪੋਸਟਾਂ, ਕਮੈਂਟ, ਫੋਟੋ, ਵੀਡਿਓ ਅਤੇ ਹੋਰ ਸਮੱਗਰੀਆਂ ਨੂੰ ਪੋਸਟ ਕਰਨ ਲਈ ਉਨ੍ਹਾਂ ਨੂੰ ਚੇਤਾਵਨੀ ਸੰਦੇਸ਼ ਦੇਵੇਗਾ ਅਤੇ ਇਸਦੇ ਲਈ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਸਾਰਿਆਂ ਪੋਸਟਾਂ ਨੂੰ ਦੇਖਣਾ ਨਹੀਂ ਪਵੇਗਾ।

## ● ਦੁਨੀਆਂ ਦਾ ਪਹਿਲਾ ਪੇਪਰ ਫ਼ੋਨ, ਪਤਲਾ ਅਤੇ ਲਚੀਲਾ

ਆਈਪੈਡ ਅਤੇ ਟੱਚ ਸਕਰੀਨ ਦੀ ਦੁਨੀਆਂ 'ਚ ਇਕ ਹੋਰ ਸ਼ਾਨਦਾਰ ਮੋਬਾਇਲ ਫ਼ੋਨ ਆਇਆ ਹੈ। ਕੈਨੇਡਾ 'ਚ ਤਿਆਰ ਇਹ ਫ਼ੋਨ ਕਾਗਜ ਜਿੰਨਾ ਪਤਲਾ ਹੈ, ਪਰ ਇਸ 'ਚ ਗੱਲਾਂ ਕਰਨ, ਸੰਗੀਤ ਸੁਨਣ, ਈ-ਬੁਕਸ ਅਤੇ ਨਕਸ਼ੇ ਦੇਖਣ ਸਹਿਤ ਸਾਰੀਆਂ ਸਹੂਲਤਾਂ ਮੌਜੂਦ ਹਨ।

ਬਹੁਤ ਹਲਕਾ ਇਹ ਮੋਬਾਇਲ ਫ਼ੋਨ ਇਕ ਪਤਲੀ ਫ਼ਿਲਮ ਦਾ ਬਣਿਆ ਹੈ, ਇਹ ਫ਼ੋਨ ਉਹ ਸਭ ਕੁਝ ਕਰ ਸਕਦਾ ਹੈ ਜੋ ਕਿ ਇਕ ਸਮਾਰਟ ਫ਼ੋਨ ਕਰ ਸਕਦਾ ਹੈ। ਸਭ ਤੋਂ ਵਧੀਆ ਤਕਨੀਕ ਇਹ ਹੈ ਕਿ ਇਸ 'ਚ ਊਰਜਾ ਦੀ ਵਰਤੋਂ ਉਸ ਸਮੇਂ ਹੀ ਹੁੰਦੀ ਹੈ ਜਦੋਂ ਅਸੀਂ ਇਸ ਨੂੰ ਵਰਤਦੇ ਹਾਂ, ਜਦੋਂ ਅਸੀਂ ਇਸ ਦੀ ਵਰਤੋਂ ਨਹੀਂ ਕਰਦੇ ਤਾਂ ਊਰਜਾ ਦਾ ਇਸਤੇਮਾਲ ਨਹੀਂ ਹੁੰਦਾ।

ਇਹ ਦੇਖਣ ਵਿਚ ਕੰਪਿਊਟਰ ਦੀ ਤਰ੍ਹਾਂ ਹੈ, ਅਤੇ ਕੰਮ ਕਰਨ 'ਚ ਇੰਟਰਐਕਟਿਵ ਪੇਪਰ ਦੀ ਤਰ੍ਹਾਂ ਅਨੁਭਵ ਦਿੰਦਾ ਹੈ, ਇਸ ਨੂੰ ਚਲਾਉਣ ਲਈ ਤੁਸੀਂ ਇਸਦਾ ਉਪਰਲਾ ਕੋਨਾ ਮੋੜੋ, ਕੋਨਾ ਮੋੜ ਕੇ ਪੰਨਾ ਵੀ ਉਲਟਾ ਕੀਤਾ ਜਾ ਸਕਦਾ ਹੈ ਜਾਂ ਇਸਦੇ ਉੱਪਰ ਤੁਸੀਂ ਪੈਨ






ਨਾਲ ਵੀ ਲਿਖ ਸਕਦੇ ਹੋ। ਫ਼ੋਨ ਦਾ ਡਿਸਪਲੇਅ ਸਾਢੇ ਨੌਂ ਸੈਂਟੀਮੀਟਰ ਦਾ ਹੈ।

ਇਸ ਹਲਕੇ ਕੰਪਿਊਟਰ 'ਚ ਵੱਡੇ ਡਾਕੂਮੈਂਟ ਵੀ ਅਸਾਨੀ ਨਾਲ ਸੇਵ ਕੀਤੇ ਜਾ ਸਕਦੇ ਹਨ। ਇਸਦਾ ਮਤਲਬ ਹੈ ਕਿ ਵੱਡੇ ਦਫ਼ਤਰਾਂ 'ਚ ਕਿਸੇ ਵੀ ਪ੍ਰਿੰਟਰ ਜਾਂ ਪੇਪਰ ਦੀ ਜ਼ਰੂਰਤ ਨਹੀਂ ਪਵੇਗੀ, "ਇਸ 'ਚ ਸਾਰਾ ਡਿਜੀਟਲ ਡਾਟਾ ਸਟੋਰ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਨ੍ਹਾਂ ਕੰਪਿਊਟਰਾਂ ਨੂੰ ਪੇਪਰ ਦੀ ਤਰ੍ਹਾਂ ਇਕ ਦੇ ਉੱਪਰ ਇਕ ਕਰਕੇ ਵੀ ਰੱਖ ਸਕਦੇ ਹੋ ਜਾਂ ਟੇਬਲ 'ਤੇ ਵੀ ਰੱਖ ਸਕਦੇ ਹੋ।

## ● ਡਿਜੀਟਲ ਵਲਡਰ ਨੂੰ ਹੋਰ ਅਸਾਨ ਬਣਾਉਂਦਾ ਹੈ ਡੇ. ਜੀ.

ਨਵੀਂ ਦਿੱਲੀ - ਕੰਪਿਊਟਰ ਨੇ ਕੰਮਕਾਜੀ ਲੋਕਾਂ ਦੇ ਜੀਵਨ 'ਚ ਜੋ ਬਦਲਾਵ ਲਿਆਂਦਾ ਹੈ, ਉਸਦੀ ਕੋਈ ਸੀਮਾ ਨਹੀਂ ਹੈ। ਕੰਪਿਊਟਰ ਦੀ ਦੁਨੀਆਂ ਦਾ ਸਭ ਤੋਂ ਵੱਡਾ ਮਾਈਕ੍ਰੋਸਾਫਟ, ਉਨ੍ਹਾਂ ਲੋਕਾਂ ਲਈ ਇਕ ਵਧੀਆ ਸੌਗਾਤ ਲੈ ਕੇ ਆਇਆ ਹੈ। ਜੋ ਦੇਖ ਜਾਂ ਸੁਣ ਨਹੀਂ ਸਕਦੇ।

ਨੇਤਰਹੀਨ ਜਾਂ ਜਿਨ੍ਹਾਂ ਨੂੰ ਸੁਣਨ 'ਚ ਸੱਮਸਿਆ ਹੁੰਦੀ ਹੋਵੇ, ਅਜਿਹੇ ਲੋਕਾਂ ਲਈ ਜ਼ਰੂਰੀ ਹੈ ਕਿ ਕੰਪਿਊਟਰ ਦੀਆਂ ਫ਼ਾਈਲਾਂ ਉਨ੍ਹਾਂ ਦੀ ਜ਼ਰੂਰਤ ਦੇ ਅਨੁਸਾਰ ਹੋਣ। ਬਲਾਈਂਡ ਯੂਜ਼ਰ ਜਦੋਂ ਕੰਪਿਊਟਰ ਤੇ ਕੰਮ ਕਰਨ ਤਾਂ ਉਹ ਸੁਣ ਕੇ ਪਤਾ ਲਗਾ ਸਕਣ ਕਿ ਤੁਸੀਂ ਕਿ ਕਮਾਂਡ ਦਿੱਤੀ ਹੈ ਅਤੇ ਉਸ 'ਤੇ ਕੀ ਐਕਸ਼ਨ ਲਿਆ ਗਿਆਹੈ। ਅਜਿਹੀ ਸਹੂਲਤ ਪਹਿਲਾਂ ਤੋਂ ਹੀ ਕਈ ਸਾਫ਼ਟਵੇਅਰ ਦੇ ਰਹੇ ਹਨ। ਕੰਪਿਊਟਰ ਦੇ ਮਾਹਰਾਂ ਲਈ ਇਹ ਕੰਮ ਬਹੁਤ ਅਸਾਨ ਹੈ, ਪਰ ਜੇਕਰ ਅਸੀਂ ਕਿਸੇ ਫ਼ਾਈਲ ਨੂੰ ਇਨ੍ਹਾਂ ਖਾਸ ਜ਼ਰੂਰਤ ਵਾਲੇ ਲੋਕਾਂ ਦੇ ਲਈ ਬਣਾਉਣਾ ਚਾਹੁੰਦੇ ਹਾਂ ਤਾਂ ਦਿੱਕਤ ਆਉਂਦੀ ਹੈ। ਮਸਲਨ, ਅਸੀਂ ਜੇਕਰ ਕਿਸੇ ਵੀ ਡਾਕੂਮੈਂਟ ਫ਼ਾਈਲ ਨੂੰ ਆਡੀਓ ਬੁਕ ਫਾਈਲ ਜਾਂ ਕਿਸੇ ਦੂਸਰੇ ਫਾਰਮੈਂਟ 'ਚ ਬਦਲਣਾ ਚਾਹੁੰਦੇ ਹਾਂ। ਤਾਂ ਤੁਹਾਨੂੰ ਕੁਝ ਖਾਸ ਨਹੀਂ ਕਰਨਾ ਪਵੇਗਾ। ਬਸ ਆਪਣੇ ਐਮ. ਐਸ. ਵਰਡ 'ਚ ਇਕ ਹੋਰ ਆਪਸ਼ਨ ਐਡ ਕਰ ਲਓ। ਇਸ ਤੋਂ ਬਾਅਦ ਡਾਕੂਮੈਂਟ ਸੇਵ ਆਪਸ਼ਨ ਨਜ਼ਰ ਆਵੇਗੀ। ਇਸ ਆਪਸ਼ਨ ਨੂੰ ਸੇਵ ਕਰਨ ਦੇ ਲਈ ਆਡੀਓ ਫ਼ਾਈਲਾਂ ਨੂੰ ਪੜ੍ਹਨਾ ਜਾਂ ਸੁਣਨਾ, ਇਸ ਲਈ ਹੋਰ ਅਸਾਨ ਹੋ ਜਾਂਦਾ ਹੈ, ਕਿਉਂਕਿ ਇਹ ਤੁਹਾਨੂੰ ਹੋਰ ਸਮਾਰਟ ਸਹੂਲਤਾਂ ਦਿੰਦਾ ਹੈ। ਇਸਦੀ ਕਾਬਲੀਅਤ ਦਾ ਅੰਦਾਜ਼ਾ ਤੁਸੀਂ ਇਸ ਗੱਲ ਨਾਲ ਲਗਾ ਸਕਦੇ ਹੋ ਕਿ ਇਸਦੀ ਮੱਦਦ ਨਾਲ ਨਵੀਂ ਨਿਊਜ਼ ਮੈਗਜ਼ੀਨ ਆਡੀਓ ਬੁਕ ਦੇ ਰੂਪ 'ਚ ਉਪਲਬਧ ਹੋ ਜਾਵੇਗੀ। ਜਿਸ ਨੂੰ ਡੇ. ਜੀ. ਪਲੇਅਰ 'ਤੇ ਅਸਾਨੀ ਨਾਲ ਸੁਣਿਆ ਜਾ ਸਕਦਾ ਹੈ।

## ਤਰਕ

ਮੈਂ ਅੱਜ ਟੀਕਾ ਨਹੀਂ ਲਵਾਉਣਾ ਤੇ ਨਾ ਹੀ ਕੋਈ ਗੋਲੀ ਖਾਣੀ ਹੈ ਕਿਉਂਕਿ ਅੱਜ 1 ਜਨਵਰੀ ਹੈ ਤੇ ਨਵਾਂ ਸਾਲ ਹੈ। ਜੇ ਅੱਜ ਟੀਕਾ ਲਵਾਇਆ ਤਾਂ ਸਾਰਾ ਸਾਲ ਟੀਕੇ ਲਗਵਾਉਣੇ ਪੈਣਗੇ। ਬੁਖ਼ਾਰ, ਸਿਰ ਦਰਦ ਤੇ ਜ਼ੁਕਾਮ ਨਾਲ ਸਰੜ ਸਰੜ ਕਰਦੀ ਆਈ ਸਾਡੀ ਗੁਆਂਢਣ ਬਸੰਤ ਕੌਰ ਨੇ ਡਾਕਟਰ ਨੂੰ ਦੇਖ ਕੇ ਕਿਹਾ।

'ਮਾਤਾ ਜੇ ਅੱਜ ਟੀਕਾ ਨਾ ਲਵਾਇਆ ਸਾਰਾ ਸਾਲ ਟੀਕੇ ਲਵਾਉਣੇ ਪੈਣਗੇ ਤਾਂ ਅੱਜ ਹੋਇਆ ਬੁਖਾਰ ਤੇ ਸਿਰਦਰਦ ਵੀ ਤਾਂ ਸਾਰਾ ਸਾਲ ਰਹਿਣਗੇ ਕਿਉਂਕਿ ਇਹ ਵੀ ਤਾਂ ਅੱਜ ਸੰਗਰਾਂਦ ਵਾਲੇ ਦਿਨ ਸ਼ੁਰੂ ਹੋਏ ਸਨ। ਡਾਕਟਰ ਜੋ ਕਿ ਇਨਸਾਨ ਸੀ ਨੇ ਮਾਈ ਦਾ ਤਰਕ ਉਸ 'ਤੇ ਵਰਤਦੇ ਹੋਏ ਕਿਹਾ, ਹੁਣ ਮਾਤਾ ਬਸੰਤ ਕੌਰ ਨੇ ਝੱਟ ਟੀਕਾ ਲਵਾ ਲਿਆ।

*- ਜਗਜੀਤ ਸਿੰਘ ਸੱਗੂ, ਮੋਬਾ ਨੰ: 81461-57763*

## ● ਆਈ. ਐਮ. ਈ ਨਾਲ ਹਿੰਦੀ ਟਾਈਪਿੰਗ ਨੂੰ ਕਿਵੇਂ ਬਣਾਈਏ ਵਧੀਆ

ਕੰਪਿਊਟਰ 'ਤੇ ਹਿੰਦੀ ਨੂੰ ਐਕਟਿਵ ਕਰ ਲੈਣਾ ਇਕ ਗੱਲ ਹੈ ਅਤੇ ਉਸ ਸਹੂਲਤ ਦਾ ਇਸਤੇਮਾਲ ਕਰਨਾ ਦੂਸਰੀ ਗੱਲ। ਵਿੰਡੋਜ਼ 'ਚ ਹਿੰਦੀ ਯੂਨੀਕੋਡ ਸਮਾਪਤ ਕਰਨ ਤੋਂ ਬਾਅਦ ਸਵਾਲ ਖੜ੍ਹਾ ਹੁੰਦਾ ਹੈ ਕਿ ਹੁਣ ਟਾਈਪ ਕਿਵੇਂ ਕਰੀਏ? ਜੇਕਰ ਤੁਸੀਂ ਹਿੰਦੀ 'ਚ ਕੰਪਿਊਟਰ 'ਤੇ ਟਾਈਪਿੰਗ ਕਰਨ ਲਈ ਜੇਕਰ ਕੋਈ ਬਕਾਇਦਾ ਟ੍ਰੇਨਿੰਗ ਨਹੀਂ ਲਈ ਹੈ ਤਾਂ ਤੁਸੀਂ ਫਿਰ ਅਟਕ ਜਾਓਗੇ। ਕਾਰਨ? ਕੰਪਿਊਟਰ 'ਤੇ ਅੰਗਰੇਜ਼ੀ 'ਚ ਕੰਮ ਕਰਨਾ ਉਨਾ ਮੁਸ਼ਕਿਲ ਨਹੀਂ ਹੈ ਕਿਉਂਕਿ ਕੀਬੋਰਡ 'ਤੇ ਅੰਗਰੇਜ਼ੀ ਦੇ ਅੱਖਰ ਲਿਖੇ ਹੁੰਦੇ ਹਨ। ਅੰਗਰੇਜ਼ੀ ਟਾਈਪਿੰਗ ਨਾ ਜਾਣਦੇ ਹੋਏ ਵੀ ਤੁਸੀਂ ਇਸ ਭਾਸ਼ਾ 'ਚ ਕੰਮਚਲਾਊ ਕਿਸਮ ਦੀ ਟਾਈਪਿੰਗ ਕਰ ਲਓਗੇ। ਪਰ ਹਿੰਦੀ 'ਚ ਅਜਿਹੀ ਗੱਲ ਨਹੀਂ ਹੈ।

ਕੰਪਿਊਟਰ ਦੇ ਨਾਲ ਆਉਣ ਵਾਲੇ ਕੀਬੋਰਡਾਂ ਦੇ ਹਿੰਦੀ 'ਚ ਅੱਖਰ ਨਹੀਂ ਹੁੰਦੇ। ਇਸ ਲਈ ਤੁੱਕੇ ਲਗਾਉਂਦੇ ਹੋਈ ਹਿੰਦੀ 'ਚ ਟਾਈਪ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਅਜਿਹੀ ਸਥਿਤੀ 'ਚ ਹਿੰਦੀ ਦੀ ਵਰਤੋਂ ਕਰਨ ਵਾਲਿਆਂ ਦੇ ਸਾਹਮਣੇ ਦੋ ਵਿਕਲਪ ਰਹਿ ਜਾਣਗੇ-ਪਹਿਲਾਂ, ਹਿੰਦੀ ਟਾਈਪਿੰਗ ਦੀ ਸਹੀ ਢੰਗ ਨਾਲ ਟਰੇਨਿੰਗ ਲੈਣੀ ਅਤੇ ਦੂਜਾ ਕਿਸੇ ਵੀ ਸਾਫ਼ਟਵੇਅਰ ਟੂਲ ਦੀ ਮੱਦਦ ਲੈਣਾ। ਇਸ ਤਰ੍ਹਾਂ ਦਾ ਇਕ ਟੂਲ ਹੈ ਇਨਪੁਟ ਮੈਥਡ ਐਡੀਟਰ ਜੋ ਤੁਹਾਡੇ ਕੰਪਿਊਟਰ 'ਚ ਅਲੱਗ-ਅਲੱਗ ਕੰਪਿਊਟਰ ਲੇਅ-ਆਊਟ ਦਾ ਇਸਤੇਮਾਲ ਕਰਦੇ ਹੋਏ ਟਾਈਪਿੰਗ ਦੀ ਸਹੂਲਤ ਨੂੰ ਵੀ ਨਾਲ ਜੋੜ ਦਿੰਦਾ ਹੈ-ਮਸਲਨ ਇਨਸਕਰਿਪਟ, ਟਰਾਂਸਲਿਟਰੇਸ਼ਨ ਅਤੇ ਰੇਮਿੰਗਟਨ। ਇਨ੍ਹਾਂ 'ਚ ਤੁਸੀਂ ਆਪਣੀ ਪਸੰਦ ਦਾ ਕੀਬੋਰਡ ਲੇਅਆਊਟ ਚੁਣੋ ਅਤੇ ਟਾਈਪਿੰਗ ਸ਼ੁਰੂ ਕਰ ਦਿਓ।

ਤੁਸੀਂ ਪੁੱਛੋਗੇ ਕਿ ਇਨ੍ਹਾਂ ਤਿੰਨਾਂ ਤਰੀਕਿਆਂ 'ਚ ਫ਼ਰਕ ਕੀ ਹੈ। ਕੰਪਿਊਟਰ ਜਾਂ ਦੂਸਰੇ ਡਿਜੀਟਲ ਡਿਵਾਈਸਜ਼ 'ਚ ਹਿੰਦੀ 'ਚ ਟਾਈਪ ਕਰਨ ਦੇ ਲਈ ਡਿਫਾਲਟ ਪੱਧਤੀ 'ਇਨਸਕਰਿਪਟ' ਹੈ। ਇਹ ਹਿੰਦੀ ਸਮੇਤ ਸਾਰੀਆਂ ਭਾਰਤੀ ਭਾਸ਼ਾਵਾਂ 'ਚ ਕੰਪਿਊਟਰ 'ਤੇ ਟਾਈਪ ਕਰਨ ਲਈ ਅਰਥਮੈਟਿਕ ਪੱਧਤੀ ਹੈ। ਜਿਸ ਨੂੰ ਭਾਰਤ ਦਾ ਆਫ਼ੀਸ਼ਲ ਸਟੈਂਡਰਡ ਕਿਹਾ ਜਾਂਦਾ ਹੈ। ਇਹ ਤੇਜ਼ ਰਫ਼ਤਾਰ ਅਤੇ ਸ਼ੁੱਧਤਾ ਦੇ ਲਈ ਜਾਣਿਆ ਜਾਂਦਾ ਹੈ ਅਤੇ ਹਰ ਕੰਪਿਊਟਿੰਗ ਡਿਵਾਈਸ ਹਿੰਦੀ 'ਚ ਉਪਲਬਧ ਹੁੰਦੇ ਹੋਏ ਵੀ ਕੀਬੋਰਡ ਲੇਅਆਊਟ ਆਪਣੇ ਆਪ ਉਪਲਬਧ ਹੋ ਜਾਂਦਾ ਹੈ। ਜੋ ਲੋਕ ਇਸ ਨੂੰ ਸਿੱਖਣ ਦੇ ਲਈ ਸਮਾਂ ਨਹੀਂ ਕੱਢ ਸਕਦੇ, ਉਹ ਟਰਾਂਸਲਿਟਰੇਸ਼ਨ ਪੱਧਤੀ ਦਾ ਇਸਤੇਮਾਲ ਕਰ ਸਕਦੇ ਹਨ। ਇਸਦੇ ਤਹਿਤ ਯੂਜ਼ਰ ਕੀਬੋਰਡ ਲੇਅਆਊਟ 'ਰੇਮਿੰਗਟਨ' ਹੈ ਜੋ ਦਫ਼ਤਰਾਂ 'ਚ ਕਿਸੇ ਸਮੇਂ ਰੇਮਿੰਗਟਨ ਟਾਈਪਰਾਈਟਰਾਂ 'ਤੇ ਕੰਮ ਕਰ ਰਹੇ ਲੋਕਾਂ ਵਿੱਚ ਲੋਕਪ੍ਰਿਯ ਹੈ। ਇਹ ਉਨ੍ਹਾਂ ਨੂੰ ਉਸ ਪੁਰਾਣੇ ਤਰੀਕੇ ਨਾਲ ਹੀ ਕੰਪਿਊਟਰ ਦੀ ਸਹੂਲਤ ਦਿੰਦਾ ਹੈ। ਜੇਕਰ ਤੁਹਾਡਾ ਕੰਪਿਊਟਰ 'ਤੇ ਹਿੰਦੀ ਨਾਲ ਵਾਸਤਾ ਸਿਰਫ਼ ਥੋੜੇ ਸਮੇਂ ਲਈ ਪੈਂਦਾ ਹੈ। ਤਾਂ ਤੁਸੀਂ ਟਾਈਪਿੰਗ ਦਾ ਕੋਈ ਵੀ ਤਰੀਕਾ ਅਪਣਾਉਣ ਲਈ ਅਜ਼ਾਦ ਹੋ, ਕਿਉਂਕਿ ਟ੍ਰਾਂਸਲਿਟਰੇਸ਼ਨ ਜਾਂ ਰੇਮਿੰਗਟਨ ਕੀਬੋਰਡ ਲੇਅਆਊਟ ਹਿੰਦੀ 'ਚ ਕੰਮ ਕਰਨ ਦੇ ਆਦਰਸ਼ ਤਰੀਕੇ ਨਹੀਂ ਹਨ।

# ਗ੍ਰਹਿਆਂ ਦੀਆਂ ਗਤੀਆਂ ਦੇ ਨਿਯਮਾਂ ਦਾ ਖੋਜ਼ੀ

# ਜੌਹਨ ਕੈਪਲਰ

ਇਕ ਜ਼ਮਾਨਾ ਸੀ ਜਦੋਂ ਧਰਤੀ ਨੂੰ ਸਥਿਰ ਅਤੇ ਸੂਰਜ ਨੂੰ ਧਰਤੀ ਦੁਆਲੇ, ਪਰਿਕਰਮਾ ਕਰਦਾ ਮੰਨਦੇ ਸਨ। ਲਗਪਗ ਡੇਢ ਹਜ਼ਾਰ ਵਰ੍ਹੇ, ਟਾਲਮੀ ਦੇ ਸਿਧਾਂਤਾਂ ਨੂੰ ਹੀ ਮੰਨਿਆ ਜਾਂਦਾ ਰਿਹਾ। ਫਿਰ ਇਕ ਸਮਾਂ ਆਇਆ, ਜਦੋਂ ਯੂਰਪ ਦੇ ਇਕ ਵਿਗਿਆਨੀ ਕਾਪਰਨੀਕਸ ਨੇ ਆਪਣਾ ਇਹ ਸਿਧਾਂਤ ਦੇ ਕੇ, ਸਭ ਨੂੰ ਹੈਰਾਨ ਕਰ ਦਿੱਤਾ ਕਿ ਸੂਰਜ ਸਥਿਰ ਹੈ ਅਤੇ ਧਰਤੀ ਅਤੇ ਹੋਰ ਗ੍ਰਹਿ, ਇਸ ਦੇ ਗਿਰਦ ਚੱਕਰ ਲਗਾਉਂਦੇ ਹਨ।

ਉਹ ਵੇਲਾ ਧਾਰਮਿਕ ਗੁਰੂਆਂ ਦੇ ਬੋਲ-ਬਾਲੇ ਦਾ ਸੀ। ਧਾਰਮਿਕ ਆਗੂਆਂ ਨੇ ਕਾਪਰਨੀਕਸ ਦੇ ਸਿਧਾਂਤ ਦਾ ਸਖ਼ਤ ਵਿਰੋਧ ਕੀਤਾ। ਉਸ ਦੀ ਖੋਜ-ਪੁਸਤਕ ਨੂੰ ਪੜ੍ਹਨ ਤੇ ਪਾਬੰਦੀ ਲਗਾ ਦਿੱਤੀ ਗਈ। ਪਰ ਚੋਰੀ-ਛੁੱਪੇ, ਉਸ ਦੀ ਖੋਜ਼ ਪੁਸਤਕ ਨੂੰ ਪੜ੍ਹਨ ਅਤੇ ਆਪਣੇ ਵਿਦਿਆਰਥੀਆਂ ਤੀਕ ਪਹੁੰਚਾਣ ਵਾਲੇ ਵਿਗਿਆਨੀ ਦਾ ਨਾਂ ਸੀ, ਜੌਹਨ ਕੈਪਲਰ।

1594 ਵਿਚ ਗ੍ਰਾਟਜ਼ ਵਿਖੇ, ਗਣਿਤ ਦਾ ਅਧਿਆਪਕ ਨਿਯੁਕਤ ਹੋਇਆ ਪਰ ਘੱਟ ਤਨਖ਼ਾਹ ਨਾਲ ਉਸ ਦੀ ਰੋਟੀ ਵੀ ਪੂਰੀ ਨਾ ਹੁੰਦੀ। ਵਾਧੂ ਸਮੇਂ ਵਿਚ ਕੈਪਲਰ ਜੰਤਰੀਆਂ, ਬਨਾਉਣ ਲੱਗਾ। ਗ੍ਰਹਿਆਂ ਦਾ ਗਣਿਤ ਉਹ ਚੁਟਕੀ ਨਾਲ ਹੱਲ ਕਰ ਲੈਂਦਾ ਸੀ। ਤਾਰਾ-ਵਿਗਿਆਨ ਨਾਲ ਸਬੰਧਤ, ਇਕ ਘਟਨਾ ਕੈਪਲਰ ਨਾਲ ਇਸ ਪ੍ਰਕਾਰ ਘਟੀ।

ਇਕ ਦਿਨ ਕੈਪਲਰ ਆਪਣੀ ਕਲਾਸ ਨੂੰ ਪੜ੍ਹਾ ਰਿਹਾ ਸੀ। ਇਕ ਸਰਲ ਜੇਹੀ ਆਕ੍ਰਿਤੀ (ਇਕ ਤਿਕੋਨ ਦੇ ਅੰਦਰ ਅਤੇ ਬਾਹਰ ਖਿੱਚੇ ਹੋਏ ਚੱਕਰ) ਉੱਤੇ ਉਸ ਦੀ ਸਾਰੀ ਦੀ ਸਾਰੀ ਸੋਚ ਪਲ ਭਰ ਲਈ ਕੇਂਦਰਿਤ ਹੋ ਗਈ ਸੀ। ਕੈਪਲਰ ਨੇ ਇਸ ਆਕ੍ਰਿਤੀ ਤੋਂ, ਸਮਠੋਸਾਂ ਤੋਂ ਗ੍ਰਹਿਆਂ ਦੇ ਗੋਲਿਆਂ ਦਾ ਸਬੰਧ ਜੋੜ ਕੇ, ਸੌਰ ਮੰਡਲ ਦਾ ਇਕ ਪ੍ਰਤੀਰੂਪ ਤਿਆਰ ਕੀਤਾ। ਇਸ ਦਾ ਆਧਾਰ, ਉਸ ਸਮੇਂ ਤੱਕ ਖੋਜ਼ੇ ਜਾ ਚੁੱਕੇ 6 ਗ੍ਰਹਿ ਹੀ ਸਨ। ਉਸ ਸਮੇਂ ਤਕ ਸੌਰਮੰਡਲ ਦੇ ਬੁੱਧ, ਸ਼ੁੱਕਰ, ਧਰਤੀ, ਮੰਗਲ, ਬ੍ਰਹਿਸਪਤੀ ਅਤੇ ਸ਼ਨੀ ਹੀ, ਲੱਭੇ ਜਾ ਚੁੱਕੇ ਸਨ। ਯੁਰੇਨਸ, ਨੈਪਚੂਨ, ਪਲੂਟੋ ਤਾਂ ਬਾਅਦ ਵਿਚ ਹੀ ਲੱਭੇ ਗਏ ਸਨ। ਇਸ ਤਰ੍ਹਾਂ ਸੌਰ ਮੰਡਲ ਦੇ ਅੱਜ ਨੌਂ ਗ੍ਰਹਿ ਲੱਭੇ ਜਾ ਚੁੱਕੇ ਹਨ। ਦਸਵੇਂ ਗ੍ਰਹਿ ਲੱਭਣ ਦੀਆਂ ਵੀ ਕੋਸ਼ਿਸ਼ਾਂ ਜ਼ਾਰੀ ਹਨ।

1601 'ਚ ਬ੍ਰਾਹੇ ਦੀ ਮੌਤ ਹੋ ਗਈ ਸੀ। ਕੈਪਲਰ ਉਸ ਦਾ ਉੱਤਰ-ਅਧਿਕਾਰੀ ਬਣਿਆ। ਉਹ ਰਾਜ-ਗਣਿਤੀ ਵੀ ਬਣਿਆ। ਇਥੇ 12 ਸਾਲਾਂ ਦੇ ਸਮੇਂ ਦੌਰਾਨ ਹੀ ਕੈਪਲਰ ਨੇ ਆਪਣੇ ਵਿਸ਼ਵ ਪ੍ਰਸਿੱਧ ਨਿਯਮ ਖੋਜ਼ੇ। ਕੈਪਲਰ ਦੇ ਨਿਯਮ, ਜੋਤਿਸ਼ ਦੀਆਂ ਉਨ੍ਹਾਂ ਸਭ ਧਾਰਨਾਵਾਂ ਦਾ ਖੰਡਨ ਕਰਦੇ ਸਨ, ਜੋ ਪੁਰਾਤਨ ਯੂਨਾਨੀ ਲੋਕ 2000 ਸਾਲਾਂ ਤੋਂ ਮੰਨਦੇ ਆਏ ਸਨ। ਉਸ ਤੋਂ ਪਹਿਲਾਂ ਅਰਿਸਟੋਟਲ ਦੀਆਂ ਧਾਰਨਾਵਾਂ ਕਿ ਵਿਸ਼ਵ ਇਕ ਵੱਡਾ ਗੋਲਾ ਹੈ, ਪੱਥਰ ਤੇ ਲਕੀਰ ਮੰਨੀਆਂ ਜਾਂਦੀਆਂ ਸਨ। ਕੈਪਲਰ ਨੇ ਆਪਣੇ ਨਿਯਮਾਂ ਦੀ ਖੋਜ਼ ਕਰਕੇ, ਜੋਤਿਸ਼-ਵਿਗਿਆਨ ਦਾ ਸਿਰ ਉੱਚਾ ਕਰ ਦਿੱਤਾ। ਇਨ੍ਹਾਂ ਨਿਯਮਾਂ ਨੇ, ਗ੍ਰਹਿਆਂ ਦੀਆਂ ਗਤੀਆਂ ਨੂੰ ਤਿੰਨ ਨਿਯਮਾਂ ਵਿੱਚ ਬੰਨ੍ਹ ਲਿਆ :

1. ਹਰ ਗ੍ਰਹਿ ਅੰਡਾਕਾਰ ਪੰਧ ਉੱਤੇ ਚਲਦਾ ਹੈ ਤੇ ਸੂਰਜ ਉਸ ਅੰਡਾਕਾਰ ਮਾਰਗ ਦੇ ਇਕ ਕੇਂਦਰ ਤੇ ਸਥਿਤ ਹੁੰਦਾ ਹੈ।
2. ਗ੍ਰਹਿ ਦੀ ਧਰੁਵ-ਅੰਤਰ ਰੇਖਾ ਬਰਾਬਰ ਵਕਤ ਵਿਚ ਬਰਾਬਰ ਖੇਤਰ ਮਾਪਦੀ ਹੈ।
3. ਉਸ ਸਮੇਂ ਦਾ ਵਰਗ ਜਿਹੜਾ ਕਿ ਗ੍ਰਹਿ, ਸੂਰਜ ਦੁਆਲੇ ਇਕ ਪੂਰਾ ਚੱਕਰ ਲਗਾਉਣ ਵਿਚ, ਬਿਤਾਉਂਦਾ ਹੈ, ਗ੍ਰਹਿ ਦੇ ਔਸਤ ਅਰਧ ਵਿਆਸ ਦੇ ਘਣ ਦੇ ਸਮਾਨੁਪਾਤੀ ਹੁੰਦਾ ਹੈ।

1688 ਵਿਚ ਉਹ ਸਾਗਾਨ ਪਹੁੰਚਿਆ ਅਤੇ ਆਪਣੀ ਮੌਤ ਤੱਕ ਇਕ ਹੀ ਰਿਹਾ। ਇਥੇ ਉਸਨੇ ਇਕ ਪ੍ਰੈਸ ਲਗਾ ਕੇ ਗ੍ਰਹਿ-ਪੱਤਰੀਆਂ, ਜੰਤਰੀਆਂ ਛਾਪਣੀਆਂ ਆਰੰਭੀਆਂ, ਜਿਨ੍ਹਾਂ ਵਿਚ ਸਾਲ ਭਰ 'ਚ ਗ੍ਰਹਿਆਂ ਦੀਆਂ ਗਤੀਆਂ ਦਾ ਲੇਖਾ-ਦਰਜ ਹੁੰਦਾ ਸੀ। ਗ੍ਰਹਿਆਂ ਬਾਰੇ ਹੋਰ ਨਵਾਂ ਜਾਨਣ 'ਚ ਉਸ ਨੂੰ ਆਨੰਦ ਮਿਲਦਾ ਸੀ। ਉਹ ਜਾਗਦਾ ਹੋਵੇ ਜਾਂ ਸੌਂਦਾ, ਉਸ ਦੀਆਂ ਅੱਖਾਂ ਅੱਗੇ, ਉਸ ਦੇ ਸੁਪਨਿਆਂ 'ਚ ਗ੍ਰਹਿਆਂ ਦੀਆਂ ਆਕ੍ਰਿਤੀਆਂ ਘੁੰਮਦੀਆਂ ਰਹਿੰਦੀਆਂ ਸਨ। ਇਨ੍ਹਾਂ ਸਾਲਾਂ 'ਚ ਕੈਪਲਰ ਆਪਣੇ ਸੁਪਨਿਆਂ ਤੇ ਆਧਾਰਤ, ਇਕ ਖੋਜ਼-ਪੁਸਤਕ ਲਿਖ ਰਿਹਾ ਸੀ। ਪਰ 15 ਨਵੰਬਰ 1630 ਦੇ ਦਿਨ, ਇਸ ਮਹਾਨ ਗਣਿਤ-ਸ਼ਾਸ਼ਤਰੀ ਦੀ ਮੌਤ ਨੇ ਜੀਂਦੇ-ਜੀਅ ਉਸ ਦੀ ਇਹ ਇੱਛਾ ਪੂਰੀ ਨਾ ਹੋਣ ਦਿੱਤੀ।

*– ਪ੍ਰਿੰ: ਹਰੀਕ੍ਰਿਸ਼ਨ ਮਾਇਰ*
*ਲੁਧਿਆਣਾ*



# ਕੀ ਮੁੰਡਾ ਹੋਣ ਦੇ ਧਾਗੇ-ਤਵੀਤ ਦੇਣ ਵਾਲਿਆਂ ਨੂੰ ਭਰੂਣ ਹੱਤਿਆ ਦੇ ਹੱਕ ਵਿੱਚ ਹੀ ਰੱਖਾਂਗੇ ਜਾਂ ਵਿਰੋਧ ਵਿੱਚ?

ਇਹ ਅਫਸੋਸ ਦੀ ਗੱਲ ਹੈ ਕਿ ਅੱਜ ਦੇ ਸਮਾਜ ਨੇ ਇਸ ਔਰਤ ਦੀ ਕੁੱਖ ਨੂੰ ਕਬਰ ਪਤਾ ਨਹੀਂ ਕਿਉਂ ਬਣਾ ਰੱਖਿਆ ਹੈ, ਜਦੋਂ ਕਿ ਅੱਜ ਉਹ ਕੋਈ ਵੀ ਥਾਂ ਅਜਿਹੀ ਨਹੀਂ ਜਾਪਦੀ ਜਿੱਥੇ ਔਰਤ ਨੇ ਪੈਰ ਨਹੀਂ ਜਮਾਏ। ਕਿਸੇ ਪਿੰਡ ਦੇ ਸਰਪੰਚ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਔਰਤ ਰਹਿ ਚੁੱਕੀ ਹੈ, ਧਰਤੀ ਤੋਂ ਲੈ ਕੇ ਪੁਲਾੜ ਤੱਕ ਔਰਤ ਜਾ ਚੁੱਕੀ ਹੈ, ਖੇਡ ਦੇ ਮੈਦਾਨ ਤੋਂ ਲੈ ਕੇ ਜੰਗ ਦੇ ਮੈਦਾਨ ਤੱਕ ਇਸ ਨੇ ਆਪਣਾ ਕਮਾਲ ਵਿਖਾ ਦਿੱਤਾ ਹੈ, ਫਿਰ ਇਸ ਔਰਤ ਨੂੰ ਆਦਮੀ ਤੋਂ ਘੱਟ ਵੀ ਕਿਵੇਂ ਕਿਹਾ ਜਾ ਸਕਦਾ ਹੈ ਤੇ ਇਹ ਗੱਲ ਕਹਿਣੀ ਅੱਜ ਸੋਭਾ ਵੀ ਨਹੀਂ ਦਿੰਦੀ।

ਇੱਕ ਪਾਸੇ ਔਰਤ ਦੀ ਇੱਕ ਹੋਰ ਬਹੁਤ ਵਧੀਆ ਨਵੀਂ ਉਦਾਹਰਣ ਜੁੜੀ ਹੈ, ਭਾਰਤੀ ਮਹਿਲਾ ਸੁਮਨ ਸ਼ਰਮਾ ਜਿਸ ਨੇ ਹੁਣੇ ਹੀ ਦੁਨੀਆਂ ਦੇ ਸਭ ਤੋਂ ਲੜਾਕੂ ਜਹਾਜ਼ ਸੁਖੋਈ 30 ਐਮ. ਕੇ. ਆਈ ਦੀ ਕਾਰ ਪਿਟ ਉਪਰ ਬੈਠ ਕੇ 1200 ਫੁੱਟ ਦੀ ਉਚਾਈ ਤੱਕ ਉੜਾਨ ਵਾਲੀ ਦੁਨੀਆਂ ਦੀ ਪਹਿਲੀ ਮਹਿਲਾ ਬਣਨ ਦਾ ਮਾਣ ਹਾਸਲ ਕਰਨ ਦੇ ਨਾਲ ਭਾਰਤ ਦਾ ਨਾਂ ਵੀ ਰੋਸ਼ਨ ਕੀਤਾ ਅਤੇ ਨਾਲ ਹੀ ਮਰਦ ਦੇ ਇਸ ਗਲਬੇ ਨੂੰ ਖਤਮ ਕਰ ਦਿੱਤਾ, ਤਾਂ ਕੀ ਮਰਦ ਆਪਣੀ ਇਸ ਭੁੱਲ ਨੂੰ ਭੁਲਾ ਦੇ ਤੇ ਹੁਣ ਸੋਚੇ ਨਾਂ ਕਿ ਅੱਜ ਹਰ ਖੇਤਰ ਵਿੱਚ ਉਸ ਦਾ ਹੀ ਅਧਿਕਾਰ ਹੈ, ਪਰ ਦੂਜੇ ਪਾਸੇ ਪਤਾ ਨਹੀਂ ਕਿੰਨੀਆਂ ਹੀ ਸੁਮਨ ਸ਼ਰਮਾ ਸਵਾਲ ਪੁੱਛਣ ਤੋਂ ਪਹਿਲਾਂ ਹੀ ਜਵਾਬ ਬਣੇ ਕੇ ਰਹਿ ਗਈਆਂ ਨੇ ਅਤੇ ਨਾਲ ਪੰਜਾਬ ਨੂੰ ਕੁੜੀਆਂ ਮਾਰਨ ਵਿੱਚ ਪਹਿਲੇ ਨੰਬਰ ਤੇ ਦਰਸਾਉਣ ਵਾਲੇ ਅੰਕੜੇ ਸਾਡੇ ਲਈ ਹੋਰ ਵੀ ਵੱਡੀ ਲਾਹਨਤ ਨੇ। ਅੱਜ ਸਰਕਾਰ ਦਾ ਭਰੂਣ ਹੱਤਿਆ ਨੂੰ ਜੜ੍ਹ ਤੋਂ ਖਤਮ ਕਰਨ ਦਾ ਕੀਤਾ ਗਿਆ ਵਾਅਦਾ ਵੀ ਖੋਖਲਾ ਹੁੰਦਾ ਨਜ਼ਰ ਆ ਰਿਹਾ ਹੈ। ਸਾਡੇ ਸਮਾਜ ਨੂੰ ਲੱਗੀ ਇਸ ਭੈੜੀ ਬਿਮਾਰੀ ਨੂੰ ਦੂਰ ਕਰਨ ਲਈ 15 ਸਾਲ ਪਹਿਲਾਂ ਇਕ ਬਣਾਇਆ ਗਿਆ ਪੀ. ਐਨ. ਡੀ. ਟੀ. ਐਕਟ ਵੀ ਕੋਈ ਜਿਆਦਾ ਕਾਰਗੁਜ਼ਾਰੀ ਨਹੀਂ ਵਿਖਾ ਰਿਹਾ। ਇਸ ਐਕਟ ਦੇ ਤਹਿਤ ਅਲਟਰਾ ਸਾਊਂਡ ਮਸ਼ੀਨਾਂ ਅਤੇ ਭਰੂਣ ਹੱਤਿਆ ਦੇ ਦੋਸ਼ੀਆਂ ਉਪਰ ਲਾਈ ਗਈ ਪਾਬੰਦੀ ਵੀ ਪਾਬੰਦੀ ਬਣ ਕੇ ਰਹਿ ਗਈ ਹੈ। ਜੋ ਕੋਈ ਖਾਸ ਸਜ਼ਾ ਦਾ ਰੂਪ ਧਾਰਨ ਨਹੀਂ ਕਰ ਸਕੀ। ਪਰ ਲੜਕੀਆਂ ਦੀ ਹਰ ਸਾਲ ਘਟਦੀ ਜਾ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਅੱਜ ਦਾਜ ਅਤੇ ਤਲਾਕ ਵਰਗੀਆਂ ਲਾਹਣਤਾਂ ਔਰਤ ਦੀ ਕਮਜ਼ੋਰੀ ਵਿੱਚ ਹੋਰ ਵਾਧਾ ਕਰਦੀਆਂ ਨਜ਼ਰ ਆ ਰਹੀਆਂ ਨੇ। ਅਦਾਲਤਾਂ ਵਿੱਚ ਸਮਾਜਿਕ ਬੁਰਾਈਆਂ ਦੀਆਂ ਸਤਾਈਆਂ ਇਨਸਾਫ ਦੀ ਭੀਖ ਮੰਗਦੀਆਂ ਫਿਰਦੀਆਂ ਕੁੜੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਪਹੁੰਚ ਗਈ ਹੈ, ਜ਼ਰਾ ਸੋਚਣ ਦੀ ਲੋੜ ਹੈ ਕਿ ਆਖਰ ਕਦੋਂ ਤੱਕ ਚਲਦਾ ਰਹੇਗਾ ਇਹ ਸਿਲਸਿਲਾ।

ਇੱਕ ਹੋਰ ਅਸਲੀ ਸਵਾਲ ਉੱਠਦਾ ਹੈ ਕਿ ਜੇ ਅੱਜ ਭਰੂਣ ਹੱਤਿਆ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਇਹਨਾਂ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰਨ ਵਿੱਚ ਸਾਰੀਆਂ ਜਥੇਬੰਦੀਆਂ (ਤਰਕਸ਼ੀਲ-ਯੂਥ ਵੈਲਫੇਅਰ ਆਦਿ) ਆਪਣਾ ਬਣਦਾ ਯੋਗਦਾਨ ਪਾ ਰਹੀਆਂ ਨੇ ਤਾਂ ਇਸ ਦੇ ਉਲਟ ਅੱਜ ਸ਼ਰਤੀਆ ਮੁੰਡੇ ਹੋਣ ਦੀ ਦਵਾਈ ਅਤੇ ਧਾਗੇ ਤਵੀਤ ਦੇਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ। ਜਿਸ ਵਿਚ ਜ਼ਿਆਦਾ ਕਰਕੇ ਕੁਝ ਸਾਧ-ਤਾਂਤਰਿਕ ਅਤੇ ਜੋਤਿਸ਼ੀ ਵਰਗ ਹੀ ਆਉਂਦਾ ਹੈ। ਅੱਜ ਕਿਸੇ ਪਿੰਡ ਵਿੱਚ ਕੋਈ ਹਸਪਤਾਲ-ਚੰਗਾ ਡਾਕਟਰ ਨਾ ਹੀ ਹੋਵੇ ਜਾਂ ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਕਰਨ ਲਈ ਕੋਈ ਸੁਸਾਇਟੀ ਨਾ ਹੀ ਹੋਵੇ, ਪਰ ਹਰੇਕ ਪਿੰਡ ਅਤੇ ਸ਼ਹਿਰ ਵਿੱਚ ਲੋਕਾਂ ਨੂੰ ਸਮਾਜਿਕ ਬੁਰਾਈਆਂ ਵੱਲ ਧੱਕਣ ਵਾਲਾ ਅਖੌਤੀ ਤਾਂਤਰਿਕ ਵਰਗ ਤਾਂ ਜ਼ਰੂਰ ਹੀ ਮਿਲੇਗਾ ਪਰ ਅਜਿਹਾ ਵੀ ਨਹੀਂ ਮਿਲੇਗਾ, ਜਿਹੜਾ ਮੁੰਡੇ ਹੋਣ ਦੇ ਧਾਗੇ ਤਵੀਤ ਨਾਂ ਦਿੰਦਾ ਹੋਵੇ। ਪਰ ਅਜਿਹਾ ਵੀ ਕੋਈ ਨਹੀਂ ਕਿਉਂਕਿ ਅੱਜ ਦੇ ਸਮਾਜ ਲਈ ਕੁੜੀ ਦੀ ਲੋੜ ਖਤਮ ਹੁੰਦੀ ਜਾ ਰਹੀ ਹੈ, ਪੁੱਤਰ ਅਤੇ ਪੈਸੇ ਦੀ ਲਾਲਸਾ ਵਧੀ ਹੈ। ਧੀ ਨੂੰ ਬੇਗਾਨਾ ਅਤੇ ਪੁੱਤ ਨੂੰ ਆਪਣਾ ਧਨ ਸਮਝਿਆ ਜਾਣ ਲੱਗ ਪਿਆ ਹੈ। ਮਨੁੱਖ ਦੀ ਇਸ ਕਮਜ਼ੋਰੀ ਦਾ ਫਾਇਦਾ ਹੀ ਹੁਣ ਇਹ ਲੋਕ ਪੂਰੀ ਤਰ੍ਹਾਂ ਉਠਾ ਰਹੇ ਹਨ ਕਿਉਂਕਿ ਅਲਟਰਾ ਸਾਊਂਡਾਂ ਅਤੇ ਡਾਕਟਰਾਂ ਦੀ ਖਿਚਾਈ ਤੋਂ ਬਾਅਦ ਲੋਕਾਂ ਦਾ ਮੁੰਡੇ ਲੈਣ ਲਈ ਇਹਨਾਂ ਕੋਲ ਕੁਝ ਜ਼ਿਆਦਾ ਹੀ ਆਉਣਾ-ਜਾਣਾ ਹੋ ਗਿਆ ਹੈ। ਹੁਣ ਇੰਨਾ ਵਲੋਂ ਲਾਏ ਜਾ ਰਹੇ ਅੱਟੇ ਸੱਟਿਆਂ ਦਾ ਵਾਧਾ ਵੀ ਲਗਾਤਾਰ ਵਧਦਾ ਜਾ ਰਿਹਾ ਹੈ। ਹੁਣ ਇਹ ਲੋਕ ਔਰਤ ਦੀ ਅਜ਼ਾਦੀ ਉਪਰ ਪੂਰੀ ਤਰਾਂ ਲੱਤ ਮਾਰ ਰਹੇ ਨੇ ਸੰਵਿਧਾਨ ਦੀ ਧਾਰਾ 1954 ਦੇ ਐਕਟ ਦੀ ਧਾਰਾ 51 ਏ (ਐਚ) ਦੀ ਪੂਰੀ ਤਰ੍ਹਾਂ ਉਲੰਘਣਾ ਕਰ ਰਹੇ ਨੇ। ਪਰ ਹੁਣ ਜੇ ਇੱਕ ਝਾਤ ਮਾਰੀਏ ਤਾਂ ਇਸ ਗੈਰ ਕਾਨੂੰਨੀ ਧੰਦੇ ਲਈ ਪ੍ਰਸ਼ਾਸਨ ਬੜੀ ਗੂੜੀ ਨੀਂਦ ਸੁੱਤਾ ਨਜ਼ਰ ਆ ਰਿਹਾ ਹੈ, ਜਿਵੇਂ ਪ੍ਰਸ਼ਾਸਨ ਨੂੰ ਇਸ ਬਾਰੇ ਪਤਾ ਹੀ ਨਾ ਹੋਵੇ। ਇਕੱਲੀ ਤਰਕਸ਼ੀਲ ਸੁਸਾਇਟੀ ਹੀ ਹੱਥ ਪੈਰ ਮਾਰ ਰਹੀ ਹੈ ਪਰ ਪ੍ਰਸਾਸਨ ਦੀ ਨੀਂਦ ਕਾਰਨ ਇਸ ਦਾ ਵੀ ਕੋਈ ਜ਼ਿਆਦਾ ਪ੍ਰਭਾਵ ਨਹੀਂ ਪੈ ਰਿਹਾ।

ਹੁਣ ਮੈਂ ਜੋ ਅਸਲੀਅਤ ਲਿਖ ਰਿਹਾ ਹਾਂ ਉਹ ਕੁਝ ਇਸ ਤਰ੍ਹਾਂ ਹੈ, ਕਿਉਂਕਿ ਅੱਜ ਮੁੰਡੇ ਹੋਣ ਦੇ ਧਾਗੇ ਤਵੀਤ ਦੇਣ ਵਾਲਿਆਂ ਦੀ ਘਾਟ ਨਹੀਂ ਤਾਂ ਲੈਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ। ਫਿਰ ਦੋਵਾਂ ਦੀ ਵਿਰੋਧਤਾ ਕਰਨ ਵਾਲੇ (ਦੋਵਾਂ ਤੋਂ ਬਹੁਤ ਘੱਟ) ਕਾਫੀ ਨੇ ਹੁਣ ਸੋਚਣਾ ਇਹ ਹੈ ਕਿ ਇਹਨਾਂ ਤਿੰਨੇ ਧਿਰਾਂ ਵਿਚੋਂ ਕੌਣ ਕਿਹੜੇ ਪਾਸੇ ਹੋਇਆ? ਮੇਰੇ ਕੁਝ ਸੂਝਵਾਨਾਂ ਨਾਲ ਹੋਏ ਸਲਾਹ ਮਸ਼ਵਰੇ ਮੁਤਾਬਕ ਇਸ ਗੱਲ ਦਾ ਜਵਾਬ ਇਸ ਧੰਦੇ ਨੂੰ ਗੈਰ ਕਾਨੂੰਨੀ ਸਮਝਣ ਵਾਲੇ ਧੀ ਨੂੰ ਪੁੱਤਾਂ ਵਾਂਗ ਹੀ ਪਿਆਰ ਕਰਨ ਵਾਲੇ ਅਤੇ ਧੀ-ਪੁੱਤ ਵਿੱਚ ਕੋਈ ਫਰਕ ਨਾ ਸਮਝਣ ਵਾਲੇ ਅਤੇ ਇਹੋ ਜਿਹੀਆਂ ਸਮਾਜਕਿ ਬੁਰਾਈਆਂ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰਨ ਵਾਲਿਆਂ ਨੂੰ ਭਰੂਣ ਹੱਤਿਆ ਦੇ ਵਿਰੋਧ ਵਿੱਚ ਅਤੇ ਬਾਕੀ ਰਹਿ ਗਏ ਲਾਣੇ ਨੂੰ ਹੱਕ ਵਿੱਚ ਹੀ ਰੱਖਾਂਗੇ ਤੇ ਬਾਕੀ ਦੀ ਗੱਲ ਮੈਂ ਪਾਠਕਾਂ ਉਪਰ ਛੱਡ ਦਿੰਦਾ ਹਾਂ ਕਿ ਉਹ ਜਿੰਨਾ ਦੋਸ਼ੀ ਕੁੜੀ ਮਾਰਨ ਵਾਲਿਆਂ ਨੂੰ ਸਮਝਦੇ ਹਨ, ਉਨ੍ਹਾਂ ਦੋਸ਼ੀ ਕੁੜੀ ਨਾਲ ਵਿਤਕਰਾ ਕਰਨ ਵਾਲਿਆਂ ਨੂੰ ਸਮਝਣਗੇ ਜਾਂ ਨਹੀਂ, ਜਰਾ ਆਪਣੇ ਮਨ ਨਾਲ ਵੀ ਵਿਚਾਰ ਕਰਕੇ ਦੇਖ ਲੈਣ।

ਆਖਿਰ ਅੱਜ ਜ਼ਰੂਰੀ ਹੈ ਕਿ ਪਹਿਲਾਂ ਮਾਂ-ਬਾਪ ਧੀ ਨੂੰ ਮਾਣ ਦੇਣ, ਫਿਰ ਸਰਕਾਰਾਂ ਨੂੰ ਅਲਟਰਾ ਸਾਊਂਡ ਤੇ ਡਾਕਟਰੀ ਤੋਂ ਇਲਾਵਾ ਲਗਾਤਾਰ ਕੁੜੀ ਪ੍ਰਤੀ ਵਧਦੇ ਜਾ ਰਹੇ ਰੀਤੀ ਰਿਵਾਜ਼ਾ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਫਿਰ ਦੇਖਣਾ ਕਿ ਧੀਆਂ ਦੇਸ਼ ਦਾ ਮਾਣ ਕਿਵੇਂ ਬਣਦੀਆਂ ਹਨ।

- *ਭੋਲਾ ਨੰਬਰਦਾਰ,* ਮੋਬਾਇਲ : 98158-95190

## ਜ਼ਰੂਰੀ ਸੂਚਨਾ

**'ਤਰਕਭਾਰਤੀ ਪ੍ਰਕਾਸ਼ਨ ਬਰਨਾਲਾ'** ਦਾ ਆਨਲਾਈਨ ਬੈਂਕ ਖ਼ਾਤਾ ਨੰਬਰ 658 020 110 000 010 ਹੈ। **ਬੈਂਕ ਆਫ਼ ਇੰਡੀਆ** ਦੇ ਇਸ ਖ਼ਾਤਾ ਨੰਬਰ ਵਿੱਚ ਤੁਸੀਂ ਪੈਸੇ ਜਮ੍ਹਾ ਕਰਵਾਕੇ ਵੀ 'ਵਿਗਿਆਨ ਜੋਤ' ਆਪਣੇ ਘਰ ਲਗਵਾ ਸਕਦੇ ਹੋ ਜਾਂ ਕਿਤਾਬਾਂ ਮੰਗਵਾ ਸਕਦੇ ਹੋ। ਤੁਸੀਂ ਸਾਨੂੰ ਟੈਲੀਫ਼ੋਨ ਰਾਹੀਂ ਜਾਂ ਲਿਖਤੀ ਇਹ ਸੂਚਨਾ ਦੇਣੀ ਹੈ ਕਿ ਅਸੀਂ ਪੈਸੇ ਜਮ੍ਹਾ ਕਰਵਾ ਦਿੱਤੇ ਹਨ।

# ਮੈਡੀਕਲ ਸਾਇੰਸਜ਼

ਸੁਖਮਿੰਦਰ ਤੂਰ

**✪ ਬੇਅਸਰ ਹੋ ਰਹੀਆਂ ਹਨ : ਐਂਟੀਬਾਇਓਟਿਕ ਦਵਾਈਆਂ**

ਵੀਹਵੀਂ ਸਦੀ ਦੇ ਵਿਚਕਾਰ ਚਿਕਿਤਸਾ ਦੇ ਖੇਤਰ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਆਪਣਾ ਪ੍ਰਭਾਵ ਗੁਆ ਰਹੀਆਂ ਹਨ। ਜਾਂਚਕਾਰਾਂ ਦਾ ਕਹਿਣਾ ਹੈ ਕਿ ਐਂਟੀਬਾਇਓਟਿਕ ਦਵਾਈਆਂ ਦੇ ਅੰਨ੍ਹੇਵਾਹ ਪ੍ਰਯੋਗ ਦੇ ਕਾਰਨ ਹੀ ਇਨ੍ਹਾਂ ਦਾ ਪ੍ਰਭਾਵ ਖ਼ਤਮ ਹੋ ਰਿਹਾ ਹੈ। ਸਮਾਂ ਰਹਿੰਦੇ ਹੀ ਇਸ ਪ੍ਰਵਿਰਤੀ 'ਤੇ ਰੋਕ ਲਗਾਉਣਾ ਜ਼ਰੂਰੀ ਹੋ ਗਿਆ ਹੈ।

ਜਾਂਚ ਕਰਤਾਵਾਂ ਦਾ ਕਹਿਣਾ ਹੈ ਕਿ ਮਨੁੱਖਾਂ ਤੇ ਜਾਨਵਰਾਂ ਵਿਚ ਐਂਟੀਬਾਇਓਟਿਕ ਦਵਾਈਆਂ ਦੇ ਬਹੁਤ ਜ਼ਿਆਦਾ ਪ੍ਰਯੋਗ ਦੇ ਕਾਰਨ ਨਵੀਂ ਕਿਸਮ ਦੇ ਬੈਕਟੀਰੀਆ ਜਨਮ ਲੈ ਰਹੇ ਹਨ, ਜਿਨ੍ਹਾਂ 'ਤੇ ਇਨ੍ਹਾਂ ਦਵਾਈਆਂ ਦਾ ਕੋਈ ਅਸਰ ਹੀ ਨਹੀਂ ਹੁੰਦਾ। ਚਿਕਿਤਸਕਾਂ ਨੂੰ ਸਭ ਤੋਂ ਵਧੇਰੇ ਚਿੰਤਾ ਸਟ੍ਰੈਪਟੋਕਾਕਸ ਨਿਊਮੋਨੀਆ ਨਾਂ ਦੇ ਬੈਕਟੀਰੀਆ ਨਾਲ ਹੋ ਰਹੀ ਹੈ, ਜੋ ਮੇਨੀਜਾਇਟਿਸ, ਨਿਊਮੋਨੀਆ ਤੇ ਕੰਨ ਦੇ ਸੰਕ੍ਰਮਣ ਲਈ ਜ਼ਿੰਮੇਵਾਰ ਹਨ।

ਅਮਰੀਕੀ ਦਵਾਈ ਕੰਟਰੋਲ ਕੇਂਦਰ ਦੇ ਪ੍ਰਮੁੱਖੀ ਡਾ. ਸਿੰਥਿਆ ਵਹਿਟਨੀ ਦੀ ਪ੍ਰਧਾਨਗੀ ਵਿਚ ਜਾਂਚ ਕਰ ਰਹੇ ਚਿਕਿਤਸਕਾਂ ਦਾ ਇਕ ਦਲ ਇਸ ਨਤੀਜੇ 'ਤੇ ਪਹੁੰਚਿਆ ਹੈ ਕਿ ਕਈ ਬੈਕਟੀਰੀਆ ਤਾਂ ਅਜਿਹੇ ਹਨ, ਜਿਨ੍ਹਾਂ 'ਤੇ ਕਿਸੇ ਵੀ ਐਂਟੀਬਾਇਓਟਿਕ ਦਾ ਪ੍ਰਭਾਵ ਨਹੀਂ ਹੋ ਰਿਹਾ ਹੈ। ਐਂਟੀਬਾਇਓਟਿਕ ਦਵਾਈਆਂ ਦੇ ਬੇਅਸਰ ਹੋ ਰਹੇ ਬੈਕਟੀਰੀਆ ਨੂੰ ਲੈ ਕੇ ਚਿੰਤਿਤ ਡਾਕਟਰਾਂ ਦੇ ਕੋਲ ਇਸ ਦਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਂਟੀਬਾਇਓਟਿਕ ਦਵਾਈਆਂ ਦੇ ਪ੍ਰਯੋਗ ਵਿਚ ਸਾਵਧਾਨੀ ਵਰਤਕੇ ਹੀ ਇਸ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ ਹੈ।

**✪ 40 ਸਾਲ ਤੋਂ ਬਾਅਦ ਜ਼ਿੰਦਗੀ ਦੀ ਰਫ਼ਤਾਰ ਧੀਮੀ ਹੋਣ ਲੱਗਦੀ ਹੈ**

ਕੁਝ ਲੋਕਾਂ ਦਾ ਵਿਚਾਰ ਹੈ ਕਿ ਵਿਅਕਤੀ ਦੀ ਜ਼ਿੰਦਗੀ 40 ਸਾਲ ਤੋਂ ਸ਼ੁਰੂ ਹੁੰਦੀ ਹੈ, ਜਦਕਿ ਕੁਝ ਸਮਝਦੇ ਹਨ ਕਿ ਇਸ ਉਮਰ ਤੋਂ ਬਾਅਦ ਜ਼ਿੰਦਗੀ ਖ਼ਤਮ ਹੋਣੀ ਸ਼ੁਰੂ ਹੋ ਜਾਂਦੀ ਹੈ, ਪਰ ਹਾਲ ਹੀ 'ਚ ਜਾਰੀ ਇਕ ਖੋਜ ਰਿਪੋਰਟ 'ਚ ਕਿਹਾ ਗਿਆ ਹੈ ਕਿ ਉਮਰ ਦੇ ਇਸ ਪੜ੍ਹਾਅ 'ਤੇ ਨਾ ਹੀ ਜ਼ਿੰਦਗੀ ਸ਼ੁਰੂ ਹੁੰਦੀ ਹੈ ਤੇ ਨਾ ਹੀ ਖਤਮ ਹੋਣ ਲੱਗਦੀ ਹੈ, ਸਗੋਂ ਧੀਮੀ ਰਫ਼ਤਾਰ ਨਾਲ ਚੱਲਣ ਲੱਗ ਪੈਂਦੀ ਹੈ। ਬਰਤਾਨਵੀ ਮਨੋਵਿਗਿਆਨਕ ਸੁਸਾਇਟੀ ਵੱਲੋਂ ਜਾਰੀ ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਉਮਰ ਦੇ ਇਸ ਪੜ੍ਹਾਅ 'ਤੇ ਵਿਅਕਤੀ ਦਾ ਕਿਸੇ ਗੱਲ ਬਾਰੇ ਪ੍ਰਤੀਕਰਮ ਦਾ ਦਾਇਰਾ ਤੇ ਯਾਦ ਸ਼ਕਤੀ ਆਦਿ ਘਟਣ ਲੱਗ ਪੈਂਦੇ ਹਨ।

ਨੌਰਥੰਮਬਰੀਆ ਯੂਨੀਵਰਸਿਟੀ ਦੇ ਮਨੋਵਿਗਿਆਨ ਦੇ ਪ੍ਰੋਫੈਸਰ ਡਾ. ਕੀਥ ਵੈਸਨਖ਼ ਦਾ ਕਹਿਣਾ ਹੈ ਕਿ 40 ਸਾਲ ਦੀ ਉਮਰ ਤੱਕ ਵਿਅਕਤੀ ਦੀ ਜ਼ਿੰਦਗੀ ਖ਼ੁਸ਼ਗਵਾਰ ਹੁੰਦੀ ਹੈ ਤੇ ਇਸ ਪਿੱਛੋਂ ਜ਼ਿੰਦਗੀ ਦਾ ਨਿਘਾਰ ਸ਼ੁਰੂ ਹੋ ਜਾਂਦਾ ਹੈ ਜੋ 80 ਸਾਲ ਤੱਕ ਜਾਂ ਵਿਅਕਤੀ ਦੀ ਮੌਤ ਤੀਕ ਜਾਰੀ ਰਹਿੰਦਾ ਹੈ। ਇਹ ਖੋਜ ਰਿਪੋਰਟ ਕਾਗਨੀਟਿਵ ਡਰੱਗ ਰਿਸਰਚ ਕੰਪਨੀ ਦੇ 18 ਤੋਂ 87 ਸਾਲ ਦੀ ਉਮਰ ਦੇ ਵਿਚਕਾਰਲੇ ਲੱਗਭਗ 2300 ਵਿਅਕਤੀਆਂ 'ਤੇ ਕੀਤੇ ਗਏ ਸਰਵੇਖਣ 'ਤੇ ਆਧਾਰਿਤ ਹੈ।

**✪ ਦੱਬੀਆਂ ਹੋਈਆਂ ਇੱਛਾਵਾਂ ਹਨ : ਸੁਪਨੇ**

ਸੁਪਨੇ ਹਰ ਕੋਈ ਵੇਖਦਾ ਹੈ। ਇਹ ਗੱਲ ਵੱਖਰੀ ਹੈ ਕਿ ਸਾਡੇ ਵਿਚੋਂ ਬਹੁਤਿਆਂ ਨੂੰ ਸੁਪਨੇ ਯਾਦ ਨਹੀਂ ਰਹਿੰਦੇ। ਕੀ ਤੁਹਾਨੂੰ ਪਤਾ ਹੈ ਕਿ ਉਹ ਸੁਪਨੇ ਜੋ ਸਾਨੂੰ ਚੰਗੇ ਲੱਗਦੇ ਹਨ, ਉਹ ਮਾਨਸਿਕ ਤਨਾਅ ਨੂੰ ਕਾਫੀ ਹੱਦ ਤੱਕ ਦੂਰ ਕਰਨ ਵਿਚ ਸਹਾਇਕ ਹੁੰਦੇ ਹਨ। ਅਸਲ ਵਿਚ ਸੁਪਨੇ ਸਾਡੀਆਂ ਦਬੀਆਂ ਹੋਈਆਂ ਇੱਛਾਵਾਂ ਹਨ, ਜਿਨ੍ਹਾਂ ਨੂੰ ਅਸੀਂ ਹਕੀਕਤ ਵਿਚ ਪੂਰਾ ਨਹੀਂ ਕਰ ਸਕਦੇ, ਪਰ ਸੁਪਨਿਆਂ ਦੇ ਮਾਧਿਅਮ ਰਾਹੀਂ ਪੂਰਾ ਹੁੰਦੇ ਹੋਏ ਦੇਖ ਲੈਂਦੇ ਹਾਂ। ਸੁਪਨਿਆਂ ਦੇ ਮਾਹਿਰ ਇਨ੍ਹਾਂ ਸੁਪਨਿਆਂ ਨੂੰ ਮਨੋਵਿਗਿਆਨਕ ਦਾ ਨਾਂ ਵੀ ਦਿੰਦੇ ਹਨ, ਜੋ ਤਨਾਅ ਨੂੰ ਕਾਫੀ ਹੱਦ ਤੱਕ ਮੁਕਤੀ ਦਿਵਾ ਸਕਦੇ ਹਨ। ਇੰਨਾ ਹੀ ਨਹੀਂ, ਮਨ ਨੂੰ ਖ਼ੁਸ਼ੀ ਦੇਣ ਵਾਲੇ ਇਹ ਸੁਪਨੇ ਕਿਸੇ ਲੇਖਕ ਦੀ ਕਾਰਜ ਸਮਰੱਥਾ ਵਧਾਉਂਦੇ ਹਨ, ਖਿਡਾਰੀਆਂ ਲਈ ਫਾਇਦੇਮੰਦ ਹੁੰਦੇ ਹਨ ਅਤੇ ਸਰੀਰਕ ਮੁਸ਼ਕਲਾਂ ਨੂੰ ਦੂਰ ਕਰਨ ਵਿਚ ਸਹਾਇਕ ਹੁੰਦੇ ਹਨ। ਜੇਕਰ ਤੁਸੀਂ ਚਾਹੋ ਤਾਂ ਇਕ ਅਜਿਹੀ ਸਥਿਤੀ ਵਿਚ ਵੀ ਤੁਹਾਨੂੰ ਦਾਖਲ ਕਰ ਸਕਦੇ ਹਨ, ਜਿਥੇ ਜਾਣ ਤੋਂ ਬਾਅਦ ਤੁਸੀਂ ਮਹਿਸੂਸ ਕਰੋਗੇ ਕਿ ਤੁਸੀਂ ਸੁਪਨੇ ਦੇਖ ਰਹੇ ਹੋ। ਸੁਪਨੇ ਦੇਖਦੇ ਹੋਏ ਸਾਨੂੰ ਲੱਗਦਾ ਹੈ ਕਿ ਅਸੀਂ ਸੱਚ ਵਿਚ ਉਸ ਸਥਿਤੀ ਦਾ ਸਾਹਮਣਾ ਕਰ ਰਹੇ ਹਾਂ। ਇਸ ਲਈ ਸੁਪਨੇ ਪ੍ਰਭਾਵਸ਼ਾਲੀ ਬਣ ਸਕਦੇ ਹਨ।

**✪ ਖ਼ੁਸ਼ਬੂ ਦਾ ਸਿੱਧਾ ਸਬੰਧ ਹੈ ਮੋਟਾਪੇ ਨਾਲ**

ਪਤਲੇ ਹੋਣ ਲਈ ਲੋਕ ਨਾ ਜਾਣੇ ਕੀ-ਕੀ ਹੱਥ ਕੰਢੇ ਅਪਣਾਉਂਦੇ ਹਨ, ਕਿਹੜੇ-ਕਿਹੜੇ ਉਪਾਅ ਵਰਤਦੇ ਹਨ ਪਰ ਫਿਰ ਵੀ ਆਪਣੇ ਮਿਸ਼ਨ ਵਿਚ ਸਫ਼ਲ ਨਹੀਂ ਹੁੰਦੇ। ਪ੍ਰੰਤੂ ਹਾਲ ਹੀ ਵਿਚ ਬ੍ਰਿਟਿਸ਼ ਵਿਗਿਆਨੀਆਂ ਨੇ ਇਕ ਨਵੇਂ ਹੀ ਤੱਥ ਦਾ ਪਤਾ ਲਗਾਇਆ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਪਤਲੇ ਬਣੇ ਰਹਿਣਾ ਹੈ ਤਾਂ ਕੇਵਲ ਇੰਨਾ ਕਰਨਾ ਹੈ ਕਿ ਤੁਹਾਡੀ ਸੁੰਘਣ ਦੀ ਸ਼ਕਤੀ ਦਰੁਸਤ ਬਣੀ ਰਹੇ ਤਾਂ ਕਿ ਸੁੰਘਣ ਮਾਤਰ ਨਾਲ ਹੀ ਤੁਹਾਡੀ ਭੁੱਖ ਸ਼ਾਂਤ ਹੋ ਜਾਵੇ ਅਤੇ ਤੁਹਾਨੂੰ ਖਾਣਾ ਖਾਣ ਦੀ ਜ਼ਰੂਰਤ ਹੀ ਨਾ ਪਵੇ। ਸਾਡੇ ਦਿਮਾਗ ਅਤੇ ਨੱਕ ਦੇ ਵਿਚਕਾਰ ਅਸਲ ਵਿਚ ਡੂੰਘਾ ਸਬੰਧ ਹੈ। ਅਕਸਰ ਅਜਿਹਾ ਹੁੰਦਾ ਹੈ ਕਿ ਭੋਜਨ ਦੀ ਖ਼ੁਸ਼ਬੂ ਸੁੰਘਣ ਮਾਤਰ ਨਾਲ ਹੀ ਸਾਡੀ ਅੱਧੀ ਭੁੱਖ ਮਿੱਟ ਜਾਂਦੀ ਹੈ। ਠੀਕ ਇਸੇ ਨਤੀਜੇ 'ਤੇ ਹੀ ਬ੍ਰਿਟਿਸ਼ ਵਿਗਿਆਨੀ ਪਹੁੰਚੇ ਹਨ। ਇਨ੍ਹਾਂ ਵਿਗਿਆਨੀਆਂ ਨੇ ਕੁਝ ਲੋਕਾਂ ਨੂੰ ਤਿੰਨ ਵੱਖ-ਵੱਖ ਖ਼ੁਸ਼ਬੂਆਂ ਵਾਲੀ ਟਿਊਬ ਦਿੱਤੀ ਅਤੇ ਉਨ੍ਹਾਂ ਨੂੰ ਉਸ ਸਮੇਂ ਸੁੰਘਣ ਲਈ ਕਿਹਾ, ਜਦੋਂ ਉਨ੍ਹਾਂ ਨੂੰ ਭੁੱਖ ਲੱਗੇ। ਕੁਝ ਮਹੀਨਿਆਂ ਵਿਚ ਹੀ ਵੇਖਣ ਨੂੰ ਆਇਆ ਕਿ ਉਨ੍ਹਾਂ ਲੋਕਾਂ ਦਾ ਭਾਰ ਪਹਿਲਾਂ ਦੀ ਤੁਲਨਾ ਵਿਚ ਕਾਫੀ ਘੱਟ ਹੋ ਗਿਆ ਸੀ। ਉਨ੍ਹਾਂ ਟਿਊਬਾਂ ਨੂੰ ਸੁੰਘਣ ਮਾਤਰ ਨਾਲ ਹੀ ਉਨ੍ਹਾਂ ਦੀ ਭੁੱਖ ਮਿੱਟ ਜਾਂਦੀ ਸੀ ਅਤੇ ਖਾਣਾ ਖਾਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ ਸੀ। ਇਸ ਦੇ ਉਲਟ, ਜੋ ਲੋਕ ਆਪਣੀ ਸੁੰਘਣ ਸ਼ਕਤੀ ਖੋ ਚੁੱਕੇ ਸਨ, ਉਹ ਭੁੱਖ ਲੱਗਣ 'ਤੇ ਪੂਰਾ ਖਾਣਾ ਖਾਂਦੇ ਸਨ ਅਤੇ ਉਨ੍ਹਾਂ ਦਾ ਭਾਰ ਵਧ ਗਿਆ ਸੀ। ਉਹ ਮੋਟੇ ਹੋ ਗਏ ਸਨ। ਜੇਕਰ ਅਸੀਂ ਇਸ ਤੱਥ ਨੂੰ ਆਧੁਨਿਕ ਪਾਕ ਕਲਾ ਪੱਖੋਂ ਦੇਖੀਏ, ਤਾਂ ਇਹ ਕੁਝ-ਕੁਝ ਸੱਚ ਜਾਪਦਾ ਹੈ। ਵਰਤਮਾਨ ਵਿਚ ਜ਼ਿਆਦਾਤਰ ਕੁਕ ਅਤੇ ਸੇਫ ਪਤਲੇ ਹੀ ਹੁੰਦੇ ਹਨ, ਭਾਵ ਪਤਲੇ ਹੋਣਾ ਹੈ ਤਾਂ ਜਿਮ ਆਦਿ ਦੇ ਬਜਾਏ ਆਪਣੇ ਨੱਕ ਨੂੰ ਦਰੁੱਸਤ ਰੱਖੋ।

**.....ਤੇ ਅੰਤ ਵਿਚ**

ਵਿਸ਼ਵ ਸਿਹਤ ਸੰਸਥਾ ਦੇ ਅੰਕੜਿਆਂ ਮੁਤਾਬਿਕ ਤੰਬਾਕੂ/ਸਿਗਰਟਾਂ ਆਦਿ ਦੇ ਧੂੰਏਂ ਨਾਲ ਹਰ ਸਾਲ 6 ਲੱਖ ਤੋਂ ਜ਼ਿਆਦਾ ਮੌਤਾਂ ਹੁੰਦੀਆਂ ਹਨ। ਇਨ੍ਹਾਂ ਵਿਚ 1 ਲੱਖ 65 ਹਜ਼ਾਰ ਉਹ ਬੱਚੇ ਹੁੰਦੇ ਹਨ, ਜਿਨ੍ਹਾਂ ਦੀ ਉਮਰ 5 ਸਾਲ ਤੋਂ ਘੱਟ ਹੁੰਦੀ ਹੈ। ਇਹ ਅੰਕੜੇ 192 ਦੇਸ਼ਾਂ ਉੱਤੇ ਆਧਾਰਿਤ ਹਨ। ਬੱਚਿਆਂ ਦੀਆਂ ਵਧੇਰੇ ਮੌਤਾਂ ਅਫ਼ਰੀਕਾ ਅਤੇ ਦੱਖਣੀ ਏਸ਼ੀਆ ਵਿਚ ਹੁੰਦੀਆਂ ਹਨ।

✪✪

# ਪਾਠਕਾਂ ਦੀ ਸੱਥ



**ਮੇਰੇ ਬਹੁਤ ਹੀ ਸਤਿਕਾਰਯੋਗ ਮੇਘ ਰਾਜ ਮਿੱਤਰ ਜੀ,**

ਲਾਲ ਸਲਾਮ!

ਮੈਨੂੰ ਪਤਾ ਲੱਗਾ ਸੀ ਕਿ ਮੇਰੇ ਕਿਸੇ ਦੋਸਤ ਨੇ ਆਪ ਜੀ ਨੂੰ ਮੇਰੇ ਬਾਰੇ ਫੋਨ 'ਤੇ ਕੋਈ ਗਲਤ ਜਾਣਕਾਰੀ ਦਿੱਤੀ ਸੀ ਕਿ ਮੈਂ ਤਰਕਸ਼ੀਲ ਸੁਸਾਇਟੀ ਦੀਆਂ ਕਿਤਾਬਾਂ 'ਦੇਵ ਪੁਰਸ਼ ਹਾਰ ਗਏ' ਤੇ 'ਦੇਵ ਦੈਂਤ ਰੂਹਾਂ' ਪੜ੍ਹ ਕੇ ਅਪਸੈੱਟ ਹੋ ਗਿਆ ਸੀ। ਵੈਸੇ ਉਹਦੇ ਸ਼ਬਦਾਂ ਵਿੱਚ ਪਾਗਲ ਹੋ ਗਿਆ ਸੀ।

ਮਿੱਤਰ ਸਾਹਿਬ ਐਸਾ ਕੁਝ ਵੀ ਨਹੀਂ। ਸੱਚਾਈ ਇਹ ਹੈ ਕਿ ਮੇਰੇ ਕਿਸੇ ਤਰ੍ਹਾਂ ਅਪਸੈਟ ਹੋਣ ਦਾਂ ਕਾਰਨ ਮੇਰੀਆਂ ਕੁਝ ਪਰਿਵਾਰਕ ਸਮੱਸਿਆਵਾਂ ਸਨ। ਜਿਸ ਤਰ੍ਹਾਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਹਰੇਕ ਪੜ੍ਹੇ ਲਿਖੇ ਨੌਜਵਾਨ ਦੇ ਸਾਹਮਣੇ ਆਪਣੇ ਕੈਰੀਅਰ ਦਾ ਸੁਆਲ ਹੁੰਦਾ ਹੈ ਤੇ ਜੇ ਉਸਦਾ ਕੈਰੀਅਰ ਉਸਦੀਆਂ ਇੱਛਾਵਾਂ ਮੁਤਾਬਕ ਨਾ ਬਣ ਰਿਹਾ ਹੋਵੇ ਤਾਂ ਕਿਸੇ ਦਾ ਵੀ ਅਪਸੈੱਟ ਹੋ ਜਾਣਾ ਕੁਦਰਤੀ ਵਰਤਾਰਾ ਹੈ।

ਮਿੱਤਰ ਸਾਹਿਬ ਇਹ ਹੀ ਸੱਚਾਈ ਹੈ ਕਿ ਮੈਂ ਪੈਸਾ ਨਹੀਂ ਕਮਾ ਸਕਿਆ ਤੇ ਲੋਕ ਮੇਰੀ ਇਸ ਅਸਫਲਤਾ ਨੂੰ ਮੇਰੇ ਨਾਸਤਕ ਹੋਣ ਨਾਲ ਜੋੜ ਕੇ ਅਤੇ ਮੇਰੇ ਵਲੋਂ ਰੱਬ ਨੂੰ ਨਾ ਮੰਨੇ ਜਾਣ ਦੇ ਕਾਰਨ ਮੈਨੂੰ ਰੱਬ ਵਲੋਂ ਧੱਕਾ ਲੱਗ ਗਿਆ ਕਹਿਕੇ ਖਿੱਲੀ ਉਡਾਉਂਦੇ ਹਨ। ਮੇਰੇ ਸਾਰੇ ਰਿਸ਼ਤੇਦਾਰ ਵੀ ਬਹੁਤ ਹੀ ਜ਼ਿਆਦਾ ਕੱਟੜ ਧਾਰਮਿਕ ਹਨ। ਉਹ ਲੋਕ ਵੀ ਮੇਰੀ ਅਸਫ਼ਲਤਾ ਦਾ ਕਾਰਨ ਮੇਰੇ ਵੱਲੋਂ ਰੱਬ ਨੂੰ ਨਾ ਮੰਨਿਆ ਜਾਣਾ ਹੀ ਸਮਝਦੇ ਹਨ ਅਤੇ ਮੇਰਾ ਮਜ਼ਾਕ ਉਡਾਉਂਦੇ ਹਨ। ਪਰ ਮੈਂ ਮਾਰਕਸਵਾਦੀ ਸੋਚ ਵਾਲਾ ਵਿਅਕਤੀ ਹੋਣ ਕਰਕੇ ਉਨ੍ਹਾਂ ਦੀਆਂ ਗੱਲਾਂ ਨਾਲ ਸਹਿਮਤ ਨਹੀਂ।

ਮੇਰੇ ਦੋਸਤ ਵਲੋਂ ਆਪਜੀ ਨੂੰ ਫੋਨ ਕਰਨਾ ਵੀ ਮੈਨੂੰ ਮੇਰੀ ਵਿਚਾਰਧਾਰਾ ਤੋਂ ਉਖਾੜ ਕੇ ਧਾਰਮਿਕ ਬਣਾਉਣ ਦੇ ਇਰਾਦੇ ਨਾਲ ਹੀ ਸੀ ਅਤੇ ਆਪਣੀ ਅਖੌਤੀ ਧਾਰਮਿਕ ਸ਼ਕਤੀ ਨੂੰ ਉਛਾਲਣਾ ਹੀ ਉਸਦੀ ਇੱਛਾ ਸੀ।

ਪਰ ਮੈਂ ਪਿਛਲੇ ਵੀਹ ਸਾਲ ਤੋਂ ਆਪਣੀ ਇਸ ਵਿਚਾਰਧਾਰਾ ਤੇ ਕਾਇਮ ਹਾਂ ਅਤੇ ਕਿਸੇ ਵੀ ਪ੍ਰਸਥਿਤੀ ਵਿੱਚ ਨਹੀਂ। ਮੈਂ ਬਚਪਨ ਤੋਂ ਹੀ ਵਿਗਿਆਨ ਵਿੱਚ ਰੁਚੀ ਰੱਖਦਾ ਹਾਂ ਤੇ ਮੈਂ ਵਿਗਿਆਨ ਦੀਆਂ ਸੱਚਾਈਆਂ ਤੋਂ ਅੱਖਾਂ ਬੰਦ ਨਹੀਂ ਕਰ ਸਕਦਾ।

ਸਗੋਂ ਇੱਕ ਗੱਲ ਇਹ ਵੀ ਹੈ ਕਿ ਮੈਂ 'ਦੇਵ ਦੈਂਤ ਤੇ ਰੂਹਾਂ' ਤੇ 'ਦੇਵ ਪੁਰਸ਼ ਹਾਰ ਗਏ' ਕਿਤਾਬਾਂ 1989 ਵਿੱਚ ਪੜ੍ਹੀਆਂ ਪਰ ਮੈਨੂੰ ਅਫ਼ਸੋਸ ਹੈ ਕਿ ਇਹ ਕਿਤਾਬਾਂ ਮੈਂ ਇਸ ਤੋਂ 2-3 ਸਾਲ ਪਹਿਲਾਂ 1986 ਵਿੱਚ ਕਿਉਂ ਨਹੀਂ ਪੜ੍ਹੀਆਂ। ਜਦੋਂ ਕਿ ਮੈਂ ਇਹ ਕਿਤਾਬਾਂ 1986 'ਚ ਹੀ ਬੁਕ ਸਟਾਲ 'ਤੇ ਪਈਆਂ ਵੇਖ ਰਿਹਾ ਸੀ। ਵੈਸੇ ਇਹ ਵੀ ਇਕ ਕਾਰਨ ਹੈ, ਕਿਤੇ ਬਾਦ 'ਚ ਦੱਸਾਂਗਾ।

ਬਾਕੀ ਮਿੱਤਰ ਸਾਹਿਬ ਜਿਸ ਤਰ੍ਹਾਂ ਤੁਸੀਂ ਉਸ ਦਿਨ ਮੈਨੂੰ ਫੋਨ 'ਤੇ ਕਿਹਾ ਸੀ ਕਿ ਤੁਸੀਂ ਇਸ ਤਰ੍ਹਾਂ ਦੇ ਮਜ਼ਾਕ ਉਡਾਉਣ ਵਾਲਿਆਂ ਦੇ ਮੂੰਹ 'ਤੇ ਮੇਰੇ ਰਾਹੀਂ ਚਪੇੜ ਮਾਰਨਾ ਚਾਹੁੰਦੇ ਹੋ ਤਾਂ ਸਰ ਤੁਸੀਂ ਮੈਨੂੰ ਇਕ ਸਫਲ ਇਨਸਾਨ ਬਨਣ ਵਿੱਚ ਮੇਰੀ ਮਦਦ ਕਰ ਸਕੋ ਤਾਂ ਮੈਂ ਆਪ ਜੀ ਦਾ ਅਹਿਸਾਨਮੰਦ ਹੋਵਾਂਗਾ ਤੇ ਜਦੋਂ ਲੋਕਾਂ ਨੂੰ ਕੁਝ ਮਜ਼ਬੂਰੀਆਂ ਦਾ ਮਾਰਿਆ ਇਕ ਅਸਫਲ ਤਰਕਸ਼ੀਲ ਸਫਲ ਇਨਸਾਨ ਬਣਿਆ ਦਿੱਸੇਗਾ ਤਾਂ ਮੇਰੇ ਖਿਆਲ ਮੁਤਾਬਕ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਇਸਤੋਂ ਵੱਡੀ ਹੋਰ ਚਪੇੜ ਕੋਈ ਨਹੀਂ ਹੋਵੇਗੀ। ਬਾਕੀ ਤੁਸੀਂ ਆਪ ਹੀ ਬਹੁਤ ਸਿਆਣੇ ਹੋ।

ਧੰਨਵਾਦ

ਆਪ ਜੀ ਦਾ ਸ਼ੁਭਚਿੰਤਕ

**- ਅਵਤਾਰ**

*ਮੋਬਾ ਨੰ: 98780-18710*

-o-

ਵਿਗਿਆਨ ਜੋਤ ਦਾ ਅਪ੍ਰੈਲ-ਮਈ ਅੰਕ ਪੜ੍ਹਿਆ ਜ਼ਿਆਦਾਤਰ ਜਾਣਕਾਰੀ ਪਹਿਲਾਂ ਹੀ ਟੀ. ਵੀ./ਅਖ਼ਬਾਰਾਂ ਵਿੱਚ ਆ ਜਾਣ ਕਾਰਨ ਨਵਾਂਪਣ ਨਹੀਂ ਲੱਗਿਆ ਹੋਰ ਦਿਲਚਸਪ ਜਾਣਕਾਰੀ ਮੁਹੱਈਆ ਕਰਵਾਉਣ ਦੀ ਲੋੜ ਹੈ। ਕੰਪਿਊਟਰ ਅਤੇ ਆਈ. ਟੀ. ਖੇਤਰ ਬਾਰੇ ਲਗਾਤਾਰ ਅਤੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾ ਸਕਦੀ ਹੈ ਤਾਂ ਜੋ ਪਾਠਕ ਵਰਗ ਨੂੰ ਇਸਦਾ ਫਾਇਦਾ ਹੋਵੇ। 31 ਨੰ: ਪੰਨੇ 'ਤੇ ਅਨਾਮਿਕਾ (ਉਂਗਲੀਆਂ) ਅਤੇ ਤਰਜਨੀ (ਹਥੇਲੀ) ਲਿਖਿਆ ਗਿਆ ਹੈ ਜੋ ਕਿ ਗਲਤ ਹੈ। ਅਨਾਮਿਕਾ ਅਤੇ ਤਰਜਨੀ ਤਾਂ ਸਾਡੇ ਹੱਥਾਂ ਦੀਆਂ ਛੋਟੀਆਂ ਤੇ ਵੱਡੀਆਂ ਉਂਗਲਾਂ ਦੇ ਨਾਂ ਹੀ ਹਨ।

ਬਾਂਦਰ ਤੋਂ ਬੰਦੇ ਬਣਨ, ਯਾਦਾਂ ਦੇ ਝਰੋਖੇ 'ਚੋਂ ਅਤੇ ਆਈਨਮ ਫੋਨ ਸਬੰਧੀ ਲਿਖਤਾਂ ਦਿਲਚਸਪ ਰਹੀਆਂ ਸਾਇੰਸ ਸਿਟੀ ਬਾਰੇ ਬੇਸ਼ੱਕ ਜਾਣਕਾਰੀ ਜ਼ਰੂਰ ਦਿਉ। ਕਾਵਿ ਕਿਆਰੀ ਤੇ ਸ਼ੰਕਾ ਨਵਿਰਤੀ ਚੰਗੇ ਕਾਲਮ ਹਨ। ਸਪੋਕਸਮੈਨ ਰਾਹੀਂ ਤਰਕਸ਼ੀਲ ਵਿਚਾਰਾਂ ਦਾ ਪਸਾਰਾ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਹੋ ਰਿਹਾ ਹੈ, ਮਿੱਤਰ ਜੀ ਨੂੰ ਉਨ੍ਹਾਂ ਦੇ ਲੇਖਾਂ ਸੰਬੰਧੀ ਵਧਾਈ, ਵਿਸ਼ਵਭਾਰਤੀ ਪ੍ਰਕਾਸ਼ਨ ਰਾਹੀਂ ਆਪ ਜੀ ਬਹੁਤ ਚੰਗੀਆਂ ਕਿਤਾਬਾਂ ਛਾਪ ਰਹੇ ਹੋ ਚੰਗਾ ਹੋਵੇ ਜੇਕਰ ਦੂਸਰੇ ਪ੍ਰਕਾਸ਼ਨਾਂ ਦੀਆਂ ਚੰਗੀਆਂ ਕਿਤਾਬਾਂ ਵੀ ਇਕੋ ਛੱਤ ਹੇਠ ਮੁਹੱਈਆ ਕਰਵਾਈਆਂ ਜਾਣ ਖਾਸ ਕਰਕੇ ਵਿਗਿਆਨਕ, ਅਗਾਂਹਵਧੂ, ਉਤਮ ਮਿਆਰੀ ਸਾਹਿਤਕ ਅਤੇ ਦੁਰਲੱਭ ਕਿਤਾਬਾਂ ਪਾਠਕਾਂ ਨੂੰ ਮੁਹੱਈਆ ਕਰਵਾਈਆਂ ਜਾਣ ਵਿਗਿਆਨਕ ਸੋਚ ਨਾਲ ਸਮਾਜ ਨੂੰ ਵਧੇਰੇ ਜਿਉਣਯੋਗ ਅਤੇ ਵਧੀਆ ਬਣਾਇਆ ਜਾ ਸਕਦਾ ਹੈ।

*-ਐਸ. ਪੀ. ਸਿੰਘ, ਨੇੜੇ ਪੁਰਾਣਾ ਕਿਲ੍ਹਾ ਬੁਢਲਾਡਾ*

*ਮੋਬਾ: 98555-18581*

## ਵਿਗਿਆਨ ਜੋਤ ਦੇ ਲਾਈਫ਼ ਮੈਂਬਰ

350. Talwinder Singh
7475 Gore Way DR #33
Miss on L4T 3T3, CANADA

351. ਮੁੱਖ ਅਧਿਆਪਕ
ਸਰਕਾਰੀ ਹਾਈ ਸਕੂਲ, ਰੜ੍ਹ, ਡਾਕ : ਮੋਗਾ
ਮਾਨਸਾ - 148109

352. ਰਾਮ ਕੁਮਾਰ
ਤਰਕਸ਼ੀਲ ਨਿਵਾਸ, ਮਕਾਨ ਨੰਬਰ-87
ਗਲੀ ਨੰ: 1A/3
ਗੁਰੂ ਨਾਨਕ ਨਗਰ, ਪਟਿਆਲਾ

# ਤਰਕਸ਼ੀਲ ਸੁਸਾਇਟੀ ਭਾਰਤ ਦਾ ਸੂਬਾਈ ਇਜਲਾਸ

ਤਰਕਸ਼ੀਲ ਸੁਸਾਇਟੀ ਭਾਰਤ ਵਲੋਂ ਆਪਣਾ 2 ਸਾਲਾ ਸੂਬਾਈ ਡੈਲੀਗੇਟ ਇਜਲਾਸ 24 ਅਪ੍ਰੈਲ 2011 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਫਰੀਦਕੋਟ ਵਿਖੇ ਕੀਤਾ ਗਿਆ, ਜਿਸ ਵਿਚ ਪੂਰੇ ਪੰਜਾਬ ਵਿਚੋਂ ਡੈਲੀਗੇਟ ਪਹੁੰਚੇ ਹੋਏ ਸਨ ਅਤੇ ਜਿੰਨ੍ਹਾਂ ਵਿੱਚ ਕੁਝ ਸਾਥੀ ਜੰਮੂ ਅਤੇ ਕਸ਼ਮੀਰ ਤੋਂ ਵੀ ਸਨ। ਸੁਸਾਇਟੀ ਦਾ ਇਹ ਇਜਲਾਸ ਦੋ ਸੈਸ਼ਨਾਂ ਵਿਚ ਵੰਡਿਆ ਗਿਆ ਸੀ, ਪਹਿਲਾ ਸੈਸ਼ਨ 10.25 ਵਜੇ ਸ਼ੁਰੂ ਹੋਇਆ, ਜਿਸ ਵਿਚ ਪੰਜਾਬ ਭਰ ਤੋਂ ਪਹੁੰਚੇ ਡੈਲੀਗੇਟਾਂ ਨੇ ਆਪਣੀ ਜਾਣ-ਪਛਾਣ ਕਰਵਾਈ। ਪ੍ਰਸਿੱਧ ਤਰਕਸ਼ੀਲ ਜਾਦੂਗਰ ਅਮਰ ਇਕਬਾਲ ਨੇ ਆਪਣੇ ਜਾਦੂ ਦੇ ਟਰਿੱਕ ਪੇਸ਼ ਕਰਕੇ ਉਨ੍ਹਾਂ ਪਿੱਛੇ ਛੁਪੀ ਜਾਦੂ ਦੀ ਕਲਾ ਬਾਰੇ ਵਿਸਥਾਰ 'ਚ ਦੱਸਿਆ, ਰਾਜਾ ਰਾਮ ਹੰਢਿਆਇਆ ਅਤੇ ਲਖਵਿੰਦਰ ਹਾਲੀ ਜੀ ਨੇ ਵੀ ਜਾਦੂ ਰਾਹੀਂ ਹੱਥ ਦੀ ਸਫਾਈ ਦੇ ਗੁਰ ਦੱਸੇ, ਦੁਪਹਿਰ ਦੇ ਖਾਣੇ ਤੋਂ ਬਾਅਦ ਦੂਸਰਾ ਸੈਸ਼ਨ ਸ਼ੁਰੂ ਹੋਇਆ, ਜਿਸ ਵਿਚ ਸੁਰਜੀਤ ਤਲਵਾਰ ਅਤੇ ਰਾਜਾ ਰਾਮ ਹੰਢਿਆਇਆ ਨੇ ਹਿਪਨੋਟਿਜ਼ਮ ਬਾਰੇ ਵਿਸਥਾਰ 'ਚ ਦੱਸਿਆ ਅਤੇ ਕੁਝ ਪ੍ਰੈਕਟੀਕਲ ਤਜ਼ਰਬੇ ਵੀ ਕਰਕੇ ਦਿਖਾਏ।

ਦੂਸਰੇ ਸੈਸ਼ਨ ਵਿਚ ਸੰਵਿਧਾਨ ਦਾ ਪਰਚਾ ਪੜ੍ਹਨ ਤੋਂ ਪਹਿਲਾਂ ਪ੍ਰਧਾਨਗੀ ਮੰਡਲ ਬਣਾਇਆ ਗਿਆ, ਜਿਸ ਵਿਚ ਵਿਸ਼ਵਾ ਮਿੱਤਰ ਬੰਮੀ, ਸਰਜੀਤ ਤਲਵਾਰ, ਜਗਪਾਲ ਬਰਾੜ, ਜੁਗਰਾਜ ਟੱਲੇਵਾਲ, ਗੁਰਮੇਲ ਸਿੰਘ ਬੌਡੇ, ਡਾ. ਅਮਰਜੀਤ ਮਾਨ ਅਤੇ ਸੁਖਚੈਨ ਥਾਂਦੇਵਾਲ ਨੂੰ ਸ਼ਾਮਲ ਕੀਤਾ ਗਿਆ, ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦਾ ਸੰਵਿਧਾਨ ਅਤੇ ਐਲਾਨਨਾਮਾ ਰਾਜ ਕੁਮਾਰ ਮਹਿਤਪੁਰੀ ਨੇ ਪੜ੍ਹਿਆ। ਸੰਵਿਧਾਨ ਅਤੇ ਐਲਾਨਨਾਮਾ ਪੜ੍ਹਨ ਤੋਂ ਬਾਅਦ ਤਰਕਸ਼ੀਲ ਲਹਿਰ ਬਾਰੇ ਭਰਵੀਂ ਵਿਚਾਰ-ਚਰਚਾ ਹੋਈ, ਇਸ ਵਿਚਾਰ ਚਰਚਾ, ਵਿਚ ਜਾਤਪਾਤ, ਦਾਜ ਦਹੇਜ, ਹਵਾ ਪਾਣੀ ਦਾ ਪ੍ਰਦੂਸ਼ਿਤ ਹੋਣਾ, ਸੁਸਾਇਟੀ ਦਾ ਨਵੇਂ ਸੈਸ਼ਨ ਤੋਂ ਇਜਲਾਸ, ਔਰਤਾਂ, ਤਰਕਸ਼ੀਲ ਲਹਿਰ ਦੀ ਸੰਖੇਪ ਅਤੇ ਹਿਸਟਰੀ ਛਾਪਣ ਹੋਰ ਸਮਾਜਿਕ ਮੁੱਦਿਆਂ ਬਾਰੇ ਸਵਾਲ ਆਏ, ਜਿਨ੍ਹਾਂ ਦਾ ਜਵਾਬ ਬਾਅਦ ਵਿਚ ਤਰਕਸ਼ੀਲ ਲਹਿਰ ਦੇ ਮੋਢੀ ਮੇਘ ਰਾਜ ਮਿੱਤਰ ਜੀ ਨੇ ਦਿੱਤੇ ਅਤੇ ਇਹ ਵੀ ਤੈਅ ਕੀਤਾ ਗਿਆ ਕਿ ਹਰ ਇਲਾਕੇ ਵਿੱਚ ਘੱਟੋ-ਘੱਟ ਦੋ ਲਾਇਬ੍ਰੇਰੀਆਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਲੋਕਾਂ ਨੂੰ ਸਾਹਿਤ ਨਾਲ ਜੋੜਿਆ ਜਾ ਸਕੇ, ਸੁਸਾਇਟੀ ਦੇ ਮੈਂਬਰ ਵੱਲੋਂ ਘੱਟੋ-ਘੱਟ ਪੰਜ ਮੈਗਜ਼ੀਨ ਅਤੇ ਪੰਜ ਤਰਕਸ਼ੀਲ ਕਿਤਾਬਾਂ ਜ਼ਰੂਰ ਪੜ੍ਹੀਆਂ ਹੋਣੀਆਂ ਚਾਹੀਦੀਆਂ ਹਨ। ਹਰ ਜ਼ਿਲ੍ਹੇ ਵਿਚ ਲੋਕਾਂ ਦੇ ਤਰਕ ਦੇ ਆਧਾਰ ਤੇ ਕੇਸ ਹੱਲ ਕਰਨ ਲਈ ਘੱਟੋ ਘੱਟ ਦੋ ਦਿਨਾਂ ਦੀ ਵਰਕਸ਼ਾਪ ਦਾ ਪ੍ਰਬੰਧ ਕੀਤਾ ਜਾਵੇ ਸਾਰੇ ਸਾਥੀ ਆਪਣੇ ਮੋਬਾਇਲਾਂ 'ਤੇ ਤਰਕਸ਼ੀਲਾਂ ਨਾਲ ਸਬੰਧਤ ਟਿਊਨਾਂ ਲਗਾਉਣ, ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਤੋਂ ਬਾਅਦ ਪ੍ਰਕਾਸ਼ ਨੇ ਕੁਝ ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਹਾਲ ਵਿਚ ਬੈਠੇ ਡੈਲੀਗੇਟਾਂ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ ਅਤੇ ਮੰਗ ਕੀਤੀ :

### ਮਤੇ

1. ਜਿਹੜੇ ਸਾਧ ਸੰਤ ਲੋਕਾਂ ਨੂੰ ਚਮਤਕਾਰ ਦੇ ਨਾਂ 'ਤੇ ਗੁੰਮਰਾਹ ਕਰ ਰਹੇ ਹਨ, ਉਨ੍ਹਾਂ ਨੂੰ ਬੰਦ ਕਰਵਾਉਣ ਲਈ ਪੰਜਾਬ ਵਿਚ 'ਮੈਜ਼ਿਕ ਐਕਟ' ਲਾਗੂ ਕੀਤਾ ਜਾਵੇ।

2. ਬੱਚਿਆਂ ਦੇ ਮਾਹਿਰ ਡਾ. ਵਿਨਾਇਕ ਸੈਨ ਨੂੰ ਰਿਹਾਅ ਕੀਤਾ ਜਾਵੇ।

3. ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਕਾਲੇ ਕਾਨੂੰਨ ਤੁਰੰਤ ਰੱਦ ਕੀਤੇ ਜਾਣ।

4. ਕਿਰਨਜੀਤ ਕਾਂਡ ਵਿਰੋਧੀ ਐਕਸ਼ਨ ਕਮੇਟੀ ਦੇ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕੀਤੀ ਜਾਵੇ।

5. ਵਿਆਹ , ਸ਼ਾਦੀ ਅਤੇ ਮੰਗਣੇ, ਮਕਾਣਾਂ ਅਤੇ ਹੋਰ ਹਰ ਤਰ੍ਹਾਂ ਦੀ ਫਜ਼ੂਲ ਖਰਚੀ ਬੰਦ ਕੀਤੀ ਜਾਵੇ।

6. ਭਾਰਤ ਦੇ ਕੁਦਰਤੀ ਖਜ਼ਾਨਿਆਂ (ਹਵਾ, ਪਾਣੀ ਅਤੇ ਜ਼ਮੀਨ ਆਦਿ) ਨੂੰ ਬਚਾਉਣ ਲਈ ਹਰ ਕਿਸਮ ਦੇ ਉਪਰਾਲੇ ਕੀਤੇ ਜਾਣ।

7. ਮੇਘਰਾਜ ਰੱਲਾ ਉੱਤੇ ਸਿਆਸੀ ਸਹਿ ਤੇ ਦਰਜ ਕੀਤਾ ਝੂਠਾ ਚੋਵੀ, ਪੱਚੀ ਅਤੇ ਛੱਬੀ ਦਾ ਪਰਚਾ ਰੱਦ ਕੀਤਾ ਜਾਵੇ ਅਤੇ ਦੋਸ਼ੀਆਂ 'ਤੇ ਅਦਾਲਤੀ ਕਾਰਵਾਈ ਕੀਤੀ ਜਾਵੇ।

8. ਅੰਨਾ ਹਜ਼ਾਰੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਹਮਾਇਤ ਕੀਤੀ ਜਾਂਦੀ ਹੈ ਅਤੇ ਮੰਗ ਕੀਤੀ ਜਾਂਦੀ ਹੈ ਕਿ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਨੂੰ ਪ੍ਰਵਾਨਗੀ ਦਿੱਤੀ ਜਾਵੇ।

- ਗੁਰਮੇਲ ਮਾਛੀਕੇ

## ਡੈਲੀਗੇਟ ਇਜਲਾਸ 'ਚ ਚੁਣੀ ਗਈ ਸੂਬਾ ਕਮੇਟੀ

1. ਸਭਿਆਚਾਰਕ ਵਿਭਾਗ
   ਮੇਘ ਰਾਜ ਰੱਲਾ : 98558-30400
   ਗੁਰਪ੍ਰੀਤ ਮੱਲੋਕੇ : 98554-61726
2. ਕੌਮਾਂਤਰੀ ਵਿਭਾਗ
   ਰਾਜਾ ਰਾਮ ਹੰਢਿਆਇਆ : 98721-88762
3. ਕੌਮੀ ਵਿਭਾਗ
   ਸਵਰਨ ਭੁੱਲਰ : 99156-13498
   ਮਹਾਂਬੀਰ ਗਿੱਲ : 98155-92811
4. ਖੋਜ ਪੜਤਾਲ ਵਿਭਾਗ
   ਰਾਜ ਕੁਮਾਰ ਮਹਿਤਪੁਰੀ : 94171-31770
   ਅਮਰਜੀਤ ਢਿੱਲੋਂ ਦਬੜ੍ਹੀਖਾਨਾ : 94171-20427
5. ਲਾਇਬ੍ਰੇਰੀ ਵਿਭਾਗ
   ਸਰਜੀਤ ਤਲਵਾਰ : 94639-92620
6. ਜਥੇਬੰਦਕ ਵਿਭਾਗ
   ਮੇਘ ਰਾਜ ਮਿੱਤਰ : 98887-87440
7. ਮੀਡੀਆ ਵਿਭਾਗ
   ਗੁਰਮੇਲ ਮਾਛੀਕੇ : 98151-23781
8. ਸਲਾਹ ਮਸ਼ਵਰਾ ਅਤੇ ਸਿੱਖਿਆ ਵਿਭਾਗ
   ਲਖਵਿੰਦਰ ਹਾਲੀ : 98761-63421
9. ਵਿੱਤ ਵਿਭਾਗ
   ਪ੍ਰਕਾਸ਼ : 90419-38353